ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਜੁਲਾਈ-ਅਗਸਤ 2010 ● 10 ਰੁਪਏ



ਭੋਪਾਲ ਹੱਤਿਆ ਕਾਂਡ

ਗਰੀਬਾਂ ਨੂੰ ਨਿਗਲ਼ ਰਿਹਾ ਕੁਪੋਸ਼ਣ ਤੇ ਭੁੱਖਮਰੀ ਦਾ ਦੈਂਤ

ਹੱਸੇ ਤਾਂ ਫਸੇ !

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲਿਆਂ ਲਈ ਰੋਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੌਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੋਸ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

ਸਾਲ 4, ਬੁਲੇਟਿਨ 13
ਜੁਲਾਈ-ਅਗਸਤ 2010

ਸੰਪਾਦਕ
ਲਖਵਿੰਦਰ

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ,
ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 96461 50249
e-mail id— lalkaar08@rediffmail.com

ਇੱਕ ਕਾਪੀ ਦੀ ਕੀਮਤ ਦਸ ਰੁਪਏ **ਸਾਲਾਨਾ** ਸੱਠ ਰੁਪਏ (ਡਾਕ ਰਾਹੀਂ ਪਚੱਤਰ ਰੁਪਏ)

ਤੁਸੀਂ 'ਲਲਕਾਰ' ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। 'ਲਲਕਾਰ' ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।
lalkaar.wordpress.com

ਸੰਪਾਦਕੀ

ਲਲਕਾਰ ਦੇ ਤਿੰਨ ਸਾਲ

ਲੋਗ ਮਿਲਤੇ ਗਏ ਔਰ ਕਾਰਵਾਂ ਬਨਤਾ ਗਯਾ

ਪਾਠਕ ਸਾਥੀਓ, ਪਿਛਲੇ ਅੰਕ (ਅਪ੍ਰੈਲ-ਜੂਨ 2010) ਨਾਲ਼ ਲਲਕਾਰ ਨੇ ਆਪਣੇ ਤਿੰਨ ਸਾਲ ਪੂਰੇ ਕਰ ਲਏ ਹਨ। ਚੌਥੇ ਵਰ੍ਹੇ ਦੇ ਆਗਾਜ਼ ਦਾ ਪਲੇਠਾ ਅੰਕ ਤੁਹਾਡੇ ਹੱਥਾਂ ਵਿੱਚ ਹੈ। ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਵਰ੍ਹੇ ਦੌਰਾਨ 29 ਜੂਨ 2007 ਨੂੰ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਚੋਂ ਕੁਝ ਮੁੱਠੀ ਭਰ ਨੌਜਵਾਨ ਲੁਧਿਆਣਾ ਵਿਖੇ ਜੁੜੇ ਸਨ। ਇਹਨਾਂ ਨੌਜਵਾਨਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਵਿਦਿਆਰਥੀ-ਨੌਜਾਵਨਾਂ ਨੂੰ ਸੰਬੋਧਤ ਇੱਕ ਮੈਗਜ਼ੀਨ ਸ਼ੁਰੂ ਕਰਨ ਦੀ ਵਿਚਾਰ ਚਰਚਾ ਚੱਲਦੀ ਰਹਿੰਦੀ ਸੀ। ਇੱਕ ਅਜਿਹੀ ਮੈਗਜ਼ੀਨ ਜੋ ਨੌਜਵਾਨਾਂ ਮੂਹਰੇ ਦੇਸ਼-ਦੁਨੀਆਂ 'ਚ ਵਾਪਰਦੀਆਂ ਘਟਨਾਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਰੱਖੇ, ਉਹਨਾਂ ਵਿੱਚ ਉੱਚੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਪ੍ਰਚਾਰ ਪ੍ਰਸਾਰ ਕਰੇ ਉਹਨਾਂ ਨੂੰ ਆਪਣੀ ਮਹਾਨ ਵਿਰਾਸਤ ਨਾਲ਼ ਜੋੜੇ, ਉਹਨਾਂ ਨੂੰ ਕਿਰਤੀ ਲੋਕਾਂ ਦੀ ਮੁਕੰਮਲ ਮੁਕਤੀ ਦੇ ਮਹਾਨ ਕਾਰਜ ਨਾਲ਼ ਜੁੜਨ ਲਈ ਪ੍ਰੇਰਤ ਕਰੇ। ਅਜਿਹੇ ਮੈਗਜ਼ੀਨ ਦੀ ਜ਼ਰੂਰਤ ਪਿਛਲੇ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਪਰ ਇਸ ਮੈਗਜ਼ੀਨ ਨੂੰ ਲਗਾਤਾਰਤਾ ਨਾਲ਼ ਚਲਾ ਸਕਣ ਦਾ ਆਤਮ ਵਿਸ਼ਵਾਸ ਨਹੀਂ ਆ ਰਿਹਾ ਸੀ। ਕਿਉਂਕਿ ਇਹ ਸਭ ਨੌਜਵਾਨ ਵਿਦਿਆਰਥੀਆਂ-ਨੌਜਵਾਨਾਂ-ਮਜ਼ਦੂਰਾਂ ਨੂੰ ਜਗਾਉਣ-ਜਥੇਬੰਦ ਕਰਨ ਦੇ ਕੰਮ ਵਿੱਚ ਵੀ ਲੱਗੇ ਹੋਏ ਸਨ। ਇਸ ਗੱਲ ਦਾ ਆਤਮ ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਕੀ ਸਾਰੇ ਹੋਰ ਰੁਝੇਵਿਆਂ 'ਚੋਂ ਵਕਤ ਕੱਢ ਕੇ ਅਜਿਹੇ ਮੈਗਜ਼ੀਨ ਨੂੰ ਚਲਾਇਆ ਜਾ ਸਕਦਾ ਹੈ? ਆਖ਼ਰ 29 ਜੂਨ 2007 ਨੂੰ ਇਹਨਾਂ ਨੌਜਵਾਨਾਂ ਨੇ 'ਲਲਕਾਰ' ਨਾਂ ਦੇ ਤਿਮਾਹੀ ਮੈਗਜ਼ੀਨ ਦੀ ਸ਼ੁਰੂਆਤ ਕਰਨ ਦਾ ਫੈਸਲਾ ਲਿਆ ਅਤੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਇਸਦਾ ਪਲੇਠਾ ਅੰਕ (ਜੁਲਾਈ-ਸਤੰਬਰ 2007) ਪ੍ਰਕਾਸ਼ਤ ਹੋਇਆ। ਪੰਜਾਬ ਦੇ ਵਿਦਿਆਰਥੀ ਨੌਜਵਾਨਾਂ ਨੇ 'ਲਲਕਾਰ' ਦੀ ਆਮਦ ਦਾ ਭਰਪੂਰ ਸਵਾਗਤ ਕੀਤਾ। 'ਲਲਕਾਰ' ਲਈ ਨੌਜਵਾਨਾਂ ਦਾ ਹੁੰਗਾਰਾ ਸਾਡੀ ਉਮੀਦ ਤੋਂ ਕਿਤੇ ਜ਼ਿਆਦਾ ਸੀ। 'ਲਲਕਾਰ' ਦਾ ਪਲੇਠਾ ਅੰਕ ਹੱਥੋ-ਹੱਥ ਨਿਕਲ਼ ਗਿਆ ਅਤੇ ਇਸ ਨੂੰ ਦੁਬਾਰਾ ਛਪਵਾਉਣਾ ਪਿਆ।

ਜੁਲਾਈ 2007 ਤੋਂ ਲੈ ਕੇ 'ਲਲਕਾਰ' ਨੇ ਤਿੰਨ ਸਾਲਾਂ ਦਾ ਸਫ਼ਰ ਤੈਅ ਕੀਤਾ ਹੈ। ਅਨੇਕਾਂ ਮੁਸ਼ਕਲਾਂ ਨਾਲ਼ ਜੂਝਦੇ ਹੋਏ 'ਲਲਕਾਰ' ਨੇ ਆਪਣੀ ਲਗਾਤਾਰਤਾ ਬਣਾਈ ਰੱਖੀ ਹੈ। ਆਪਣੇ ਪਹਿਲੇ ਅੰਕ ਦੇ ਸੰਪਾਦਕੀ ਲੇਖ ਵਿੱਚ ਜਿਹੜੇ ਉਦੇਸ਼ਾਂ ਦਾ 'ਲਲਕਾਰ' ਨੇ ਐਲਾਨ ਕੀਤਾ ਸੀ ਉਹਨਾਂ ਉੱਪਰ ਖਰਾ ਉੱਤਰਨ ਦੀ ਕੋਸ਼ਿਸ਼ ਕੀਤੀ ਹੈ।

ਆਪਣੇ ਇਸ ਸਫ਼ਰ ਦੌਰਾਨ 'ਲਲਕਾਰ' ਦੇ ਇਰਦ-ਗਿਰਦ ਲੇਖਕਾਂ, ਅਨੁਵਾਦਕਾਂ, ਪਰੂਫ-ਰੀਡਰਾਂ, ਕੰਪੋਜ਼ੀਟਰਾਂ, ਵੰਡਾਵਿਆਂ ਦੇ ਰੂਪ ਵਿੱਚ ਸਮਰਪਤ ਨੌਜਵਾਨ ਵਲੰਟੀਅਰਾਂ ਦੀ ਇਕ ਟੀਮ ਤਿਆਰ ਹੋਈ ਹੈ, ਜਿਹਨਾਂ ਦੇ ਲੋਭ-ਲਾਲਚ, ਸਵਾਰਥ ਮੁਕਤ ਸਪਰਪਣ ਅਤੇ ਸਖ਼ਤ ਮਿਹਨਤ ਸਦਕਾ ਲਲਕਾਰ ਦਾ ਪ੍ਰਕਾਸ਼ਨ ਸੰਭਵ ਹੋ ਸਕਿਆ ਹੈ। ਇਹ ਲਲਕਾਰ ਦੀ ਇੱਕ ਅਹਿਮ ਪ੍ਰਾਪਤੀ ਹੈ।

ਇਸ ਸਮੇਂ ਦੌਰਾਨ 'ਲਲਕਾਰ' ਦੀ ਦੂਸਰੀ ਅਹਿਮ ਪ੍ਰਾਪਤੀ ਇਹ ਰਹੀ ਹੈ ਕਿ ਇਸ ਨੇ ਪੰਜਾਬੀ ਸਮਾਜ ਵਿੱਚ ਨਵੇਂ ਨੌਜਵਾਨ ਪਾਠਕਾਂ ਦਾ ਇਕ ਦਾਇਰਾ ਤਿਆਰ ਕੀਤਾ ਹੈ। ਲਲਕਾਰ ਦਾ ਪਾਠਕ ਵਰਗ ਪੰਜਾਬ ਦੀ ਰਵਾਇਤੀ ਖੱਬੀ ਲਹਿਰ 'ਚੋਂ ਨਹੀਂ ਹੈ। ਲਲਕਾਰ ਦੇ ਵੰਡਾਵਿਆਂ ਦਾ ਜ਼ੋਰ ਹਮੇਸ਼ਾਂ ਨਵੇਂ ਨੌਜਵਾਨਾਂ ਤੱਕ ਪਹੁੰਚ ਕਰਨ 'ਤੇ ਰਿਹਾ ਹੈ।

29 ਜੂਨ 2007 ਨੂੰ ਜਿਹੜੇ ਨੌਜਵਾਨ 'ਲਲਕਾਰ' ਦੀ ਸ਼ੁਰੂਆਤ ਕਰਨ ਲਈ ਇਕੱਠੇ ਹੋਏ ਸਨ, ਉਹਨਾਂ ਵਿੱਚ ਕੁਝ ਇਸ ਕਾਫਲੇ ਤੋਂ ਅਲੱਗ ਹੋ ਗਏ। ਕੁਝ ਦੀ ਇਸ ਧਰਤੀ ਤੇ ਇੱਕ ਲੁੱਟ-ਜ਼ਬਰ ਤੋਂ ਮੁਕਤ ਸੰਸਾਰ ਦੀ ਉਸਾਰੀ ਵਿੱਚ ਨਿਹਚਾ ਹੀ ਡੋਲ ਗਈ। ਇਹਨਾਂ ਦੀ ਕੁੱਲ ਗਿਣਤੀ ਤਿੰਨ ਕੁ ਬਣਦੀ ਹੈ। ਪਰ ਇਸੇ ਸਮੇਂ ਨੌਜਵਾਨਾਂ ਮੁੰਡੇ-ਕੁੜੀਆਂ ਦੇ ਨਵੇਂ ਪੂਰ ਸਾਡੇ ਕਾਫ਼ਲੇ ਵਿੱਚ ਸ਼ਾਮਿਲ ਹੋ ਗਏ।

25 ਅਪ੍ਰੈਲ 2010 ਨੂੰ ਕੋਈ ਤਿੰਨ ਦਰਜਨ ਮੁੰਡੇ ਕੁੜੀਆਂ, ਜੋ ਕਿ 'ਲਲਕਾਰ' ਦੇ ਲੇਖਕਾਂ, ਅਨੁਵਾਦਕਾਂ, ਕੰਪੋਜ਼ੀਟਰਾਂ, ਪਰੂਫ-ਰੀਡਰਾਂ ਅਤੇ ਵੰਡਾਵਿਆਂ ਦੇ ਰੂਪ ਵਿੱਚ ਭੂਮਿਕਾ ਨਿਭਾਉਂਦੇ ਆ ਰਹੇ ਹਨ, ਲੁਧਿਆਣਾ ਵਿੱਚ ਮੁੜ ਇਕੱਠੇ ਹੋਏ। ਨੌਜਵਾਨ ਦੀ ਇਹ ਗਿਣਤੀ ਲਲਕਾਰ ਦੀ ਸ਼ੁਰੂਆਤ ਕਰਨ ਵਾਲੇ ਸਾਥੀਆਂ ਤੋਂ ਲਗਭਗ ਤਿੰਨ ਗੁਣਾ ਵਧੇਰੇ ਸੀ। ਇਸ ਮੀਟਿੰਗ ਵਿੱਚ 'ਲਲਕਾਰ' ਦੀਆਂ ਘਾਟਾਂ, ਕਮਜ਼ੋਰੀਆਂ, ਪ੍ਰਾਪਤੀਆਂ, 'ਲਲਕਾਰ' ਦੇ ਤੱਤ ਅਤੇ ਦਿੱਖ ਨੂੰ ਹੋਰ ਨਿਖ਼ਾਰਨ ਸਬੰਧੀ ਭਰਵੀਂ ਵਿਚਾਰ ਚਰਚਾ ਹੋਈ। ਇਹ ਮਹਿਸੂਸ ਕੀਤਾ ਗਿਆ ਕਿ ਮੈਗਜ਼ੀਨ ਦੇ ਤਿਮਾਹੀ ਹੋਣ ਕਾਰਨ ਕਈ ਮਸਲੇ ਜਿਹਨਾਂ ਉੱਪਰ ਲਿਖਿਆ ਜਾਣਾ ਜ਼ਰੂਰੀ ਹੁੰਦਾ ਹੈ ਖੁੰਝ ਜਾਂਦੇ ਹਨ, ਕਿਉਂਕਿ 'ਲਲਕਾਰ' ਦੇ ਛਪਣ ਤੱਕ ਪੁਰਾਣੇ ਹੋ ਜਾਂਦੇ ਹਨ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਇਸ ਅੰਕ ਤੋਂ, ਜੋ ਹੁਣ ਤੁਹਾਡੇ ਹੱਥਾਂ ਵਿੱਚ ਹੈ, ਲਲਕਾਰ ਨੂੰ ਦੋ ਮਾਸਿਕ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ ਜੇਕਰ ਅਸੀਂ ਸਫ਼ਲਤਾ ਪੂਰਵਕ ਮੈਗਜ਼ੀਨ ਦੇ ਦੋ-ਮਾਸਿਕ ਪ੍ਰਕਾਸ਼ਨ ਵਿੱਚ ਕਾਮਯਾਬ ਹੁੰਦੇ ਹਾਂ ਤਾਂ ਜਲਦੀ ਹੀ ਇਸ ਨੂੰ ਮਾਸਿਕ ਕੀਤਾ ਜਾਵੇਗਾ।

ਭਾਵੇਂ ਇਸ ਸਮੇਂ ਦੌਰਾਨ ਅਸੀਂ ਕੁਝ ਅਹਿਮ ਪ੍ਰਾਪਤੀਆਂ ਕੀਤੀਆਂ ਹਨ, ਪਰ ਸਾਡਾ ਇਕ ਕਮਜ਼ੋਰ ਪੱਖ ਇਹ ਰਿਹਾ ਹੈ ਕਿ

(ਬਾਕੀ ਪੰਨਾ 4 'ਤੇ)

ਭੋਪਾਲ ਹੱਤਿਆ ਕਾਂਡ

ਕਟਹਿਰੇ 'ਚ ਹੈ ਪੂਰਾ ਪੂੰਜੀਵਾਦੀ ਢਾਂਚਾ

ਭੋਪਾਲ 'ਤੇ ਅਦਾਲਤੀ ਫੈਸਲੇ ਨੇ ਆਦਮਖੋਰ, ਮੁਨਾਫ਼ਾਖੋਰ ਢਾਂਚੇ, ਪੂੰਜੀਵਾਦੀ ਸਿਆਸਤ ਅਤੇ ਪੂੰਜੀਵਾਦੀ ਨਿਆਂ ਨੂੰ ਨੰਗਾ ਕਰ ਦਿੱਤਾ ਹੈ

ਭੋਪਾਲ ਗੈਸ ਦੁਰਘਟਨਾ 'ਤੇ ਪਿਛਲੀ 7 ਜੂਨ ਨੂੰ ਆਏ ਅਦਾਲਤ ਦੇ ਫੈਸਲੇ ਨੇ ਪੂੰਜੀਵਾਦੀ ਨਿਆਂ ਦੀ ਪੋਲ ਤਾਂ ਖੋਲ੍ਹੀ ਹੀ ਹੈ, ਇਸ ਮਗਰੋਂ ਮੀਡੀਆ ਜ਼ਰੀਏ ਸ਼ੁਰੂ ਹੋਏ ਭਾਂਡਾਂ ਭੰਨਣ ਅਤੇ ਇੱਕ ਦੂਜੇ 'ਤੇ ਇਲਜ਼ਾਮ ਲਾਉਣ ਦੇ ਸਿਲਸਿਲੇ ਨੇ ਪੂਰੇ ਪੂੰਜੀਵਾਦੀ ਢਾਂਚੇ ਦੇ ਆਦਮਖੋਰ ਚਰਿੱਤਰ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ। ਘੱਟ ਤੋਂ ਘੱਟ 20,000 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਪੌਣੇ ਛੇ ਲੱਖ ਲੋਕਾਂ ਨੂੰ ਅਪਾਹਜ ਅਤੇ ਘਾਤਕ ਬਿਮਾਰੀਆਂ ਨਾਲ਼ ਗ੍ਰਸਤ ਬਣਾ ਦੇਣ ਵਾਲੀ ਇਸ ਭਿਆਨਕ ਦੁਰਘਟਨਾ ਲਈ ਜ਼ਿੰਮੇਵਾਰ ਯੂਨੀਅਨ ਕਾਰਬਾਈਡ ਦੇ 8 ਸਰਮਾਏਦਾਰਾਂ ਨੂੰ ਭੋਪਾਲ ਦੀ ਇੱਕ ਅਦਾਲਤ ਨੇ ਮਹਿਜ਼ ਦੋ-ਦੋ ਵਰ੍ਹੇ ਦੀ ਸਜ਼ਾ ਸੁਣਾ ਕੇ ਛੱਡ ਦਿੱਤਾ। ਇੰਨਾ ਹੀ ਨਹੀਂ, ਦੋ ਘੰਟਿਆਂ ਅੰਦਰ ਹੀ ਉਹਨਾਂ ਦੀ ਜ਼ਮਾਨਤ ਵੀ ਹੋ ਗਈ ਅਤੇ ਉਹ ਹੱਸਦੇ ਹੋਏ ਘਰ ਚਲੇ ਗਏ।

ਦਰਅਸਲ, ਇਨਸਾਫ਼ ਦੇ ਨਾਂ 'ਤੇ ਇਸ ਕੋਝੇ ਮਜ਼ਾਕ ਦੀ ਬੁਨਿਆਦ ਤਾਂ 14 ਸਾਲ ਪਹਿਲਾਂ ਹੀ ਰੱਖ ਦਿੱਤੀ ਗਈ ਸੀ ਜਦੋਂ 1996 'ਚ ਭਾਰਤ ਦੇ ਸਾਬਕਾ ਮੁੱਖ ਜੱਜ ਜਸਟਿਸ ਅਹਮਦੀ ਨੇ ਯੂਨੀਅਨ ਕਾਰਬਾਈਡ ਖ਼ਿਲਾਫ਼ ਇਲਜ਼ਾਮਾਂ ਨੂੰ ਬੇਹੱਦ ਹਲਕਾ ਬਣਾ ਦਿੱਤਾ ਸੀ। ਇਸ "ਸੇਵਾ" ਬਦਲੇ ਉਹਨਾਂ ਨੂੰ ਯੂਨੀਅਨ ਕਾਰਬਾਈਡ ਦੇ ਪੈਸੇ ਨਾਲ਼ ਭੋਪਾਲ ਗੈਸ ਪੀੜਤਾਂ ਦੇ ਨਾਂ 'ਤੇ ਬਣੇ ਟਰੱਸਟ ਦਾ ਆਜੀਵਨ ਅਹੁਦੇਦਾਰ ਬਣਾ ਕੇ ਸਨਮਾਨਿਤ ਕੀਤਾ ਗਿਆ। ਅੱਜ ਜਸਟਿਸ ਅਹਮਦੀ ਕੁਤਰਕ ਕਰ ਰਹੇ ਹਨ ਕਿ ਕਾਨੂੰਨੀ ਦਾਇਰੇ ਅੰਦਰ ਉਹਨਾਂ ਕੋਲ ਕੋਈ ਬਦਲ ਹੀ ਨਹੀਂ ਸੀ। ਉਹ ਭਾਰਤ ਦੇ ਮੁੱਖ ਜੱਜ ਸਨ, ਕੀ ਉਹਨਾਂ ਨੂੰ ਇੰਨੀ ਮੋਟੀ-ਜਿਹੀ ਗੱਲ ਸਮਝ ਨਹੀਂ ਆ ਰਹੀ ਸੀ ਕਿ ਦੁਨੀਆਂ ਦੀ ਸਭ ਤੋਂ ਵੱਡੀ ਸਨਅਤੀ ਦੁਰਘਟਨਾ ਦੇ ਦੋਸ਼ੀਆਂ 'ਤੇ ਮਾਮੂਲੀ ਮੋਟਰ ਦੁਰਘਟਨਾ 'ਤੇ ਲਾਗੂ ਹੋਣ ਵਾਲੇ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਨਾ ਕਾਨੂੰਨ ਦਾ ਹੀ ਮਜ਼ਾਕ ਹੈ? ਇਸ ਕਾਨੂੰਨ 'ਚ ਦੋ ਵਰ੍ਹੇ ਤੋਂ ਵੱਧ ਦੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ ਹੈ। ਜੇਕਰ ਉਹ ਚਾਹੁੰਦੇ ਤਾਂ ਦੇਸ਼ ਦੀ ਸੰਸਦ ਨੂੰ ਅਜਿਹੇ ਮਾਮਲਿਆਂ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਸਲਾਹ ਦੇ ਸਕਦੇ ਸਨ। ਸਰਕਾਰ ਦੀ ਨੀਅਤ ਜੇਕਰ ਸਾਫ਼ ਹੁੰਦੀ ਤਾਂ ਉਹ 1984 ਮਗਰੋਂ ਹੀ ਜਲਦੀ ਤੋਂ ਜਲਦੀ ਵਿਸ਼ੇਸ਼ ਆਰਡੀਨੈਂਸ ਲਿਆ ਕੇ ਭੋਪਾਲ ਦੇ ਕਾਤਲਾਂ 'ਤੇ ਕਠੋਰ ਕਾਰਵਾਈ ਕਰ ਸਕਦੀ ਸੀ। ਉਲਟਾ, ਪੈਰ-ਪੈਰ 'ਤੇ ਮੁਕੱਦਮੇ ਨੂੰ ਕਮਜ਼ੋਰ ਕੀਤਾ ਜਾਂਦਾ ਰਿਹਾ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੀ ਸੀ. ਬੀ. ਆਈ. ਨੇ ਮੁਕੱਦਮੇ ਦੀ ਪੈਰਵੀ ਤੋਂ ਲੈ ਕੇ ਯੂਨੀਅਨ ਕਾਰਬਾਈਡ ਦੇ ਅਮਰੀਕੀ ਮੁਖੀ ਵਾਰੇਨ ਐਂਡਰਸਨ ਨੂੰ ਭਾਰਤ ਲਿਆਉਣ ਤੱਕ ਸਪੱਸ਼ਟ ਤੌਰ 'ਤੇ ਜਾਣ ਬੁੱਝ ਕੇ ਢਿੱਲ ਵਰਤੀ।

ਲੋਕਾਂ ਦੇ ਸੱਚੇ ਪ੍ਰਤੀਨਿਧੀਆਂ ਦੀ ਕੋਈ ਸਰਕਾਰ ਅਜਿਹਾ ਭੀਸ਼ਣ ਹੱਤਿਆ ਕਾਂਡ ਰਚਣ ਵਾਲੀ ਕੰਪਨੀ ਦੀ ਦੇਸ਼ 'ਚ ਸਾਰੀ ਸੰਪਤੀ ਨੂੰ ਫੌਰੀ ਤੌਰ 'ਤੇ ਜ਼ਬਤ ਕਰ ਲੈਂਦੀ। ਹੋਣਾ ਤਾਂ ਇਹ ਚਾਹੀਦਾ ਸੀ ਕਿ ਯੂਨੀਅਨ ਕਾਰਬਾਈਡ ਜੇਕਰ ਭਾਰੀ ਹਰਜ਼ਾਨਾ ਦੇਣ 'ਚ ਆਨਾ-ਕਾਨੀ ਕਰਦੀ ਤਾਂ ਉਸਦੀ ਸੰਪਤੀ ਨੂੰ ਵੇਚ ਕੇ ਇਹ ਧਨ ਉਗਰਾਹਿਆ ਜਾਂਦਾ ਅਤੇ ਗੈਸ ਪੀੜਤਾਂ ਨੂੰ ਮੁਆਵਜ਼ੇ, ਉਹਨਾਂ ਦੇ ਇਲਾਜ ਅਤੇ ਮੁੜ ਵਸੇਬੇ ਅਤੇ ਭੋਪਾਲ ਦੀ ਮਿੱਟੀ ਪਾਣੀ 'ਚ ਫੈਲੇ ਜ਼ਹਿਰ ਦੀ ਸਫ਼ਾਈ ਦਾ ਬੰਦੋਬਸਤ ਕੀਤਾ ਜਾਂਦਾ। ਪਰ ਇਹ ਤਾਂ ਦੂਰ ਦੀ ਗੱਲ ਹੈ, ਭਾਰਤ ਸਰਕਾਰ ਨੇ ਕਈ ਵਰ੍ਹਿਆਂ ਮਗਰੋਂ ਕੰਪਨੀ ਨਾਲ਼ ਇੱਕ ਸ਼ਰਮਨਾਕ ਸਮਝੌਤਾ ਕੀਤਾ ਜਿਸ ਤਹਿਤ ਉਸਨੇ ਸਿਰਫ਼ 47 ਕਰੋੜ ਡਾਲਰ ਦੇ ਕੇ ਭੋਪਾਲ ਪ੍ਰਤੀ ਆਪਣੀ ਜ਼ਿੰਮੇਦਾਰੀ ਤੋਂ ਪੱਲਾ ਝਾੜ ਲਿਆ। ਦੁਨੀਆਂ 'ਚ ਸ਼ਾਇਦ ਪਹਿਲੀ ਵਾਰੀ ਅਜਿਹਾ ਹੋਇਆ ਹੋਵੇਗਾ ਕਿ ਕਿਸੇ ਅਪਰਾਧੀ 'ਤੇ ਜ਼ੁਰਮਾਨੇ ਦੀ ਰਕਮ ਉਸਦੀ ਮਰਜ਼ੀ ਨਾਲ਼ ਤੈਅ ਕੀਤੀ ਗਈ ਹੋਵੇ।

ਬੱਸ ਇੰਨਾ ਹੀ ਨਹੀਂ, ਭੋਪਾਲ 'ਚ ਕਾਰਬਾਈਡ ਦੇ ਖ਼ੂਨੀ ਕਾਰਖਾਨੇ 'ਚ ਅੱਜ ਵੀ ਹਜ਼ਾਰਾਂ ਟਨ ਜ਼ਹਿਰੀਲਾ ਕਚਰਾ ਪਿਆ ਹੈ ਜਿਸ ਦੀ ਸਫਾਈ 'ਤੇ ਹੀ ਅਰਬਾਂ ਰੁਪਏ ਦਾ ਖਰਚਾ ਆਵੇਗਾ। ਪਹਿਲਾਂ ਕਾਰਬਾਈਡ ਅਤੇ ਫਿਰ ਉਸ ਨੂੰ ਖਰੀਦਣ ਵਾਲੀ ਹਾਉ ਕੈਮੀਕਲਜ਼ ਨਾਂ ਦੀ ਅਮਰੀਕੀ ਕੰਪਨੀ ਲਗਾਤਾਰ ਇਸ ਦੀ ਜ਼ਿੰਮੇਦਾਰੀ ਲੈਣ ਤੋਂ ਮਨ੍ਹਾ ਕਰਦੀ ਰਹੀ ਹੈ। ਭਾਰਤ ਸਰਕਾਰ ਨੇ ਕਈ ਵਰ੍ਹੇ ਦੱਬੀ ਜ਼ੁਬਾਨੋਂ ਇਸ ਕੰਮ ਲਈ 100 ਕਰੋੜ ਰੁਪਏ ਦੀ ਮੰਗ ਤਾਂ ਕੀਤੀ, ਪਰ ਕਦੇ ਇਸ 'ਤੇ ਗੱਲ ਨਹੀਂ ਕੀਤੀ। ਨਾਲੇ ਹੁਣ ਇਹ ਗੱਲ ਵੀ ਸਾਹਮਣੇ ਆ ਗਈ ਹੈ ਕਿ ਸਰਕਾਰ ਨੇ ਹਾਉ ਕੈਮੀਕਲਜ਼ ਨੂੰ ਭਰੋਸਾ ਦਿਵਾਇਆ ਸੀ ਕਿ ਭਾਰਤ 'ਚ ਨਿਵੇਸ਼ ਬਦਲੇ ਉਸ ਨੂੰ ਇਸ ਜ਼ਿੰਮੇਵਾਰੀ ਤੋਂ ਬਰੀ ਕਰ ਦਿੱਤਾ ਜਾਵੇਗਾ। ਯਾਣੀ ਕਾਰਬਾਈਡ ਦੇ ਜ਼ਹਿਰੀਲੇ ਕਚਰੇ ਦੀ ਸਫ਼ਾਈ ਵੀ ਸਰਕਾਰੀ ਪੈਸੇ ਨਾਲ, ਗਰੀਬਾਂ ਦੀ ਜੇਬ੍ਹ ਤੋਂ ਖਸੋਟੇ ਗਏ ਪੈਸੇ ਨਾਲ ਕੀਤੀ ਜਾਵੇਗੀ। ਸਰਕਾਰ ਦੀ ਨਜ਼ਰ ਤਾਂ ਹਾਉ ਜਿਹੀ ਦੈਂਤ ਅਕਾਰੀ ਰਸਾਇਣਕ ਕੰਪਨੀਆਂ ਦੁਆਰਾ ਭਾਰਤ 'ਚ 70,000 ਕਰੋੜ ਰੁਪਏ ਦੀ ਸੰਭਾਵਿਤ ਪੂੰਜੀ ਨਿਵੇਸ਼ 'ਤੇ ਟਿਕੀ ਹੈ। ਹਰਜ਼ਾਨੇ ਦੀ ਮੰਗ ਕਰਕੇ ਉਹਨਾਂ ਨੂੰ ਨਾਰਾਜ਼ ਕਰਨ ਦਾ ਜ਼ੋਖ਼ਿਮ ਭਲਾ ਉਹ ਕਿਉਂ ਚੁੱਕੇਗੀ? ਦਰਅਸਲ ਇਹ ਸਾਰੀ ਖੇਡ ਹੀ ਪੂੰਜੀ ਦੀ ਹੈ। ਇਸ ਲਈ ਆਪਣੇ ਲੋਕਾਂ ਦੇ ਕਾਤਲਾਂ ਅੱਗੇ ਨੱਕ ਰਗੜਨ 'ਚ ਸਰਕਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੈ।

ਕਾਰਬਾਈਡ ਦੇ ਮੁਖੀ ਵਾਰੇਨ ਐਂਡਰਸਨ ਨੂੰ ਭਾਰਤ ਤੋਂ ਭਜਾਉਣ ਦੇ ਮਾਮਲੇ 'ਚ ਤਤਕਾਲੀ ਸਰਕਾਰਾਂ ਨੇ ਜਿਸ ਬੇਸ਼ਰਮੀ ਦਾ ਸਬੂਤ ਦਿੱਤਾ ਉਸ 'ਤੇ ਨਫ਼ਰਤ ਨਾਲ਼ ਥੁੱਕਿਆ ਹੀ ਜਾ ਸਕਦਾ ਹੈ। ਜਿਸ ਸਮੇਂ ਭੋਪਾਲ 'ਚ ਲਾਸ਼ਾਂ ਦੇ ਢੇਰ ਲੱਗੇ ਸਨ ਅਤੇ ਹਜ਼ਾਰਾਂ ਫੱਟੜ ਅਤੇ ਅਪਾਹਜ ਲੋਕਾਂ ਨਾਲ਼ ਸ਼ਹਿਰ ਦੇ ਹਸਪਤਾਲ ਲੱਦੇ ਪਏ ਸਨ, ਉਸੇ ਸਮੇਂ ਰਾਜ ਦੀ ਸਰਕਾਰ ਇਸ ਕਾਤਲ ਨੂੰ ਗ੍ਰਿਫ਼ਤਾਰ ਕਰ

ਲੈਣ ਦੀ "ਗਲਤੀ' ਦਾ ਪਛਤਾਵਾ ਕਰਨ ਅਤੇ ਉਸ ਨੂੰ ਆਦਰ-ਸਤਿਕਾਰ ਸਹਿਤ ਅਮਰੀਕਾ ਭੇਜਣ 'ਚ ਲੱਗੀ ਹੋਈ ਸੀ। ਐਂਡਰਸਨ ਨੂੰ ਭੋਪਾਲ ਪਹੁੰਚਦੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਛੇ ਘੰਟੇ 'ਚ ਹੀ ਉਸ ਦੀ ਨਾ ਸਿਰਫ਼ ਜ਼ਮਾਨਤ ਹੋ ਗਈ, ਸਗੋਂ ਸਰਕਾਰ ਦੇ ਵਿਸ਼ੇਸ਼ ਹਵਾਈ ਜਹਾਜ਼ ਨਾਲ਼ ਉਸ ਨੂੰ ਦਿੱਲੀ ਲੈ ਜਾਇਆ ਗਿਆ ਜਿੱਥੋਂ ਉਹ ਉਸੇ ਦਿਨ ਅਮਰੀਕਾ ਭੱਜ ਗਿਆ। ਉਸ ਮਗਰੋਂ ਉਹ ਕਦੇ ਅਦਾਲਤ ਵਿੱਚ ਹਾਜ਼ਰ ਹੀ ਨਹੀਂ ਹੋਇਆ। ਉਸ ਸਮੇਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਅਰਜੁਨ ਸਿੰਘ ਹੁਣ ਕਹਿ ਰਹੇ ਹਨ ਕਿ ਭੋਪਾਲ 'ਚ ਕਾਨੂੰਨ-ਪ੍ਰਣਾਲੀ ਬਣਾਈ ਰੱਖਣ ਲਈ ਅਜਿਹਾ ਕਰਨਾ ਜ਼ਰੂਰੀ ਸੀ, ਨਹੀਂ ਤਾਂ ਲੋਕਾਂ ਦਾ ਗੁੱਸਾ ਭੜਕ ਜਾਂਦਾ। ਵਿੱਤ ਮੰਤਰੀ ਪ੍ਰਣਬ ਮੁਖਰਜੀ ਵੀ ਅਜਿਹੀ ਹੀ ਗੱਲ ਕਹਿ ਰਹੇ ਸਨ। ਪੂੰਜੀ ਦੇ ਇਹਨਾਂ ਬੇਸ਼ਰਮ ਚਾਕਰਾਂ ਤੋਂ ਕੋਈ ਇਹ ਪੁੱਛੇ ਕਿ ਜੇਕਰ ਉਸ ਨੂੰ ਭੋਪਾਲ ਤੋਂ ਬਾਹਰ ਲੈ ਜਾਣਾ ਜ਼ਰੂਰੀ ਵੀ ਸੀ, ਤਾਂ ਮੁਲਕ ਤੋਂ ਬਾਹਰ ਕਿਉਂ ਜਾਣ ਦਿੱਤਾ ਗਿਆ? ਉਝ ਹੁਣ ਇਹ ਸੱਚਾਈ ਵੀ ਉਜਾਗਰ ਹੋ ਚੁੱਕੀ ਹੈ ਕਿ ਐਂਡਰਸਨ ਨੂੰ ਪਹਿਲਾਂ ਹੀ ਭਰੋਸਾ ਦਿਵਾ ਦਿੱਤਾ ਗਿਆ ਸੀ ਕਿ ਉਸ ਨੂੰ ਸੁਰੱਖਿਅਤ ਵਾਪਸ ਜਾਣ ਦਿੱਤਾ ਜਾਵੇਗਾ। ਜ਼ਾਹਿਰ ਹੈ, ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਮਰਜ਼ੀ ਤੋਂ ਬਿਨਾਂ ਅਜਿਹਾ ਮੁਮਕਿਨ ਨਹੀਂ ਸੀ। ਅੱਜ ਰਾਜੀਵ ਗਾਂਧੀ ਦਾ ਨਾਮ ਆਉਂਦੇ ਹੀ ਕਾਂਗਰਸ ਦੀ ਪੂਰੀ ਚਮਚਾ ਮੰਡਲੀ ਸਫ਼ਾਈ ਦੇਣ 'ਚ ਜੁੱਟ ਗਈ ਹੈ। ਪਰ ਇੱਥੇ ਸਵਾਲ ਵਿਅਕਤੀਆਂ ਦਾ ਹੈ ਹੀ ਨਹੀਂ। ਪੂੰਜੀਵਾਦੀ ਸਰਕਾਰ ਪੂੰਜੀਵਾਦੀ ਜਮਾਤ ਦੀ ਮੈਨੇਜਿੰਗ ਕਮੇਟੀ ਹੁੰਦੀ ਹੈ ਅਤੇ ਸਰਮਾਏਦਾਰਾਂ ਅਤੇ ਉਹਨਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਉਹਨਾਂ ਦਾ ਪਰਮ ਧਰਮ ਹੁੰਦਾ ਹੈ। ਅਮਰੀਕੀ ਸੱਤ੍ਹਾ ਅਮਰੀਕੀ ਪੂੰਜੀ ਦੀ ਪ੍ਰਤੀਨਿਧੀ ਹੈ ਅਤੇ ਉਸਨੇ ਐਂਡਰਸਨ ਦੀ ਰਿਹਾਈ ਲਈ ਦਬਾਅ ਪਾਇਆ ਅਤੇ ਭਾਰਤੀ ਪੂੰਜੀ ਦੇ ਪ੍ਰਤੀਨਿਧੀਆਂ ਦੀ ਕੀ ਮਜ਼ਾਲ ਸੀ, ਜਿਹੜੇ ਲੁੱਟ ਦੀ ਖੇਡ ਦੇ ਆਪਣੇ ਸੀਨੀਅਰ ਪਾਰਟਨਰ ਦੀ ਗੱਲ ਨਾ ਮੰਨਦੇ?

ਨਾਲੇ ਗੱਲ ਬੱਸ ਐਂਡਰਸਨ ਦੀ ਨਹੀਂ ਹੈ। ਕਾਰਬਾਈਡ ਦੀ ਭਾਰਤੀ ਸਬਸਿਡਅਰੀ ਦੇ ਪ੍ਰਮੁੱਖ ਕੇਸ਼ਵ ਮਹਿੰਦਰਾ ਸਮੇਤ ਵੱਡੇ ਅਧਿਕਾਰੀ ਕਠੋਰਤਮ ਸਜ਼ਾ ਦੇ ਹੱਕਦਾਰ ਸਨ। ਪਰ ਉਹਨਾਂ ਨੂੰ ਬਚਾਉਣ ਲਈ ਭਾਰਤ ਦਾ ਪੂਰਾ ਤੰਤਰ ਤਨ-ਮਨ ਨਾਲ਼ ਲੱਗਿਆ ਹੋਇਆ ਸੀ।

ਅੱਜ ਬਹੁਤੇ ਲੋਕਾਂ ਨੂੰ ਠੀਕ ਤਰ੍ਹਾਂ ਪਤਾ ਨਹੀਂ ਹੈ ਕਿ 2 ਦਸੰਬਰ, 1984 ਦੀ ਉਸ ਭਿਆਨਕ ਰਾਤ ਨੂੰ ਕੀ ਹੋਇਆ ਸੀ ਅਤੇ ਕਿਉਂ ਹੋਇਆ ਸੀ। ਉਸ ਨੂੰ ਜਾਣਨ ਮਗਰੋਂ ਬਿਲਕੁੱਲ ਸਾਫ਼ ਹੋ ਜਾਂਦਾ ਹੈ ਕਿ ਇਹ ਮਹਿਜ਼ ਇੱਕ ਦੁਰਘਟਨਾ ਨਹੀਂ ਸੀ, ਮੁਨਾਫ਼ੇ ਦੀ ਅੰਨ੍ਹੀ ਹਵਸ ਹੱਥੋਂ ਹੋਈਆਂ ਠੰਡੀਆਂ ਹੱਤਿਆਵਾਂ ਸਨ।

ਅੱਜ ਤੋਂ 26 ਸਾਲ ਪਹਿਲਾਂ 2 ਦਸੰਬਰ 1984 ਦੀ ਰਾਤ ਨੂੰ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦੀ ਭੋਪਾਲ ਸਥਿਤ ਕੀਟਨਾਸ਼ਕ ਫੈਕਟਰੀ ਤੋਂ ਨਿਕਲੀਆਂ ਚਾਲੀ ਟਨ ਜ਼ਹਿਰੀਲੀਆਂ ਗੈਸਾਂ ਨੇ ਹਜ਼ਾਰਾਂ ਸੁੱਤੇ ਹੋਏ ਲੋਕਾਂ ਦਾ ਕਤਲੇਆਮ ਕੀਤਾ ਸੀ। ਉਸ ਦਿਨ ਕਰੀਬ ਸਾਢੇ ਗਿਆਰਾਂ ਵਜੇ ਰਾਤ ਨੂੰ ਕਾਰਖਾਨੇ ਤੋਂ ਗੈਸ ਦਾ ਰਿਸਣਾ ਸ਼ੁਰੂ ਹੋਇਆ। ਫੈਕਟਰੀ ਦੇ ਚਾਰੇ ਪਾਸਿਆਂ ਅਤੇ ਕਿਰਤੀ ਲੋਕਾਂ ਦੀਆਂ ਬਸਤੀਆਂ 'ਚ ਦਿਨ ਭਰ ਦੀ ਮਿਹਨਤ ਨਾਲ ਥੱਕੇ ਲੋਕ ਸੌਂ ਰਹੇ ਸਨ। ਵੇਖਦੇ ਹੀ ਵੇਖਦੇ 40,000 ਕਿਲੋ ਜ਼ਹਿਰੀਲੀਆਂ ਗੈਸਾਂ ਦੇ ਬੱਦਲਾਂ ਨੇ ਭੋਪਾਲ ਸ਼ਹਿਰ ਦੇ 36 ਵਾਰਡਾਂ ਨੂੰ ਢੱਕ ਲਿਆ। ਇਨ੍ਹਾਂ 'ਚ ਸਭ ਤੋਂ ਵੱਧ ਮਿਕਦਾਰ 'ਚ ਸੀ ਦੁਨੀਆਂ ਦੀਆਂ ਸਭ ਤੋਂ ਜ਼ਹਿਰੀਲੀਆਂ ਗੈਸਾਂ 'ਚੋਂ ਇੱਕ ਮਿਥਾਇਲ ਆਇਸੋਸਾਇਨੇਟ ਯਾਣੀ ਐਮ. ਆਈ. ਸੀ. ਗੈਸ। ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਚੰਦ ਪਲਾਂ ਅੰਦਰ ਹੀ ਸੈਂਕੜੇ ਲੋਕਾਂ ਦੀ ਦਮ ਘੁਟਣ ਨਾਲ ਮੌਤ ਹੋ ਗਈ , ਹਜ਼ਾਰਾਂ ਲੋਕ ਅੰਨ੍ਹੇ ਹੋ ਗਏ, ਬਹੁਤ ਸਾਰੀਆਂ ਇਸਤਰੀਆਂ ਦਾ ਗਰਭਪਾਤ ਹੋ ਗਿਆ, ਹਜ਼ਾਰਾਂ ਲੋਕ ਫੇਫੜੇ, ਲੀਵਰ, ਗੁਰਦੇ ਜਾਂ ਦਿਮਾਗ ਕੰਮ ਕਰਨਾ ਬੰਦ ਹੋਣ ਕਾਰਨ ਮਰ ਗਏ ਜਾਂ ਅੱਧਮਰੇ ਜਿਹੇ ਹੋ ਗਏ। ਬੱਚਿਆਂ, ਬਿਮਾਰਾਂ ਅਤੇ ਬੁੱਢਿਆਂ ਨੂੰ ਤਾਂ ਘਰ ਤੋਂ ਨਿਕਲਣ ਤੱਕ ਦਾ ਮੌਕਾ ਨਹੀਂ ਮਿਲਿਆ। ਹਜ਼ਾਰਾਂ ਲੋਕ ਮਹੀਨਿਆਂ ਮਗਰੋਂ ਤੱਕ ਤਿਲ-ਤਿਲ ਕਰਦੇ ਮਰਦੇ ਰਹੇ ਅਤੇ ਕਰੀਬ 6 ਲੱਖ ਲੋਕ ਅੱਜ ਅਪਾਹਜਪੁਣੇ ਅਤੇ ਬਿਮਾਰੀਆਂ ਨਾਲ਼ ਜੂਝ ਰਹੇ ਹਨ। ਇਹ ਗੈਸ ਇੰਨੀ ਜ਼ਹਿਰੀਲੀ ਸੀ ਕਿ ਪੰਜਾਹ ਵਰਗ ਕਿਲੋਮੀਟਰ ਦੇ ਦਾਇਰੇ 'ਚ ਮਵੇਸ਼ੀ ਅਤੇ ਪੰਛੀ ਤੱਕ ਮਰ ਗਏ ਅਤੇ ਜ਼ਮੀਨ ਅਤੇ ਪਾਣੀ ਤੱਕ 'ਚ ਇਸ ਦਾ ਜ਼ਹਿਰ ਫੈਲ ਗਿਆ। ਜਿਹੜੇ ਉਸ ਰਾਤੀਂ ਮੌਤ ਤੋਂ ਬਚ ਗਏ, ਉਹ ਛੱਬੀ ਵਰ੍ਹੇ ਬੀਤਣ ਮਗਰੋਂ ਵੀ ਅੱਜ ਤੱਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਲੜ ਰਹੇ ਹਨ। ਇਸ ਤਰ੍ਹਾਂ ਦੇ ਅਸਰ ਨਾਲ਼ ਕਈ ਸਾਲ ਮਗਰੋਂ ਤੱਕ ਉਸ ਇਲਾਕੇ 'ਚ ਪੈਦਾ ਹੋਣ ਵਾਲੇ ਬਹੁਤ ਸਾਰੇ ਬੱਚੇ ਜਨਮ ਤੋਂ ਅਪਾਹਜ ਜਾਂ ਬਿਮਾਰੀਆਂ ਤੋਂ ਗ੍ਰਸਤ ਹੁੰਦੇ ਰਹੇ। ਅੱਜ ਵੀ ਉੱਥੋਂ ਦੀ ਜ਼ਮੀਨ ਅਤੇ ਪਾਣੀ ਤੋਂ ਜ਼ਹਿਰ ਦਾ ਅਸਰ ਖ਼ਤਮ ਨਹੀਂ ਹੋਇਆ ਹੈ।

ਪਰ ਇਹ ਕੋਈ ਦੁਰਘਟਨਾ ਨਹੀਂ ਸੀ! ਇਹ ਮੁਨਾਫ਼ੇ ਲਈ ਪਾਗਲ ਪੂੰਜੀਵਾਦ ਦੇ ਹੱਥੋਂ ਹੋਇਆ ਇੱਕ ਹੱਤਿਆਕਾਂਡ ਸੀ।

ਯੂਨੀਅਨ ਕਾਰਬਾਈਡ ਦੀ ਦੇਸੀ ਅਤੇ ਵਿਦੇਸ਼ੀ ਮੈਨੇਜਮੈਂਟ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅਜਿਹੀ ਦੁਰਘਟਨਾ ਕਦੇ ਵੀ ਵਾਪਰ ਸਕਦੀ ਹੈ, ਪਰ ਉਹਨਾਂ ਨੂੰ ਲੋਕਾਂ ਦੀ ਜਾਨ ਦੇ ਖ਼ਤਰੇ ਹੀ ਨਹੀਂ, ਸਿਰਫ਼ ਅਤੇ ਸਿਰਫ਼ ਆਪਣੇ ਮੁਨਾਫੇ ਦੀ ਚਿੰਤਾ ਸੀ। ਉਹਨਾਂ ਨੇ ਇੱਕ ਤੋਂ ਬਾਅਦ ਇੱਕ ਅਜਿਹੇ ਕਦਮ ਚੁੱਕੇ ਜਿਹੜੇ ਭੋਪਾਲ ਦੇ ਲੋਕਾਂ ਨੂੰ ਮੌਤ ਵੱਲ ਧੱਕਦੇ ਰਹੇ।

ਭੋਪਾਲ 'ਚ ਲਗਾਏ ਗਏ ਕੀਟਨਾਸ਼ਕ ਕਾਰਖਾਨੇ ਦੀ ਤਕਨੀਕ ਬੇਹੱਦ ਪੁਰਾਣੀ ਪੈ ਚੁੱਕੀ ਸੀ ਅਤੇ ਖਤਰਨਾਕ ਹੋਣ ਕਰਕੇ ਅਮਰੀਕਾ 'ਚ ਉਸਨੂੰ ਖਾਰਜ ਕੀਤਾ ਜਾ ਚੁੱਕਾ ਸੀ। ਸਭ ਕੁੱਝ ਜਾਣਦੇ ਹੋਏ ਵੀ ਭਾਰਤੀ ਹਾਕਮਾਂ ਨੇ ਉਸ ਨੂੰ ਲਗਾਉਣ ਦੀ ਇਜ਼ਾਜਤ ਦਿੱਤੀ। ਐਮ. ਆਈ. ਸੀ. ਇੰਨੀ ਜ਼ਹਿਰੀਲੀ ਅਤੇ ਖ਼ਤਰਨਾਕ ਗੈਸ ਹੁੰਦੀ ਹੈ ਕਿ ਉਸ ਨੂੰ ਬਹੁਤ ਥੋੜ੍ਹੀ ਮਿਕਦਾਰ 'ਚ ਹੀ ਰੱਖਿਆ ਜਾਂਦਾ ਹੈ। ਪਰ ਪੈਸੇ ਬਚਾਉਣ ਲਈ ਕਾਰਬਾਈਡ ਕਾਰਖਾਨੇ 'ਚ ਇਸ ਦਾ ਇੰਨਾ ਵੱਡਾ ਭੰਡਾਰ ਰੱਖਿਆ ਗਿਆ ਸੀ, ਜਿਹੜਾ ਇੱਕ ਸ਼ਹਿਰ ਦੀ ਆਬਾਦੀ ਨੂੰ ਖ਼ਤਮ ਕਰਨ ਲਈ ਕਾਫ਼ੀ ਸੀ। ਉੱਪਰੋਂ ਕੰਪਨੀ ਦੀ ਮੈਨੇਜਮੈਂਟ ਨੇ ਪੈਸੇ ਬਚਾਉਣ ਲਈ ਸੁਰੱਖਿਆ ਦੇ ਸਾਰੇ ਇੰਤਜ਼ਾਮਾਂ 'ਚ ਇੱਕ-ਇੱਕ ਕਰਕੇ ਕਟੌਤੀ ਕਰ ਦਿੱਤੀ ਸੀ। ਇਸ ਗੈਸ ਨੂੰ ਜ਼ੀਰੋ ਤੋਂ ਪੰਜ ਡਿਗਰੀ ਤਾਪਮਾਨ 'ਤੇ ਰੱਖਣਾ ਜ਼ਰੂਰੀ ਹੁੰਦਾ ਹੈ, ਪਰ ਕੁੱਝ ਹਜ਼ਾਰ ਰੁਪਏ ਬਚਾਉਣ ਲਈ ਗੈਸ ਟੈਂਕ

ਦਾ ਕੂਲਿੰਗ ਸਿਸਟਮ 6 ਮਹੀਨੇ ਤੋਂ ਬੰਦ ਕਰ ਦਿੱਤਾ ਗਿਆ ਸੀ। ਐਮ. ਆਈ. ਸੀ. ਗੈਸ ਦੇ ਟੈਂਕ ਦਾ ਮੇਨਟੇਨੈਂਸ ਸਟਾਫ਼ ਘਟਾ ਕੇ ਅੱਧਾ ਕਰ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਗੈਸ ਲੀਕ ਹੋਣ ਦੀ ਚਿਤਾਵਨੀ ਦੇਣ ਵਾਲਾ ਹੂਟਰ ਵੀ ਬੰਦ ਕਰ ਦਿੱਤਾ ਗਿਆ ਸੀ। ਕਾਰਖਾਨੇ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਜਾਣਦੇ ਸਨ ਕਿ ਭੋਪਾਲ ਸ਼ਹਿਰ ਮੌਤ ਦੇ ਸਮਾਨ ਦੇ ਢੇਰ ’ਤੇ ਬੈਠਾ ਹੈ, ਪਰ ਉਹਨਾਂ ਦੀ ਕਿਸੇ ਨੇ ਨਹੀਂ ਸੁਣੀ। ਸ਼ਹਿਰ ਦੇ ਇੱਕ ਅਖ਼ਬਾਰ ਨੇ ਇੱਕ ਸਾਲ ਪਹਿਲਾਂ ਤੋਂ ਚਿਤਾਵਨੀ ਦਿੱਤੀ ਸੀ ਕਿ ਅਜਿਹੀ ਕੋਈ ਭਿਆਨਕ ਘਟਨਾ ਕਦੇ ਵੀ ਹੋ ਸਕਦੀ ਹੈ, ਜੇਕਰ ਕੰਪਨੀ ਦੇ ਮਾਲਕ ਅਤੇ ਮੈਨੇਜਮੈਂਟ ਸਭ ਕੁੱਝ ਜਾਣਦੇ ਹੋਏ ਵੀ ਸਿਰਫ਼ ਪੈਸੇ ਬਚਾਉਣ ਦੇ ਹੱਥਕੰਡਿਆਂ ’ਚ ਲੱਗੇ ਰਹੇ। ਜਿਸ ਦਿਨ ਜ਼ਹਿਰੀਲੀ ਗੈਸ ਮੌਤ ਬਣ ਕੇ ਭੋਪਾਲ ਦੇ ਲੋਕਾਂ ’ਤੇ ਟੁੱਟੀ, ਉਸ ਦਿਨ ਇਨ੍ਹਾਂ ਸਫ਼ੈਦਪੋਸ਼ ਕਾਤਲਾਂ ’ਚੋਂ ਕਿਸੇ ਨੂੰ ਝਰੀਟ ਵੀ ਨਹੀਂ ਆਈ। ਉਹ ਫੈਕਟਰੀ ਏਰੀਏ ਤੋਂ ਕਈ ਕਿਲੋਮੀਟਰ ਦੂਰ ਆਪਣੇ ਆਪਣੇ ਆਲੀਸ਼ਾਨ ਬੰਗਲਿਆਂ ’ਚ ਮੁੰਬਈ ਅਤੇ ਅਮਰੀਕਾ ’ਚ ਆਰਾਮ ਨਾਲ ਬੈਠੇ ਸਨ।

ਪੂੰਜੀ ਦੇ ਇਸ ਹੱਤਿਆ ਕਾਂਡ ਮਗਰੋਂ ਦੇਸ਼ ਦੀਆਂ ਸਰਕਾਰਾਂ ਨੇ ਆਪਣੇ ਹੀ ਨਾਗਰਿਕਾਂ ਨਾਲ਼ ਜਿਹੜਾ ਸਲੂਕ ਕੀਤਾ, ਉਹ ਇਸ ਤੋਂ ਘੱਟ ਬਰਬਰ ਅਤੇ ਅਣਮਨੁੱਖੀ ਨਹੀਂ ਹੈ। ਪਿਛਲੇ ਛੱਬੀ ਵਰ੍ਹਿਆਂ ਤੋਂ ਭੋਪਾਲ ਦੇ ਗੈਸ ਪੀੜਤਾਂ ਨਾਲ਼ ਇੱਕ ਘਿਨੌਣਾ ਮਜ਼ਾਕ ਜਾਰੀ ਸੀ। ਇਸ ’ਚ ਸਭ ਸ਼ਾਮਿਲ ਰਹੇ ਹਨ, ਕੇਂਦਰ ਅਤੇ ਰਾਜ ਦੀ ਕਾਂਗਰਸ, ਭਾਜਪਾ ਅਤੇ ਸੰਯੁਕਤ ਮੋਰਚੇ ਦੀਆਂ ਸਰਕਾਰਾਂ ਅਤੇ ਸੁਪਰੀਮ ਕੋਰਟ ਤੋਂ ਲੈ ਕੇ ਹੇਠਲੀਆਂ ਅਦਾਲਤਾਂ ਤੱਕ ਪੂਰੀ ਨਿਆਂਪਾਲਿਕਾ ਅਤੇ ਸਥਾਨਿਕ ਨੌਕਰਸ਼ਾਹੀ।

ਇਸ ਫੈਸਲੇ ਨਾਲ਼ ਦੇਸ਼ ’ਚ ਫੈਲੀ ਗੁੱਸੇ ਦੀ ਲਹਿਰ ਨਾਲ਼ ਘਬਰਾਈ ਸਰਕਾਰ ਨੇ ਹੁਣ ਮਾਮਲੇ ’ਤੇ ਲੀਪਾ-ਪੋਤੀ ਕਰਨ ਲਈ ਮੰਤਰੀਆਂ ਦਾ ਸਮੂਹ ਗਠਿਤ ਕਰਨ ਅਤੇ ਸੁਪਰੀਮ ਕੋਰਟ ’ਚ ਫਿਰ ਤੋਂ ਮੁਕੱਦਮਾ ਚਲਾਉਣ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਹਨ। ਪਰ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਸੇਵਾ ’ਚ ਜੀਅ-ਜਾਨ ਨਾਲ਼ ਜੁਟੀ ਇਸ ਸਰਕਾਰ ਦੇ ਅਮਲੀ ਇਰਾਦੇ ਜੱਗ ਜ਼ਾਹਰ ਹਨ।

ਅੱਜ ਤਮਾਮ ਟੀ ਵੀ ਚੈਨਲ ਅਤੇ ਅਖ਼ਬਾਰ ਭੋਪਾਲ ਨੂੰ ਲੈ ਕੇ ਜਿਹੜੀਆਂ ਤਾਬੜਤੋੜ ਖ਼ਬਰਾਂ ਦੇ ਰਹੇ ਹਨ, ਉਹਨਾਂ ਪਿੱਛੇ ਲੋਕ ਹਿੱਤ ਦੀ ਚਿੰਤਾ ਨਹੀਂ, ਟੀ. ਆਰ. ਪੀ. ਅਤੇ ਸਰਕੂਲੇਸ਼ਨ ਦੀ ਹੋੜ ਦੀ ਚਿੰਤਾ ਹੈ। ਨਹੀਂ ਤਾਂ ਇੰਨੇ ਵਰ੍ਹਿਆਂ ’ਚ ਕਿਸੇ ਨੂੰ ਭੋਪਾਲ ਦੀ ਯਾਦ ਕਿਉਂ ਨਹੀਂ ਆਈ? ਕੋਈ ਨਵੀਂ ਮਸਾਲੇਦਾਰ ਖ਼ਬਰ ਮਿਲਦੇ ਹੀ ਇਹ ਸਭ ਇੱਕ ਵਾਰ ਫਿਰ ਭੋਪਾਲ ਨੂੰ ਭੁੱਲ ਕੇ ਉਸਦੇ ਪਿੱਛੇ ਲੱਗ ਜਾਣਗੇ।

ਭੋਪਾਲ ਦੀ ਘਟਨਾ ਵਾਰ-ਵਾਰ ਇਹ ਚੇਤੇ ਕਰਵਾਉਂਦੀ ਹੈ ਕਿ ਵੱਧ ਤੋਂ ਵੱਧ ਮੁਨਾਫਾ ਬਟੋਰਨ ਦੀ ਅੰਨ੍ਹੀ ਹਵਸ ’ਚ ਪਾਗਲ ਸਰਮਾਏਦਾਰਾਂ ਲਈ ਇਨਸਾਨ ਦੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ ਹੁੰਦਾ। ਪੂੰਜੀਵਾਦ ਜੰਗ ਦੇ ਦਿਨਾਂ ’ਚ ਹੀਰੋਸ਼ਿਮਾ ਅਤੇ ਨਾਗਾਸਾਕੀ ਨੂੰ ਜਨਮ ਦਿੰਦੀ ਹੈ ਅਤੇ ਸ਼ਾਂਤੀ ਦੇ ਦਿਨਾਂ ’ਚ ਭੋਪਾਲ ਜਿਹੀਆਂ ਤਰਾਸਦੀਆਂ ਨੂੰ। ਇਹ ਵਾਤਾਵਰਣ ਨੂੰ ਤਬਾਹ ਕਰਕੇ ਪੂਰੀ ਧਰਤੀ ਨੂੰ ਵਿਨਾਸ਼ ਵੱਲ ਧੱਕ ਰਿਹਾ ਹੈ। ਇਸ ਆਦਮਖੋਰ ਢਾਂਚੇ ਦਾ ਇੱਕ-ਇੱਕ ਦਿਨ ਮਨੁੱਖਤਾ ’ਤੇ ਭਾਰੀ ਹੈ। ਇਸ ਨੂੰ ਜਲਦੀ ਤੋਂ ਜਲਦੀ ਮਿੱਟੀ ’ਚ ਮਿਲਾ ਕੇ ਹੀ ਧਰਤੀ ਅਤੇ ਮਨੁੱਖਤਾ ਨੂੰ ਬਚਾਇਆ ਜਾ ਸਕਦਾ ਹੈ। ਇਹ ਜ਼ਿੰਮੇਵਾਰੀ ਇਤਿਹਾਸ ਨੇ ਮਜ਼ਦੂਰ ਜਮਾਤ ਅਤੇ ਸੰਵੇਦਨਸ਼ੀਲ ਨੌਜਵਾਨਾਂ ਦੇ ਮੋਢਿਆਂ ’ਤੇ ਸੌਂਪੀ ਹੈ।

(ਪੰਨਾ 1 ਦਾ ਬਾਕੀ)

ਅਜੇ ਤੱਕ ਵੀ ਪੰਜਾਬ ਦੇ ਨੌਜਵਾਨਾਂ ਦੇ ਇਕ ਸੀਮਿਤ ਜਿਹੇ ਹਿੱਸੇ ਤੱਕ ਹੀ ਲਲਕਾਰ ਦੀ ਪਹੁੰਚ ਬਣ ਸਕੀ ਹੈ। ਹੁਣ ਸਾਡੇ ਸਾਹਮਣੇ ਇਹ ਇੱਕ ਅਹਿਮ ਕਾਰਜ ਹੈ ਕਿ ਲਲਕਾਰ ਨੂੰ ਨੌਜਵਾਨਾਂ ਦੇ ਇਕ ਵੱਡੇ ਹਿੱਸੇ ਤੱਕ ਪਹੁੰਚਾਈਏ। ਇਹ ਕਾਰਜ ਲਲਕਾਰ ਨਾਲ਼ ਜੁੜੇ ਸਾਥੀਆਂ ਤੋਂ ਵਧੇਰੇ ਮਿਹਨਤ, ਲਗਨ ਅਤੇ ਹਿੰਮਤ ਦੀ ਮੰਗ ਕਰਦਾ ਹੈ। ਲਲਕਾਰ ਦੇ ਪਾਠਕਾਂ ਨੂੰ ਵੀ ਸਿਰਫ਼ ਪਾਠਕ ਦੀ ਭੂਮਿਕਾ ਤਿਆਗ ਕੇ ਲਲਕਾਰ ਲਈ ਸਮੱਗਰੀ ਦੀ ਤਿਆਰੀ ਵਿੱਚ ਹੱਥ ਵੰਡਾਉਣ ਤੋਂ ਲੈ ਕੇ ਇਸ ਨੂੰ ਹੋਰ ਨਵੇਂ ਹੱਥਾਂ ਵਿੱਚ ਪਹੁੰਚਾਉਣ ਲਈ ਅੱਗੇ ਆਉਣਾ ਹੋਵੇਗਾ। ਬਕੌਲ ਸ਼ਾਇਰ...

ਮੈਂ ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ ਮਗਰ
ਲੋਗ ਮਿਲਤੇ ਗਏ ਔਰ ਕਾਰਵਾਂ ਬਨਤਾ ਗਯਾ

(ਪੰਨਾ 32 ਦਾ ਬਾਕੀ)

ਟੀ. ਐਸ. ਟੈਕਸਟਾਈਲ ਦੇ ਗੇਟ ’ਤੇ ਧਰਨਾ ਲਾ ਕੇ ਬੈਠ ਗਏ। ਉਹਨਾਂ ਐਲਾਨ ਕੀਤਾ ਕਿ ਜਦੋਂ ਤੱਕ ਪ੍ਰੇਮਚੰਦ ਦੀ ਮੌਤ ਦਾ ਜ਼ਿੰਮੇਵਾਰ ਟੀ. ਐਸ. ਟੈਕਸਟਾਈਲ ਦਾ ਮਾਲਕ ਉਸਦੇ ਪਰਿਵਾਰ ਨੂੰ ਬਣਦਾ ਮੁਆਵਜਾ ਨਹੀਂ ਦੇ ਦਿੰਦਾ ਉਦੋਂ ਤੱਕ ਇਲਾਕੇ ਦਾ ਕੋਈ ਵੀ ਮਜ਼ਦੂਰ ਕੰਮ ’ਤੇ ਨਹੀਂ ਜਾਵੇਗਾ। ਆਪਣੀ ਜਮਾਤ ਦੇ ਹਿੱਤਾਂ ਪ੍ਰਤੀ ਮਜ਼ਦੂਰਾਂ ਦੀ ਇਹ ਚੇਤਨਾ ਬਹੁਤ ਅਹਿਮ ਹੈ ਜੋ ਆਉਣ ਵਾਲੇ ਸਮੇਂ ਵਿੱਚ ਲੁਧਿਆਣੇ ਦੇ ਸਨਅਤੀ ਮਜ਼ਦੂਰਾਂ ਦੀ ਲਹਿਰ ਵਿੱਚ ਅਹਿਮ ਯੋਗਦਾਨ ਪਾਏਗੀ।

5 ਜੂਨ ਨੂੰ ਸਵੇਰੇ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਹੀ ਇਲਾਕੇ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ ਅਤੇ ਮਾਲਕ ਨੂੰ ਝੁਕਾਇਆ। ਭਾਵੇਂ ਕਿ ਮਜ਼ਦੂਰਾਂ ਦੀ ਮੰਗ ਸੀ ਕਿ ਪ੍ਰੇਮਚੰਦ ਦੇ ਪਰਿਵਾਰ ਨੂੰ ਘੱਟੋ-ਘੱਟ ਪੰਜ ਲੱਖ ਰੁਪਏ ਮੁਆਵਜ਼ਾ ਮਿਲੇ। ਪਰ ਪਰਿਵਾਰ ਹੀ ਸਿੱਧੇ ਤੌਰ ’ਤੇ ਮਾਲਕ ਨਾਲ਼ ਮੁਆਵਜੇ ਦੀ ਗੱਲ ਕਰ ਰਿਹਾ ਸੀ। ਪਰਿਵਾਰ ਨੂੰ ਮਜ਼ਦੂਰ ਯੂਨੀਅਨ ਨੇ ਇਹ ਸੁਨੇਹਾ ਪਹੁੰਚਾ ਦਿੱਤਾ ਸੀ ਕਿ ਜਦੋਂ ਤੱਕ ਉਹਨਾਂ ਨੂੰ ਉਹਨਾਂ ਦੀ ਇੱਛਾ ਮੁਤਾਬਕ ਮੁਆਵਜਾ ਨਹੀਂ ਮਿਲ ਜਾਂਦਾ ਉਦੋਂ ਤੱਕ ਕੋਈ ਵੀ ਮਜ਼ਦੂਰ ਕੰਮ ’ਤੇ ਨਹੀਂ ਜਾਵੇਗਾ। ਪਰਿਵਾਰ ਨੂੰ ਇੱਕਜੁੱਟ ਮਜ਼ਦੂਰਾਂ ਦੇ ਮਿਲੇ ਸਾਥ ਨੇ ਹੌਂਸਲਾ ਦਿੱਤਾ। ਇਸਦਾ ਅਸਰ ਇਹ ਹੋਇਆ ਕਿ ਮਾਲਕ ਜੋ ਪਹਿਲਾਂ ਸਿਰਫ਼ ਵੀਹ ਹਜ਼ਾਰ ਮੁਆਵਜਾ ਹੀ ਦੇਣ ਦੀ ਗੱਲ ਕਹਿ ਰਿਹਾ ਸੀ ਹੁਣ ਦੋ ਲੱਖ ਦੇਣ ਲਈ ਝੁਕ ਗਿਆ। ਜੇ ਪਰਿਵਾਰ ਹੋਰ ਅੜਿਆ ਰਹਿੰਦਾ ਤਾਂ ਹੋਰ ਮੁਆਵਜਾ ਹਾਸਿਲ ਕੀਤਾ ਜਾ ਸਕਦਾ ਸੀ। ਖੈਰ, ਇੱਕਜੁੱਟ ਮਜ਼ਦੂਰਾਂ ਦੀ ਰੋਹਪੂਰਨ ਆਵਾਜ਼ ਨੇ ਕਾਰਖਾਨਾ ਮਾਲਕ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਇਹ ਮਜ਼ਦੂਰਾਂ ਦੀ ਛੋਟੀ ਹੀ ਸਹੀ ਪਰ ਮਹੱਤਵਪੂਰਨ ਜਿੱਤ ਹੈ। ♦

ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਸਦੀ ਸੇਵਾ ਕਰਦਾ ਹੈ ?

(ਦੂਸਰੀ ਕਿਸ਼ਤ)

— ਅਲੋਕ ਰੰਜਨ

ਬਸਤੀਵਾਦੀ 'ਸੰਵਿਧਾਨਕ ਪ੍ਰਯੋਗਾਂ ਵਿੱਚ 1909 ਦੇ ਇੰਡੀਅਨ ਕਾਉਂਸਿਲ ਐਕਟ ਦੀ ਉਮਰ ਸਭ ਤੋਂ ਘੱਟ ਸੀ। 9 ਸਾਲਾਂ ਮਗਰੋਂ ਹੀ, 1919 'ਚ ਮਾਂਟੇਗਿਊ-ਚੇਮਸਫੋਰਡ ਰਿਪੋਰਟ ਨੇ ਇਸ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਇਸ ਰਿਪੋਰਟ ਦੇ ਅਧਾਰ 'ਤੇ ਬਣਿਆ ਗਰਵਨਮੈਂਟ ਆਫ਼ ਇੰਡੀਆ ਐਕਟ 1919 'ਚ ਲਾਗੂ ਹੋਇਆ। ਇਹ ਕਾਨੂੰਨ ਬਣਨ ਸਮੇਂ ਦੀ ਸਿਆਸੀ ਆਰਥਿਕ ਪਿੱਠਭੂਮੀ ਦੀ ਚਰਚਾ ਅਸੀਂ ਕਰ ਚੁੱਕੇ ਹਾਂ। ਵੱਡੀ ਜੰਗ ਦੌਰਾਨ ਆਪਣੀ ਆਰਥਿਕ ਸ਼ਕਤੀ ਵਧਾ ਕੇ ਭਾਰਤੀ ਪੂੰਜੀਪਤੀ ਜਮਾਤ ਜ਼ਿਆਦਾ ਦਬਾਅ ਬਣਾਉਣ ਅਤੇ ਜ਼ਿਆਦਾ ਮੰਗ ਕਰਨ ਦੀ ਹਾਲਤ 'ਚ ਆ ਚੁੱਕੀ ਸੀ। ਤਿਲਕ ਦੀ ਹੋਮ ਰੂਲ ਲਹਿਰ, ਸ਼ਹਿਰੀ ਮੱਧਵਰਗ ਦੀ ਲਹਿਰ, ਕਿਸਾਨਾਂ-ਮਜ਼ਦੂਰਾਂ ਦੇ ਵੱਧਦੇ ਸੰਘਰਸ਼, ਇਨਕਲਾਬੀ ਦਹਿਸ਼ਤਗਰਦੀ ਅਤੇ ਸੰਸਾਰ ਜੰਗ ਦੌਰਾਨ ਹਥਿਆਰਬੰਦ ਵਿਦਰੋਹ ਦੀਆਂ ਅਸਫਲ ਕੋਸ਼ਿਸ਼ਾਂ, ਗਦਰ ਪਾਰਟੀ ਦੀ ਭੂਮਿਕਾ ਅਤੇ ਅਕਤੂਬਰ 1917 ਦੇ ਰੂਸੀ ਇਨਕਲਾਬ ਦੇ ਕੌਮੀ ਲਹਿਰ, ਮਜ਼ਦੂਰ ਜਮਾਤ ਅਤੇ ਬੁੱਧੀਜੀਵੀਆਂ 'ਤੇ ਵਧੇ ਅਸਰ ਨੂੰ ਮਿਲਾ ਕੇ ਦੇਖੀਏ ਤਾਂ ਮਾਂਟੇਗਿਊ ਚੇਮਸਫੋਰਡ ਸੁਧਾਰ ਅਤੇ 1919 ਦੇ 'ਗਰਵਰਮੈਂਟ ਆਫ਼ ਇੰਡੀਆ ਐਕਟ' ਦੀ ਜ਼ਰੂਰਤ, ਚਰਿੱਤਰ ਅਤੇ ਉਦੇਸ਼ ਨੂੰ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ। ਨਵੇਂ ਗ੍ਰਹਿ ਸੱਕਤਰ ਮਾਂਟੇਗਿਊ ਨੇ ਹਾਉਸ ਆਫ਼ ਕਾਮਨਜ਼ 'ਚ ਐਲਾਨ ਕੀਤਾ ਕਿ ਪ੍ਰਸਤਾਵਿਤ ਕਾਨੂੰਨ ਦਾ ਉਦੇਸ਼ ਹੈ ਭਾਰਤੀ ਪ੍ਰਸ਼ਾਸਨ 'ਚ ਭਾਰਤੀ ਲੋਕਾਂ ਨੂੰ ਹਿੱਸੇਦਾਰ ਬਣਾਉਣਾ ਅਤੇ ਖੁਦਮੁਖਤਿਆਰੀ ਦੀਆਂ ਵੱਖ-ਵੱਖ ਸੰਸਥਾਵਾਂ ਦਾ ਕ੍ਰਮਵਾਰ ਵਿਕਾਸ ਕਰਨਾ ਜਿਸ ਨਾਲ਼ ਭਾਰਤ 'ਚ ਬ੍ਰਿਟਿਸ਼ ਸਾਮਰਾਜ ਨਾਲ਼ ਜੁੜੀਆਂ ਕਈ ਜਵਾਬਦੇਹ ਸਰਕਾਰਾਂ ਸਥਾਪਿਤ ਕੀਤੀਆਂ ਜਾ ਸਕਣ। ਅਸਲ 'ਚ, ਇਸ ਦਾ ਉਦੇਸ਼ ਬ੍ਰਿਟਿਸ਼ ਸਾਮਰਾਜ ਨਾਲ਼ ਘਿਓ-ਖਿਚੜੀ ਜਗੀਰਦਾਰਾਂ ਤੋਂ ਇਲਾਵਾ ਭਾਰਤੀ ਪੂੰਜੀਪਤੀ ਜਮਾਤ ਨੂੰ ਵੀ ਸ਼ਾਸਨ 'ਚ ਕੁੱਝ ਰਸਮੀ ਹਿੱਸੇਦਾਰੀ ਦੇਣ ਅਤੇ ਲੋਕ ਲਹਿਰ 'ਤੇ ਪਾਣੀ ਦੇ ਛਿੱਟੇ ਮਾਰਨਾ ਸੀ। 1919 ਦੇ ਐਕਟ ਨੇ ਕੇਂਦਰ 'ਚ ਦੋ ਮੈਂਬਰਾਂ ਦੀ ਪ੍ਰਣਾਲੀ (ਕਾਊਂਸਿਲ ਆਫ਼ ਸਟੇਟ ਅਤੇ ਲੇਜਿਸਲੇਟਿਵ ਅਸੈਂਬਲੀ ਦੀ ਪ੍ਰਣਾਲੀ) ਸਥਾਪਿਤ ਕੀਤੀ, ਜਿਸ 'ਚ ਚੁਣੇ ਪ੍ਰਤੀਨਿਧੀਆਂ ਦਾ ਬਹੁਮਤ ਤਾਂ ਸੀ, ਪਰ ਮੰਤਰੀਆਂ 'ਤੇ ਉਸ ਦਾ ਕੋਈ ਕੰਟਰੋਲ ਨਹੀਂ ਸੀ ਅਤੇ ਵਾਇਸਰਾਏ ਨੂੰ ਵੀਟੋ ਦਾ ਅਧਿਕਾਰ ਵੀ ਸੀ। ਇਹੀ ਸਥਿਤੀ ਸੂਬਿਆਂ ਦੀਆਂ ਵਿਧਾਨ ਪ੍ਰੀਸ਼ਦਾਂ, ਮੰਤਰੀਆਂ ਅਤੇ ਗਵਰਨਰਾਂ ਦੀ ਸੀ। ਨਵੇਂ ਕਾਨੂੰਨ ਨੇ ਨਾ ਕੇਵਲ ਧਾਰਮਿਕ ਜਾਤੀਗਤ ਅਧਾਰ 'ਤੇ ਪਹਿਲਾਂ ਬਣੇ ਚੋਣ ਮੰਡਲਾਂ ਨੂੰ ਬਣਾਈਂ ਰੱਖਿਆ ਸਗੋਂ ਉਹਨਾਂ ਨੂੰ ਕਾਫੀ ਵਧਾ ਵੀ ਦਿੱਤਾ। ਚੋਣ ਮੰਡਲਾਂ ਦੀ ਗਿਣਤੀ ਸੂਬਿਆਂ 'ਚ ਵੱਧ ਕੇ 55 ਲੱਖ ਅਤੇ ਕੇਂਦਰੀ ਸਦਨਾਂ ਲਈ 15 ਲੱਖ ਹੋ ਗਈ। ਇਹ ਦੇਸ਼ ਦੀ ਬਾਲਗ ਅਬਾਦੀ ਦੇ ਮੁਸ਼ਕਿਲ ਤੋਂ ਇੱਕ ਤੋਂ ਤਿੰਨ ਪ੍ਰਤੀਸ਼ਤ (ਜ਼ਿਆਦਤਰ ਉੱਪਰੀ, ਕੁਲੀਨ ਹਿੱਸੇ ਦਾ) ਭਾਗ ਨੂੰ ਹੀ ਆਪਣੇ ਦਾਇਰੇ 'ਚ ਲੈਂਦਾ ਸੀ। ਇੰਨੀਆਂ ਰਿਆਇਤਾਂ ਨਾਲ਼ ਨਾ ਤਾਂ ਭਾਰਤੀ ਪੂੰਜੀਪਤੀ ਜਮਾਤ ਸੰਤੁਸ਼ਟ ਸੀ, ਨਾ ਹੀ ਲੋਕ ਭਾਵਨਾਂ ਲਈ ਇਹ 'ਸੇਫਟੀਵਾਲਵ' ਅਤੇ 'ਕੁਸ਼ਨ' ਦਾ ਹੀ ਕੰਮ ਕਰ ਸਕੀਆਂ। ਇਸ ਦਾ ਨਤੀਜਾ ਸੀ 1919-22 ਦੌਰਾਨ ਦੀ ਪ੍ਰਚੰਡ ਸਾਮਰਾਜਵਾਦ ਵਿਰੋਧੀ ਲਹਿਰ ਜਿਸ ਦੀ ਕਮਾਨ ਜਦੋਂ ਪੂੰਜੀਪਤੀ ਜਮਾਤ ਅਤੇ ਉਸ ਦੀ ਪਾਰਟੀ ਕਾਂਗਰਸ ਦੇ ਹੱਥ ਤੋਂ ਨਿਕਲਦੀ ਦਿਖੀ, 'ਸਮਝੌਤਾ-ਦਬਾਅ-ਸਮਝੌਤਾ' ਦੀ ਯੁੱਧਨੀਤੀ 'ਚ ਦਬਾਅ ਦਾ ਪੱਖ ਜਦੋਂ ਪੂੰਜੀਵਾਦੀ ਸੀਮਾਵਾਂ ਨੂੰ ਪਾਰ ਕਰਨ ਦਾ ਖਤਰਾ ਪੈਦਾ ਕਰਨ ਲੱਗਾ, ਤਾਂ ਗਾਂਧੀ ਨੇ ਚੌਰੀ ਚੌਰਾ ਕਾਂਡ ਬਹਾਨੇ ਅਸਹਿਯੋਗ ਅੰਦੋਲਨ ਨੂੰ ਵਾਪਸ ਲੈ ਲਿਆ।

1922-27 ਦਾ ਦੌਰ, ਅਸਹਿਯੋਗ ਅੰਦੋਲਨ ਦੀ ਵਾਪਸੀ ਨਾਲ਼ ਪੈਦਾ ਹੋਈ ਨਿਰਾਸ਼ਾ ਅਤੇ ਕਾਂਗਰਸ ਦੇ ਪੂੰਜੀਵਾਦੀ ਕੌਮਵਾਦੀ ਸਿਆਸਤ ਅੰਦਰ ਖੜ੍ਹੋਤ ਅਤੇ ਫੁੱਟ ਦਾ ਦੌਰ ਸੀ। ਸਵਰਾਜ ਪਾਰਟੀ ਵਾਲ਼ੇ ਕੌਂਸਲਾਂ 'ਚ ਭਾਗ ਲੈ ਰਹੇ ਸਨ। ਗੈਰ-ਤਬਦੀਲੀ ਪਸੰਦ ਉਹਨਾਂ ਦਾ ਵਿਰੋਧ ਕਰ ਰਹੇ ਸਨ। ਗਾਂਧੀ ਹਰੀਜਨ ਉਥਾਨ ਆਦਿ ਰਚਨਾਤਮਕ ਕਾਰਜਾਂ 'ਚ ਲੱਗੇ ਸਨ। ਇਸ ਨਾਲ਼ ਪੈਦਾ ਹੋਏ ਖਲਾਅ 'ਚ ਇੱਕ ਪਾਸੇ ਮੁਸਲਿਮ ਫਿਰਕਪ੍ਰਸਤੀ ਅਤੇ ਹਿੰਦੂ ਫਿਰਕਾਪ੍ਰਸਤੀ ਦੀ ਸਿਆਸਤ ਤੇਜ਼ੀ ਨਾਲ਼ ਪੈਰ ਪਸਾਰ ਰਹੀ ਸੀ, ਦੂਜੇ ਪਾਸੇ ਇਨਕਲਾਬੀ ਦਹਿਸ਼ਤਗਰਦੀ (ਜਿਸ ਦਾ ਵੱਡਾ ਹਿੱਸਾ ਕਮਿਊਨਿਜ਼ਮ ਵੱਲ ਖਿੱਚਿਆ ਜਾ ਰਿਹਾ ਸੀ) ਕਮਿਊਨਿਸਟ ਪਾਰਟੀ ਅਤੇ ਮਜ਼ਦੂਰ ਕਿਸਾਨ ਪਾਰਟੀਆਂ ਦੀ ਸਿਆਸਤ, ਮਜ਼ਦੂਰ ਲਹਿਰ, ਕਿਸਾਨ ਲਹਿਰ ਅਤੇ ਨੌਜਵਾਨ ਲਹਿਰ ਦੇ ਰੂਪ 'ਚ ਨਵੀਆਂ ਤਾਕਤਾਂ ਰੰਗਮੰਚ 'ਤੇ ਪ੍ਰਭਾਵੀ ਹੋ ਰਹੀਆਂ ਸਨ। ਇਹ ਪ੍ਰਕਿਰਿਆ 1927 ਮਗਰੋਂ ਦੇ ਸਾਲਾਂ 'ਚ ਵੀ ਤੇਜ਼ੀ ਨਾਲ਼ ਅੱਗੇ ਵਧੀ। 1928 'ਚ ਭਾਰਤ 'ਚ ਪ੍ਰਸ਼ਾਸਨ ਦੇ ਤਰੀਕਿਆਂ ਦੇ ਸੁਝਾਅ ਪੇਸ਼ ਕਰਨ ਲਈ ਨਿਯੁਕਤ ਸਾਇਮਨ ਕਮਿਸ਼ਨ ਜਦੋਂ ਭਾਰਤ ਆਇਆ ਤਾਂ ਕਾਂਗਰਸੀ, ਸਵਰਾਜੀਆਂ, ਇਨਕਲਾਬੀਆਂ, ਕਮਿਊਨਿਸਟਾਂ ਸਾਰਿਆਂ ਨੇ ਉਸ ਦਾ ਵਿਰੋਧ ਕੀਤਾ। ਸਾਇਮਨ ਦੇ ਬਾਈਕਾਟ ਅਤੇ ਬਾਰਦੌਲੀ ਸੱਤਿਆਗ੍ਰਹਿ ਨਾਲ਼ ਗਾਂਧੀ ਅਤੇ ਕਾਂਗਰਸ ਦੀ ਇਜੱਤ ਮੁੜ ਤੋਂ ਬਹਾਲ ਹੋ ਗਈ। 1928 'ਚ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ 'ਚ ਬਣੀ ਸੰਵਿਧਾਨ ਕਮੇਟੀ ਨੇ ਬਸਤੀਵਾਦੀ ਸਵਰਾਜ ਦਾ ਮਤਾ ਰੱਖਿਆ। ਕਾਂਗਰਸ ਦੇ ਰੈਡੀਕਲ ਧੜੇ ਨੇ (ਜਿਹੜਾ ਮੁੱਖ ਤੌਰ 'ਤੇ ਰੈਡੀਕਲ ਪੂੰਜੀਪਤੀ ਅਤੇ ਨਿਮਨ-ਪੂੰਜੀਪਤੀ ਹਿੱਸਾ ਸੀ) ਪੂਰਵ ਸਵਰਾਜ ਦੀ ਮੰਗ ਨੂੰ ਅੱਗੇ ਵਧਾਇਆ। ਗਾਂਧੀ ਦੀ ਹਾਲਤ ਵਿੱਚ ਵਿਚਾਲੇ ਦੀ ਸੀ, ਸੰਤੁਲਨਕਾਰੀ ਸੀ ਅਤੇ ਉਹ ਪੂੰਜੀਪਤੀ ਜਮਾਤ ਦੀ ਪ੍ਰਤੀਨਿੱਧ ਹਾਲਤ ਸੀ। ਕਾਂਗਰਸ ਦੇ 1929 ਦੇ ਲਹੌਰ ਸ਼ੈਸਨ ਰਾਹੀਂ ਪੂਰਵ

ਸਵਰਾਜ ਦਾ ਐਲਾਨ ਕੀਤੇ ਜਾਣ ਮਗਰੋਂ ਗਾਂਧੀ ਦੀ ਭਾਸ਼ਾ ਹੋਇਆ ਕਰਦੀ ਸੀ ਕਿ ਜੇਕਰ ਮਿੱਥੇ ਸਮੇਂ ਦਰਮਿਆਨ 'ਡੋਮੀਨਿਅਨ ਸਟੇਟਸ' ਨਾ ਮਿਲਿਆਂ ਤਾਂ ਅਸੀਂ ਮੁਕੰਮਲ ਸਵਰਾਜ ਲਈ ਲੜਾਂਗੇ। 1930-35 ਦੇ ਦੌਰ 'ਚ ਲੂਣ ਸੱਤਿਆਗ੍ਰਹਿ, ਸਵਿਨਅ ਉਲੰਘਣਾ ਅੰਦੋਲਣ, ਗੋਲਮੇਜ਼ ਅੰਦੋਲਨ, ਗਾਂਧੀ ਇਰਵਨ ਸਮਝੌਤਾ, ਮੁੜ ਅੰਦੋਲਨ, ਕਾਉਂਸਿਲ ਸਿਆਸਤ ਦੀ ਵਾਪਸੀ ਅਤੇ ਕਾਂਗਰਸ ਦਰਮਿਆਨ "ਖੱਬੇ ਪੱਖੀ" ਅਤੇ ਸੱਜੀਆਂ ਪ੍ਰਵਿਰਤੀਆਂ ਦੇ ਟਕਰਾਅ ਦੌਰਾਨ ਗਾਂਧੀ ਨੇ 'ਸਮਝੌਤਾ-ਦਬਾਅ-ਸਮਝੌਤਾ' ਦੀ ਸਿਆਸਤ ਦਾ ਹੁਨਰਮੰਦ ਪ੍ਰਯੋਗ ਕੀਤਾ। ਸੱਤ੍ਹਾ 'ਤੇ ਦਬਾਅ ਲਈ ਇਹ ਕਾਂਗਰਸੀ "ਖੱਬੇ ਪੱਖੀ" ਦਾ ਇਸਤੇਮਾਲ ਕਰਨ ਨਾਲ਼ ਹੀ ਉੱਗਰ ਲੋਕ ਲਹਿਰਾਂ ਦੇ ਬੇਕਾਬੂ ਹੋ ਜਾਣ ਦਾ ਵੀ ਡਰ ਦਿਖਾਉਂਦੇ ਸਨ, ਜਮਾਤੀ ਘੋਲ਼ ਦਾ ਵੀ ਭੈਅ ਦਿਖਾਉਂਦੇ ਸਨ ਅਤੇ ਕਾਂਗਰਸ ਦਰਮਿਆਨ ਨਿਮਨ ਪੂੰਜੀਪਤੀ ਰੈਡੀਕਲ ਤੱਤਾਂ ਨੂੰ ਕੰਟਰੋਲ ਕਰਨ ਲਈ ਨਰਮਪੰਥੀ-ਸੱਜੇਪੱਖੀ ਧੜੇ ਦਾ ਇਸਤੇਮਾਲ ਕਰਦੇ ਸਨ।

1935 ਦਾ ਗਰਵਰਨਮੈਂਟ ਆਫ਼ ਇੰਡੀਆ ਐਕਟ ਭਾਰਤੀ ਪੂੰਜੀਪਤੀ ਜਮਾਤ ਅਤੇ ਪੂਰੀ ਕੌਮੀ ਲਹਿਰ ਮੂਹਰੇ ਸ਼ਾਸਨ ਵਿਧਾਨ 'ਚ ਬਦਲਾਅ ਕਰਕੇ ਭਾਰਤੀ ਪੂੰਜੀਪਤੀ ਜਮਾਤ ਨੂੰ ਕੁੱਝ ਹੋਰ ਰਿਆਇਤਾਂ ਦੇਣ ਦੀ ਬਸਤੀਵਾਦੀ ਨੀਤੀ ਦਾ ਪ੍ਰਗਟਾਅ ਸੀ। ਦੂਜੇ ਪਾਸੇ ਉਹ ਬਸਤੀਵਾਦੀ ਸੱਤ੍ਹਾ ਦੇ ਸਮਾਜਿਕ ਅਧਾਰਾਂ ਦੇ ਵਿਸਤਾਰ ਦੀ ਇੱਕ ਮਹੱਤਵਪੂਰਨ ਕੋਸ਼ਿਸ਼ ਸੀ। ਨਵੰਬਰ 1934 ਦੀਆਂ ਕਾਉਂਸਿਲ ਚੋਣਾਂ 'ਚ ਕੇਂਦਰੀ ਵਿਧਾਨ ਪ੍ਰੀਸ਼ਦ 'ਚ ਕਾਂਗਰਸ ਨੂੰ ਅੱਧੇ ਤੋਂ ਵੱਧ ਵੋਟ ਅਤੇ ਸਥਾਨ ਮਿਲੇ ਸਨ। ਨਵੇਂ ਕੇਂਦਰੀ ਵਿਧਾਨ-ਮੰਡਲ 'ਚ ਸਾਇਮਨ ਕਮਿਸ਼ਨ ਅਤੇ ਗੋਲਮੇਜ ਸੰਮੇਲਨ ਦੀਆਂ ਸ਼ਿਫਾਰਿਸਾਂ 'ਤੇ ਅਧਾਰਿਤ 'ਗਵਰਨਮੈਂਟ ਆਫ਼ ਇੰਡੀਆ ਬਿੱਲ' ਨੂੰ ਕਿਸੇ ਵੀ ਪਾਰਟੀ ਨੇ ਹਮਾਇਤ ਨਹੀਂ ਦਿੱਤੀ, ਫਿਰ ਵੀ ਅਗਸਤ, 1935 'ਚ ਬ੍ਰਿਟਿਸ਼ ਸੰਸਦ ਨੇ ਇਸ ਐਕਟ ਨੂੰ ਹਰੀ ਝੰਡੀ ਦੇ ਦਿੱਤੀ। ਇਸ ਨਵੇਂ ਸ਼ਾਸਨ ਵਿਧਾਨ 'ਚ ਚੋਣਕਾਰਾਂ ਦੀ ਸੰਖਿਆ ਨੂੰ ਵਿਸਥਾਰਿਤ ਕਰ ਦਿੱਤਾ ਗਿਆ ਸੀ। ਹੁਣ ਦੇਸ਼ ਦੀ ਬਾਲਗ ਅਬਾਦੀ ਦੇ 11.5 ਪ੍ਰਤੀਸ਼ਤ ਹਿੱਸੇ ਨੂੰ ਵੋਟ ਦਾ ਅਧਿਕਾਰ ਮਿਲ ਗਿਆ ਸੀ, ਪਰ ਇਸ ਦਾ ਵੱਡਾ ਹਿੱਸਾ, ਜਾਹਰ ਹੈ ਕਿ ਸਮਾਜ ਦਾ ਸੰਪਤੀਸ਼ਾਲੀ ਹਿੱਸਾ ਹੀ ਸੀ। ਧਨੀ ਕਿਸਾਨਾਂ ਅਤੇ ਮਜ਼ਦੂਰ ਚੋਣ ਮੰਡਲਾਂ ਦੇ ਪ੍ਰਤੀਨਿਧੀਆਂ ਨੂੰ ਚੁਣਨ ਵਾਲ਼ੇ ਕੁੱਝ ਮਜ਼ਦੂਰਾਂ ਨੂੰ ਵੀ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ। ਸਰਕਾਰ ਹੁਣ ਉਹਨਾਂ ਪ੍ਰਤੀ ਇੱਕ ਹੱਦ ਤੱਕ ਜਵਾਬਦੇਹ ਸੀ, ਪਰ ਅਸਲੀ ਸੱਤ੍ਹਾ, ਫੈਸਲੇ ਦੀ ਵੀਟੋ ਪਾਵਰ ਹੁਣ ਵੀ ਵਾਇਸਰਾਏ ਅਤੇ ਗਵਰਨਰਾਂ ਕੋਲ ਸੀ। ਐਕਟ ਨੇ ਭਾਰਤੀ ਸਰਮਾਏਦਾਰਾਂ ਅਤੇ ਭੂਮੀਪਤੀਆਂ ਨੂੰ ਅਤੇ ਉੱਚ ਮੱਧਵਰਗ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਸਨ, ਪਰ ਇਸ ਦਾ ਇੱਕ ਦੂਜਾ ਉਦੇਸ਼ ਲਹਿਰ 'ਚ ਫੁੱਟ ਪਾਉਂਣਾ ਅਤੇ ਪਹਿਲਾਂ ਤੋਂ ਬਣੇ ਚੋਣ ਮੰਡਲਾਂ ਦੀ ਪ੍ਰਨਾਲੀ ਨੂੰ ਮਜਬੂਤ ਬਣਾ ਕੇ ਫਿਰਕਾਪ੍ਰਸਤੀ ਦੀ ਸਿਆਸਤ ਨੂੰ ਅੱਗੇ ਵਧਾਉਣਾ ਵੀ ਸੀ। ਰਾਜਿਆਂ-ਰਿਆਸਤਾਂ ਦਾ ਪ੍ਰਭਾਵ ਵਧਾ ਕੇ ਬਸਤੀਵਾਦੀ ਸੱਤ੍ਹਾ ਦੀਆਂ ਫਹੁੜੀਆਂ ਨੂੰ ਮਜ਼ਬੂਤ ਬਣਾਉਣਾ ਵੀ ਇਸ ਦਾ ਇੱਕ ਮਕਸਦ ਸੀ। ਕੇਂਦਰੀ ਵਿਧਾਨ ਮੰਡਲ 'ਚ ਉਹਨਾਂ ਦੇ ਪ੍ਰਤੀਨਿਧੀਆਂ ਨੂੰ 1/3 ਅਤੇ ਰਾਜ ਵਿਧਾਨ ਪ੍ਰੀਸ਼ਦਾਂ 'ਚ 2/5 ਸਥਾਨ ਹਾਸਲ ਸਨ। ਇਸਦਾ ਸਭ ਤੋਂ ਸ਼ਾਜਿਸ਼ੀ ਪੱਖ ਇਸ ਵਿੱਚ ਸ਼ਾਮਿਲ ਦੇਸ਼ ਦੀ ਸੰਭਾਵਿਤ ਵੰਡ ਦਾ ਪ੍ਰਬੰਧ ਵੀ ਸੀ। ਐਕਟ ਅਖੌਤੀ "ਸੰਘੀ ਯੋਜਨਾ" ਤਹਿਤ ਰਾਜਿਆਂ ਨੂੰ ਇਹ ਤੈਅ ਕਰਨ ਦੀ ਛੋਟ ਦਿੰਦਾ ਸੀ ਕਿ ਉਹ ਬ੍ਰਿਟਿਸ਼ ਸਾਮਰਾਜ 'ਚ ਰਹਿਣਾ ਚਾਹੁੰਣਗੇ ਜਾਂ ਇਸ ਨਾਲ਼ ਅਜ਼ਾਦ ਸਬੰਧ ਬਣਾਉਣਾ ਚਾਹੁੰਣਗੇ। ਇਹ ਐਕਟ 'ਡੋਮੀਨੀਅਨ ਸਟੇਟਸ' ਤੱਕ ਦੇ ਬਾਰੇ 'ਚ ਪੂਰੀ ਤਰ੍ਹਾਂ ਮੌਨ ਸੀ। ਸੰਯੁਕਤ ਸੰਸਦੀ ਕਮੇਟੀ ਦੇ ਪ੍ਰਧਾਨ ਅਤੇ 1936 ਤੋਂ ਵਾਇਸਰਾਏ ਦੇ ਬਿਆਨ ਨਾਲ਼ ਇਸ ਐਕਟ ਦਾ ਮਕਸਦ ਇਕਦਮ ਸਾਫ ਹੋ ਜਾਂਦਾ ਹੈ। ਉਹਨਾਂ ਅਨੁਸਾਰ, ਐਕਟ ਨੂੰ ਅਜਿਹਾ ਇਸ ਲਈ ਬਣਾਇਆ ਗਿਆ ਸੀ ਕਿ "ਉਹਨਾਂ ਦੀ ਨਜ਼ਰ 'ਚ ਭਾਰਤ ਵਿੱਚ ਬ੍ਰਿਟਿਸ਼ ਪ੍ਰਭਾਵ ਨੂੰ ਬਣਾਈ ਰੱਖਣ ਦਾ ਉਹੀ ਸਭ ਤੋਂ ਉੱਤਮ ਉਪਾਅ ਸੀ। ਮੈਂ ਸਮਝਦ ਹਾਂ ਕਿ... ਸਾਡੀਆਂ ਨੀਤੀਆਂ 'ਚ.... ਕਿਤੇ ਵੀ ਇਹ ਗੱਲ ਨਹੀਂ ਕਿ ਭਾਰਤੀਆਂ ਨੂੰ ਕੰਟਰੋਲ ਸੌਂਪਣ ਦੀ ਗਤੀ ਨੂੰ ਗੈਰ-ਜ਼ਰੂਰੀ ਰੂਪ ਨਾਲ਼ ਉਸ ਗਤੀ ਦੀ ਤੁਲਨਾ 'ਚ ਵਧਾਇਆ ਜਾਵੇ, ਜਿਸ ਨੂੰ ਅਸੀਂ ਦੂਰਰਸ ਨਜ਼ਰੀਏ ਤੋਂ ਭਾਰਤ ਨੂੰ ਸਾਮਰਾਜ ਨਾਲ਼ ਜੋੜ ਕੇ ਰੱਖਣ ਲਈ ਸਭ ਤੋਂ ਉੱਤਮ ਸਮਝਦੇ ਹਾਂ।"

ਇਸ ਐਕਟ ਨੂੰ "ਗੁਲਾਮੀ ਦੇ ਸ਼ਾਸਨ ਵਿਧਾਨ' ਦੀ ਸੰਗਿਆ ਦਿੰਦੇ ਹੋਏ ਪੂਰੇ ਦੇਸ਼ 'ਚ ਇਸ ਦਾ ਵਿਆਪਕ ਵਿਰੋਧ ਹੋਇਆ। ਕਾਂਗਰਸ ਦੀ ਸਿਆਸਤ ਦੇ ਦੋਹਰੇ ਚਰਿੱਤਰ ਨੂੰ ਸਮਝਣ ਲਈ ਉਸਦੇ ਉਸ ਦੌਰ ਦੇ ਸਿਆਸੀ ਅਮਲ ਨੂੰ ਸਮਝਣਾ ਜ਼ਰੂਰੀ ਹੈ। ਕਾਂਗਰਸ ਨੇ 1935 ਦੇ ਐਕਟ ਦਾ ਪੁਰਜ਼ੋਰ ਵਿਰੋਧ ਕੀਤਾ। ਉਸ ਨੇ ਸਰਵਜਨਕ ਬਾਲਗ ਵੋਟ ਦੇ ਅਧਿਕਾਰ ਦੇ ਅਧਾਰ 'ਤੇ ਸੰਵਿਧਾਨ ਸਭਾ ਦੇ ਕੇਂਦਰੀ ਨਾਅਰੇ ਦੀ ਹਿਮਾਇਤ ਕੀਤੀ। ਅੱਗੇ 1946 'ਚ ਸੰਵਿਧਾਨ ਦੇ ਗਠਨ ਸਮੇਂ ਜੋ ਹੋਇਆ, ਉਸ 'ਚ ਕਾਂਗਰਸ ਦੇ ਵਿਸਾਹਘਾਤ ਨੂੰ ਸਮਝਣ ਲਈ ਇਸ ਗੱਲ ਨੂੰ ਚੇਤੇ ਰੱਖਣਾ ਜ਼ਰੂਰੀ ਹੈ ਕਿ ਨਹਿਰੂ ਅਤੇ ਕਾਂਗਰਸ ਦਾ "ਖੱਬਾ ਧੜਾ" 1930 ਦੇ ਦਹਾਕੇ 'ਚ ਲਗਾਤਾਰ ਸਰਵਜਨਕ ਵੋਟ ਦੇ ਅਧਿਕਾਰ ਦੇ ਅਧਾਰ 'ਤੇ ਸੰਵਿਧਾਨ ਸਭਾ ਦੀ ਚੋਣ ਦੀ ਮੰਗ ਕਰ ਰਹੇ ਸਨ। ਲਖਨਊ ਅਤੇ ਫੈਜ਼ਪੁਰ ਇਜ਼ਲਾਸਾਂ (ਅਪ੍ਰੈਲ-ਦਸੰਬਰ 1936) 'ਚ ਨਹਿਰੂ ਨੇ ਇਸ ਮੰਗ ਨੂੰ ਕੇਂਦਰੀ ਨਾਅਰਾ ਬਣਾਉਣ ਦੀ ਹਿਮਾਇਤ ਕੀਤੀ ਸੀ। ਲਖਨਊ ਇਜ਼ਲਾਸ 'ਚ ਤਾਂ ਉਹਨਾਂ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਅਜਿਹਾ ਕੇਵਲ "ਅਰਧ-ਇਨਕਲਾਬੀ ਸਥਿਤੀ 'ਚ ਹੀ ਹੋ ਸਕੇਗਾ" ਅਤੇ ਇਸ ਲਈ ਕਾਂਗਰਸ ਨੂੰ ਇੱਕ ਅਸਲੀ "ਸਾਮਰਾਜਵਾਦ ਵਿਰੋਧੀ ਲੋਕ ਮੋਰਚਾ" ਬਣਨਾ ਹੋਵੇਗਾ। ਇਸ ਦੌਰ 'ਚ ਬਿਰਲਾ, ਠਾਕੁਰ ਦਾਸ, ਵਾਲਚੰਦ ਆਦਿ ਸਰਮਾਏਦਾਰਾਂ ਦੇ ਆਪਸੀ ਪੱਤਰ ਵਿਹਾਰ ਦਾ ਸੁਮੀਤ ਸਰਕਾਰ ਜਾਂ ਹੋਰ ਕਈ ਇਤਿਹਾਸਕਾਰਾਂ ਨੇ ਅਧਿਐਨ ਕਰਕੇ ਦਰਸਾਇਆ ਹੈ ਕਿ ਮੋਹਰੀ ਭਾਰਤੀ ਸਰਮਾਏਦਾਰਾਂ ਨੂੰ ਨਹਿਰੂ ਨੂੰ ਪਟਰੀ 'ਤੇ ਰੱਖਣ ਦੀ ਮਹਾਤਮਾ ਜੀ ਦੀ ਯੋਗਤਾ 'ਤੇ ਪੂਰਾ ਭਰੋਸਾ ਸੀ, ਉਹ ਜਾਣਦੇ ਸਨ ਕਿ ਕਾਂਗਰਸ ਦੇ ਸੱਜੇ ਪੱਖੀ ਤੱਤ ਨਹਿਰੂ ਦੇ

ਸਮਾਜਵਾਦ ਦੀ ਕਾਟ ਕਰਦੇ ਰਹਿਣਗੇ ਅਤੇ ਗਾਂਧੀ ਇਸ 'ਚ ਸੰਤੁਲਨਕਾਰੀ ਭੂਮਿਕਾ ਨਿਭਾਉਂਦੇ ਰਹਿਣਗੇ। ਨਹਿਰੂ ਦੀ "ਨੇਕ ਨੀਅਤੀ" 'ਤੇ ਅਤੇ ਸੱਤ੍ਹਾ 'ਚ ਆਉਣ 'ਤੇ "ਸਤੁੰਲਿਤ" ਵਿਚਰਣ 'ਤੇ ਵੀ ਉਹਨਾਂ ਨੂੰ ਪੂਰਾ ਭਰੋਸਾ ਸੀ ਅਤੇ ਉਹ ਇਹ ਵੀ ਜਾਣਦੇ ਸਨ ਕਿ ਕੌਮੀ ਲਹਿਰ 'ਚ ਕਿਸਾਨਾਂ-ਮਜ਼ਦੂਰਾਂ ਅਤੇ ਰੈਡੀਕਲ ਮੱਧਵਰਗ ਨੂੰ ਨਾਲ ਰੱਖਣ ਲਈ ਨਹਿਰੂ ਦੇ ਰੈਡੀਕਲ ਤੇਵਰ ਅਤੇ ਸਮਾਜਵਾਦੀ ਲੱਫਾਜ਼ੀ ਉਹਨਾਂ ਲਈ ਵੱਡੇ ਕੰਮ ਦੀ ਚੀਜ਼ ਹੈ।

ਇਤਿਹਾਸਕ ਪਿੱਠਭੂਮੀ

ਭਾਰਤੀ ਪੂੰਜੀਪਤੀ ਜਮਾਤ ਦੀ ਚਰਿੱਤਰਕ ਵਿਸ਼ੇਸ਼ਤਾ ਸੀ ਕਿ ਉਹ ਬਸਤੀਵਾਦੀ ਬ੍ਰਿਟੇਨ ਦੀਆਂ ਮਜਬੂਰੀਆਂ ਅਤੇ ਸਾਮਰਾਜਵਾਦੀ ਸੰਸਾਰ ਦੀਆਂ ਵਿਰੋਧਤਾਈਆਂ ਦਾ ਫਾਇਦਾ ਲੈ ਕੇ ਆਪਣੀ ਆਰਥਿਕ ਤਾਕਤ ਵਧਾਉਂਦੀ ਰਹੀ ਸੀ ਅਤੇ ਸਮਝੌਤਾ-ਦਬਾਅ-ਸਮਝੌਤਾ ਦੀ ਯੁੱਧਨੀਤੀ ਆਪਣਾ ਕੇ ਕਦਮ-ਬ-ਕਦਮ ਰਾਜਨੀਤਕ ਸੱਤ੍ਹਾ 'ਤੇ ਕਾਬਜ਼ ਹੋਣ ਦੀ ਦਿਸ਼ਾ 'ਚ ਅੱਗੇ ਵੱਧ ਰਹੀ ਸੀ। ਵਿਆਪਕ ਲੋਕਾਈ ਨੂੰ ਨਾਲ਼ ਲੈਣ ਲਈ ਭਾਰਤੀ ਪੂੰਜੀਪਤੀ ਜਮਾਤ ਦੀ ਪ੍ਰਤੀਨਿਧੀ ਕਾਂਗਰਸ ਪਾਰਟੀ ਆਮ ਤੌਰ 'ਤੇ ਗਾਂਧੀ ਦੇ ਅਧਿਆਤਮਿਕ ਚਾਸ਼ਨੀ 'ਚ ਤਰ ਪੂੰਜੀਵਾਦੀ ਮਾਨਵਤਾਵਾਦੀ ਯੂਟੋਪੀਆ ਦਾ ਸਹਾਰਾ ਲੈਂਦੀ ਸੀ। ਕਿਸਾਨਾਂ ਲਈ ਉਸ ਕੋਲ ਗਾਂਧੀਵਾਦੀ 'ਗ੍ਰਾਮ-ਸਵਰਾਜ' ਦਾ ਨਰੋਦਵਾਦੀ ਯੂਟੋਪੀਆ ਸੀ। ਕਦੇ-ਕਦੇ ਉਹ ਪੂੰਜੀਵਾਦੀ ਭੂਮੀ-ਸੁਧਾਰ ਦੀਆਂ ਗੱਲਾਂ ਵੀ ਕਰਦੀ ਸੀ, ਪਰ ਜਗੀਰਦਾਰਾਂ, ਨੂੰ ਪਾਰਟੀ 'ਚ ਜਗ੍ਹਾ ਦੇ ਕੇ ਉਹਨਾਂ ਨੂੰ ਵਾਰੀ ਵਾਰੀ ਇਹ ਭਰੋਸਾ ਦਵਾਇਆ ਜਾਂਦਾ ਸੀ ਕਿ ਉਹਨਾਂ ਦੀ ਸੰਪਤੀ ਬਲਪੂਰਵਕ ਢੰਗ ਨਾਲ਼ ਕਦੀ ਨਹੀਂ ਖੋਹੀ ਜਾਵੇਗੀ। ਮੱਧਵਰਗ ਨੂੰ ਲੁਭਾਉਣ ਲਈ ਕਾਂਗਰਸ ਕੋਲ ਨਹਿਰੂ, ਸੁਭਾਸ਼ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਰੈਡੀਕਲ ਸਮਾਜਵਾਦੀ ਨਾਅਰੇ ਸਨ, ਜਿਨ੍ਹਾਂ ਦਾ ਵਿਵਹਾਰਕ ਤੌਰ 'ਤੇ ਕੋਈ ਮਤਲਬ ਨਹੀਂ ਸੀ ਅਤੇ ਇਸ ਗੱਲ ਨੂੰ ਭਾਰਤੀ ਪੂੰਜੀਪਤੀ ਜਮਾਤ ਵੀ ਸਮਝਦੀ ਸੀ। ਬ੍ਰਿਟਿਸ਼ ਬਸਤੀਵਾਦੀ ਵੀ ਸਮਝਦੇ ਸਨ ਕਿ ਨਹਿਰੂ ਦਾ "ਸਮਾਜਵਾਦ" ਬ੍ਰਿਟਿਸ਼ ਲੇਬਰ ਪਾਰਟੀ ਦੇ "ਸਮਾਜਵਾਦ" ਤੋਂ ਵੀ ਜ਼ਿਆਦਾ ਥੋਥਾ, ਲਫ਼ਾਜ਼ੀ ਭਰਿਆ ਅਤੇ ਪਖੰਡੀ ਹੈ। ਭਾਰਤੀ ਪੂੰਜੀਪਤੀ ਜਮਾਤ ਸਿਆਸੀ ਅਜ਼ਾਦੀ ਦੇ ਨੇੜੇ ਪਹੁੰਚਦੇ ਜਾਣ ਦੇ ਨਾਲ਼ ਹੀ ਇਹ ਸਮਝਦੀ ਜਾ ਰਹੀ ਸੀ ਕਿ ਆਧੁਨਿਕ ਸਨਅਤੀ ਭਾਰਤ ਦਾ ਨਹਿਰੂ ਦਾ ਸੁਪਨਾ ਪੂੰਜੀਵਾਦੀ ਅਕਾਂਖਿਆਵਾਂ ਦਾ ਹੀ ਮੂਰਤ ਰੂਪ ਸੀ। 'ਸਮਾਜਵਾਦੀ ਯੋਜਨਾਬੱਧ ਆਰਥਿਕ ਢਾਂਚੇ' ਜਿਹੇ ਜੁਮਲਿਆਂ ਨਾਲ਼ ਪੂੰਜੀਪਤੀ ਦੁਚਿੱਤੀ 'ਚ ਨਹੀਂ, ਸਗੋਂ ਖੁਸ਼ ਸਨ। ਉਹ ਪਹਿਲਾਂ ਤੋਂ ਹੀ ਇਸ ਗੱਲ ਨੂੰ ਭਲੀ ਭਾਂਤੀ ਸਮਝਦੇ ਸਨ ਕਿ ਉੱਤਰ-ਬਸਤੀਵਾਦੀ ਭਾਰਤ 'ਚ ਬੁਨਿਆਦੀ ਅਤੇ ਆਲ-ਜੰਜਾਲ ਸਨਅਤਾਂ ਨੂੰ ਰਾਜ ਦੇ ਕੰਟਰੋਲ 'ਚ ਰੱਖਣਾ ਹੀ ਉਹਨਾਂ ਦੇ ਹਿੱਤ 'ਚ ਹੋਵੇਗਾ, ਕਿਉਂ ਕਿ 'ਪਬਲਿਕ ਸੈਕਟਰ' ਦਰਮਿਆਨ ਹੀ ਲੋਕਾਂ ਨੂੰ ਨਿਚੋੜ ਕੇ ਆਵਾਜਾਈ, ਢੋਆ-ਢੋਆਈ, ਡੈਮ-ਪਣਬਿਜਲੀ ਪਰਿਯੋਜਨਾਵਾਂ ਖਣਿਜ-ਖਦਾਨਾਂ, ਇਸਪਾਤ ਕਾਰਖਾਨਿਆਂ ਆਦਿ ਦਾ ਵਿਰਾਟ ਢਾਂਚਾ ਖੜਾ ਕੀਤਾ ਜਾ ਸਕਦਾ ਹੈ। ਸਰਮਾਏਦਾਰਾਂ ਦੀ ਮਾਲਕੀ ਵਾਲੀਆਂ ਸਨਅਤਾਂ ਦੇ ਵਿਕਾਸ ਲਈ ਸਨਅਤਾਂ ਦਾ ਇਹ ਬੁਨਿਆਦੀ ਢਾਂਚਾ ਜ਼ਰੂਰੀ ਸੀ, ਪਰ ਉਸ ਸਮੇਂ ਭਾਰਤੀ ਸਰਮਾਏਦਾਰਾਂ ਕੋਲ ਇੰਨੀ ਪੂੰਜੀ ਨਹੀਂ ਸੀ ਅਤੇ ਇਸ ਲਈ ਸਮਾਜਵਾਦੀ ਮੁਖੌਟਾ ਜ਼ਰੂਰੀ ਸੀ। ਪੂੰਜੀਪਤੀ ਜਮਾਤ ਜਾਣਦੀ ਸੀ ਕਿ 'ਪਬਲਿਕ ਸੈਕਟਰ' ਉਸੇ ਦਾ ਹਿਤ ਸਾਧਨ ਕਰੇਗਾ, ਉਸ ਦੀ ਚੋਟੀ 'ਤੇ ਬੈਠੀ ਤਾਕਤਵਰ ਨੌਕਰਸ਼ਾਹੀ ਅੰਤ 'ਚ ਉਸ ਦੀ ਜਮਾਤੀ ਸਹਿਯੋਗੀ ਹੋਵੇਗੀ ਅਤੇ ਸਰਕਾਰ ਦੇ ਮਾਰਫ਼ਤ (ਜਿਹੜੀ ਅਸਲ 'ਚ ਸਰਮਾਏਦਾਰਾਂ ਦੀ ਹੀ 'ਮੈਨੇਜਿੰਗ ਕਮੇਟੀ ਹੁੰਦੀ ਹੈ) ਪਬਲਿਕ ਸੈਕਟਰ 'ਤੇ ਅਸਲੀ ਕੰਟਰੋਲ ਵੀ ਉਸੇ ਦਾ ਹੋਵੇਗਾ। (ਹੈਰਾਨੀ ਦੀ ਗੱਲ ਨਹੀਂ ਕਿ ਜਿਵੇਂ ਹੀ ਭਾਰਤੀ ਪੂੰਜੀਪਤੀ ਜਮਾਤ ਆਰਥਿਕ ਦ੍ਰਿਸ਼ਟੀ ਤੋਂ ਤਾਕਤਵਰ ਹੋ ਗਈ, ਉਦੋਂ ਹੀ ਨਿੱਜੀਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ)।

ਵਰਨਣਯੋਗ ਹੈ ਕਿ 1934 'ਚ ਹੀ ਵਿਸ਼ਵੇਸ਼ਵਰਿਆ ਨੇ ਸਰਕਾਰ ਰਾਹੀਂ ਯੋਜਨਾਵਾਂ ਬਣਾਉਣ ਦੀ ਗੱਲ ਕਹੀ ਸੀ। 1938 'ਚ ਨਹਿਰੂ ਅਧੀਨ ਜਿਹੜੀ ਕੌਮੀ ਯੋਜਨਾ ਕਮੇਟੀ ਬਣੀ ਸੀ, ਉਸਦੀਆਂ 29 ਸਹਾਇਕ ਕਮੇਟੀਆਂ 'ਚ ਭਾਰਤੀ ਸਨਅਤਕਾਰਾਂ-ਵਪਾਰੀਆਂ ਦੇ ਪ੍ਰਤੀਨਿਧੀ ਸ਼ਾਮਲ ਸਨ। ਉਸ ਕਮੇਟੀ 'ਚ ਵੀ ਨਹਿਰੂ ਨੇ ਮਿਸ਼ਰਿਤ ਅਰਥਚਾਰੇ ਦੀ ਗੱਲ ਕੀਤੀ ਸੀ ਅਤੇ ਨਾਲੇ ਇਹ ਵੀ ਪ੍ਰਵਾਨ ਕੀਤਾ ਸੀ ਕਿ ਬਸਤੀਵਾਦੀ ਸਨਅਤੀ ਸੰਰਚਨਾ ਨੂੰ ਅਧਾਰ ਦੇ ਰੂਪ 'ਚ ਪ੍ਰਾਵਨ ਕਰਨਾ ਜ਼ਰੂਰੀ ਹੋਵੇਗਾ। ਅੱਗੇ ਚਲ ਕੇ, ਭਾਰਤੀ ਸਨਅਤਕਾਰਾਂ ਨੇ 1944 'ਚ ਜਦੋਂ ਭਾਵੀ ਭਾਰਤ ਦੇ ਆਰਥਿਕ ਵਿਕਾਸ ਦੀ ਵੱਡੀ ਯੋਜਨਾ ('ਬੰਬੇ ਪਲਾਨ' ਜਾਂ 'ਟਾਟਾ-ਬਿਰਲਾ ਪਲਾਨ' ਦੇ ਨਾਂ ਨਾਲ਼ ਪ੍ਰਸਿੱਧ) ਪੇਸ਼ ਕੀਤੀ, ਤਾਂ ਉਸ 'ਚ ਮਿਸ਼ਰਿਤ ਅਰਥਚਾਰੇ (ਪ੍ਰਾਈਵੇਟ ਸੈਕਟਰ - ਪਬਲਿਕ ਸੈਕਟਰ) ਦਾ ਖਾਕਾ ਪੇਸ਼ ਕਰਨ ਦੇ ਨਾਲ਼ ਹੀ ਬ੍ਰਿਟਿਸ਼ ਮਹਾਜਨੀ ਪੂੰਜੀ ਨਾਲ਼ ਅਤੇ ਪੂਰੇ ਸਾਮਰਾਜਵਾਦ ਨਾਲ਼ ਸਹਿਯੋਗ ਸਹਿਕਾਰ ਦੀ ਗੱਲ ਵੀ ਸਪੱਸ਼ਟ ਸ਼ਬਦਾਂ 'ਚ ਕਹੀ ਗਈ ਸੀ। ਦਿਲਚਸਪ ਗੱਲ ਹੈ ਕਿ ਬੰਬੇ ਪਲਾਨ ਦੇ ਪ੍ਰਕਾਸ਼ਨ ਦੇ ਤੁਰੰਤ ਮਗਰੋਂ, ਜਦੋਂ ਕਾਂਗਰਸ ਇਕ ਪਾਸੇ ਸੱਤ੍ਹਾ ਹਸਤਾਂਤਰਣ ਲਈ ਵਾਰਤਾਵਾਂ-ਸੌਦੇਬਾਜ਼ੀਆਂ 'ਚ ਰੁੱਝੀ ਹੋਈ ਸੀ ਅਤੇ ਦੂਜੇ ਪਾਸੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸੁਪਨੇ ਦਿਖਾ ਰਹੀ ਸੀ, ਉਸ ਸਮੇਂ ਸੰਵਿਧਾਨਕ ਸਮਝੌਤਿਆਂ ਦੇ ਨਾਲ਼ ਨਾਲ਼ ਬ੍ਰਿਟੇਨ ਅਤੇ ਭਾਰਤ ਦੇ ਵੱਡੇ ਸਰਮਾਏਦਾਰਾਂ ਦਰਮਿਆਨ ਨਜ਼ਦੀਕੀ ਸਬੰਧ ਕਾਇਮ ਹੋ ਰਹੇ ਸਨ। ਬ੍ਰਿਟਿਸ਼ ਸਰਮਾਏਦਾਰਾਂ ਨਾਲ਼ ਬੰਬੇ ਪਲਾਨ ਦੇ ਤਿੰਨ ਮੁੱਖ ਸੂਤਰਧਾਰਾਂ - ਟਾਟਾ, ਬਿਰਲਾ ਅਤੇ ਸਰ ਸ਼੍ਰੀਰਾਮ ਨੇ ਤਦ ਸਮਝੌਤੇ ਕਰ ਲਏ ਸਨ। ਫਿਰ ਵੀ, ਇਹ ਚਰਚਾ ਅਸੀਂ ਕਾਂਗਰਸ ਅਤੇ ਉਸਦੀ ਅਗਵਾਈ 'ਚ ਸਥਾਪਿਤ ਭਾਰਤੀ ਪੂੰਜੀਵਾਦੀ ਜਮੂਹਰੀਅਤ ਦੇ ਚਰਿੱਤਰ ਨੂੰ ਸਮਝਣ ਲਈ ਕਰ ਰਹੇ ਸੀ। ਸਾਨੂੰ ਪਿੱਛੇ 1935 ਦੇ 'ਗਵਰਨਮੈਂਟ ਆਫ਼ ਇੰਡੀਆ ਐਕਟ' ਦੇ ਪਾਸ ਹੋਣ ਮਗਰੋਂ ਦੇ ਸਾਲਾਂ ਵੱਲ ਮੁੜਨਾ ਹੋਵੇਗਾ ਅਤੇ ਉਥੋਂ ਅੱਗੇ ਸਿਆਸੀ ਘਟਨਾਕ੍ਰਮ ਦੇ ਵਿਕਾਸ 'ਤੇ ਸਰਸਰੀ ਨਜ਼ਰ ਦੌੜਾਉਣੀ ਹੋਵੇਗੀ।

1935-36 ਦੇ ਵਰ੍ਹਿਆਂ 'ਚ ਭਾਰਤੀ ਸਿਆਸਤ ਦਾ ਇਕ ਅਜਿਹਾ ਸਰੂਪ ਉਭਰ ਕੇ ਸਾਹਮਣੇ ਆਇਆ, ਜਿਹੜਾ ਮਗਰੋਂ ਦੇ ਸਾਲਾਂ 'ਚ, 1947 ਮਗਰੋਂ ਵੀ ਇਕ ਆਮ ਚੌਖਟੇ ਦੇ ਰੂਪ 'ਚ ਸਥਾਪਿਤ ਹੋ ਜਾਣ ਵਾਲਾ ਸੀ। ਇਹ ਸਮਾਂ ਸੀ ਜਦ ਉੱਪਰੀ ਤੌਰ 'ਤੇ ਖੱਬੇਪੱਖੀ ਸਿਆਸਤ ਦੀ ਧਾਰਾ ਲਗਾਤਾਰ ਅੱਗੇ ਵਧਦੀ ਅਤੇ ਤਾਕਤਵਾਰ ਹੁੰਦੀ ਦਿਖ ਰਹੀ ਸੀ। ਮਜ਼ਦੂਰਾਂ-ਕਿਸਾਨਾਂ ਦੇ ਉੱਗਰ ਸੰਘਰਸ਼, ਖੱਬੇਪੱਖੀ ਲੀਡਰਸ਼ਿਪ ਵਾਲੀਆਂ ਜਨਤਕ ਜੱਥੇਬੰਦੀਆਂ ਦੀ ਸਥਾਪਤੀ ਅਤੇ ਮੱਧਵਰਗੀ ਬੁੱਧੀਜੀਵੀਆਂ ਦਰਮਿਆਨ ਖੱਬੇਪੱਖੀ ਧਾਰਾ ਦਾ ਪ੍ਰਭਾਵ ਇਸਦੇ ਪ੍ਰਮੁੱਖ ਲੱਛਣ ਸਨ। 1936 ਤੱਕ ਜਨਰਲ ਸਕੱਤਰ ਪੀ. ਸੀ. ਜੋਸ਼ੀ ਦੀ ਲੀਡਰਸ਼ਿਪ 'ਚ ਕਮਿਊਨਿਸਟ ਪਾਰਟੀ ਸਾਮਰਾਜਵਾਦ-ਵਿਰੋਧੀ ਸਾਂਝੇ ਮੋਰਚੇ ਦੀ ਯੁੱਧਨੀਤੀ 'ਤੇ ਕੰਮ ਕਰਦੀ ਹੋਈ ਕਾਂਗਰਸ ਅੰਦਰ ਇਸ ਉਦੇਸ਼ ਨਾਲ਼ ਕੰਮ ਕਰਨ ਲੱਗੀ ਸੀ ਕਿ ਉਸਨੂੰ 'ਸਾਮਰਾਜਵਾਦ-ਵਿਰੋਧੀ ਲੋਕ ਮੋਰਚੇ' 'ਚ ਤਬਦੀਲ ਕਰ ਦਿੱਤਾ ਜਾਵੇ। ਪਰ ਪਾਰਟੀ ਦੀ ਵਿਚਾਰਧਾਰਕ ਕਮਜ਼ੋਰੀ ਅਤੇ ਜੋਸ਼ੀ ਧੜੇ ਦੇ ਸੱਜੇਪੱਖੀ ਭਟਕਾਅ ਕਾਰਨ ਪਾਰਟੀ ਕਾਂਗਰਸ ਦੀ ਪੂੰਜੀਵਾਦੀ ਲੀਡਰਸ਼ਿਪ ਨੂੰ ਨਿਖੇੜਨ ਦੀ ਬਜਾਏ ਖੁਦ ਉਸਦੇ ਹੱਥਾਂ ਰਾਹੀਂ ਵਰਤੀ ਗਈ। ਲਖਨਊ ਅਤੇ ਫੈਜਪੁਰ ਦੇ ਸ਼ੈਸ਼ਨਾਂ 'ਚ ਭਰਪੂਰ ਖੱਬੇਪੱਖੀ ਤੇਵਰ ਦਿਖਾਉਣ ਵਾਲੇ ਨਹਿਰੂ ਅਸਲ 'ਚ ਇਕ ਭਰਮਾਊ ਮੁਖੌਟਾ ਹੀ ਸਿੱਧ ਹੋਏ। ਕਾਂਗਰਸ ਸੋਸ਼ਲਿਸਟ ਪਾਰਟੀ ਦੇ ਭਾਂਤ-ਭਾਂਤ ਦੇ ਮੱਧਵਰਗੀ ਰੈਡੀਕਲ ਤੱਤ ਵੀ ਅਸਲ 'ਚ ਪੂੰਜੀਪਤੀ ਜਮਾਤ ਰਾਹੀਂ ਸਮੇਂ-ਸਮੇਂ 'ਤੇ ਵਰਤੋਂ ਕੀਤੇ ਜਾਣ ਵਾਲੇ ਦਬਾਅ-ਸਮੂਹ ਹੀ ਸਿੱਧ ਹੋਏ। ਅੰਤ 'ਚ ਕਾਂਗਰਸ ਅੰਦਰ ਦੇ ਕੱਟੜ ਸੱਜੇਪੱਖੀ ਅਤੇ ਮੱਧਮਾਰਗੀ ਤੱਤ "ਖੱਬੇਪੱਖੀ" ਤੂਫਾਨ ਨੂੰ ਨਾ ਕੇਵਲ ਕੰਟਰੋਲ ਕਰਨ, ਸਗੋਂ ਉਸਦੀ ਕੁਸ਼ਲਤਾਪੂਰਵਕ ਵਰਤੋਂ ਕਰਨ 'ਚ ਸਫਲ ਰਹੇ।

ਕਾਂਗਰਸ ਨੇ 1935 ਦੇ ਜਿਸ 'ਗਵਰਨਮੈਂਟ ਆਫ਼ ਇੰਡੀਆ ਐਕਟ" ਨੂੰ "ਗੁਲਾਮੀ ਦੇ ਚਾਰਟਰ" ਦੀ ਸੰਗਿਆ ਦਿੱਤੀ ਸੀ, ਉਸੇ ਤਹਿਤ ਹੋਣ ਵਾਲੀਆਂ 1937 ਦੀਆਂ ਸੂਬਾਈ ਅਸੈਂਬਲੀਆਂ ਦੀ ਚੋਣਾਂ 'ਚ ਉਸਨੇ ਹਿੱਸਾ ਵੀ ਲਿਆ। ਕਾਰਨ ਸਪੱਸ਼ਟ ਸੀ, ਚੋਣ ਬਾਈਕਾਟ ਕਰਕੇ ਜੁਝਾਰੂ ਲੋਕ ਘੋਲਾਂ 'ਚ ਉਤਰਨ ਲਈ ਕਾਂਗਰਸੀ ਲੀਡਰਸ਼ਿਪ ਕਦੇ ਵੀ ਤਿਆਰ ਨਹੀਂ ਸੀ। ਕਾਂਗਰਸ 'ਚ ਮਤਭੇਦ ਸੱਤ੍ਹਾ 'ਚ ਹਿੱਸੇਦਾਰੀ ਦੇ ਸਵਾਲ 'ਤੇ ਸੀ। ਨਹਿਰੂ, ਸੁਭਾਸ਼ ਅਤੇ ਕਾਂਗਰਸ ਅੰਦਰ ਹੋਰ ਖੱਬੇਪੱਖੀਆਂ (ਕਾਂਗਰਸ ਸੋਸ਼ਲਿਸਟ ਪਾਰਟੀ ਵਾਲਿਆਂ) ਦਾ ਮੰਨਣਾ ਸੀ ਕਿ ਚੋਣ ਜਿੱਤ ਕੇ ਸੂਬਾਈ ਅਸੈਂਬਲੀਆਂ 'ਚ ਵੜਿਆ ਜਾਵੇ, ਉੱਥੇ ਵੀ 1935 ਦੇ ਕਾਨੂੰਨ ਦਾ ਵਿਰੋਧ ਕੀਤਾ ਜਾਵੇ ਅਤੇ ਫਿਰ ਵਿਆਪਕ ਲੋਕ ਲਹਿਰ ਦੀ ਤਿਆਰੀ ਕੀਤੀ ਜਾਵੇ। ਕਮਿਊਨਿਸਟ ਪਾਰਟੀ (ਜਿਹੜੀ ਕਾਂਗਰਸ ਨੂੰ 'ਸਾਮਰਾਜਵਾਦ-ਵਿਰੋਧੀ ਲੋਕ ਮੋਰਚਾ' ਬਣਾਉਣ ਦੇ ਉਦੇਸ਼ ਨਾਲ਼ ਟਰੇਡ-ਯੂਨੀਅਨਾਂ ਅਤੇ ਕਿਸਾਨ ਜੱਥੇਬੰਦੀਆਂ ਨੂੰ, ਸਮੂਹਿਕ ਤੌਰ 'ਤੇ ਕਾਂਗਰਸ ਨਾਲ਼ ਜੋੜਨ ਦਾ ਫੈਸਲਾ ਲੈ ਚੁੱਕੀ ਸੀ ਅਤੇ ਜਿਸਦੇ ਮੈਂਬਰ ਪਹਿਲਾਂ ਤੋਂ ਹੀ ਕਾਂਗਰਸ 'ਚ ਸ਼ਾਮਿਲ ਹੋ ਕੇ ਕੰਮ ਕਰ ਰਹੇ ਸਨ) ਦਾ ਵੀ ਇਹੀ ਮੰਨਣਾ ਸੀ ਕਿ ਚੋਣਾਂ ਜੁਝਾਰੂ ਪ੍ਰੋਗਰਾਮ ਦੇ ਅਧਾਰ 'ਤੇ ਲੜੀਆਂ ਜਾਣ ਪਰ ਅਹੁਦੇ ਨਾ ਗ੍ਰਹਿਣ ਕੀਤੇ ਜਾਣ ਅਤੇ ਸਰਵਜਨਕ ਬਾਲਗ ਵੋਟ ਦੇ ਹੱਕ ਦੇ ਅਧਾਰ 'ਤੇ ਸੰਵਿਧਾਨ ਸਭਾ ਬੁਲਾਉਣ ਦੀ ਮੰਗ ਨੂੰ ਮੁੱਖ ਸਕਾਰਾਤਮਕ ਮੁੱਦਾ ਬਣਾਇਆ ਜਾਵੇ। ਕਾਂਗਰਸ ਅੰਦਰ ਮੌਕਾਪ੍ਰਸਤ ਅਤੇ ਭਾਰਤੀ ਸਰਮਾਏਦਾਰ ਇਸ ਤੋਂ ਜ਼ਰਾ ਵੀ ਚਿੰਤਿਤ ਨਹੀਂ ਸਨ। ਉਹ ਮੰਨਦੇ ਸਨ ਕਿ ਇਕ ਵਾਰੀ ਚੋਣਾਂ ਜਿੱਤਣ ਮਗਰੋਂ ਸਭ ਖੱਬੇਪੱਖੀ ਲੱਛੇਦਾਰ ਗੱਲਾਂ ਦੇ ਬਾਵਜੂਦ, ਨਹਿਰੂ ਅਤੇ ਕਾਂਗਰਸੀ ਸੋਸ਼ਲਿਸਟ ਮੰਤਰੀ-ਮੰਡਲ ਬਣਾਉਣ ਦੇ ਦਬਾਅ ਅੱਗੇ ਝੁਕਣ ਨੂੰ ਮਜਬੂਰ ਹੋ ਜਾਣਗੇ। ਬਿਰਲਾ ਨੇ ਠਾਕੁਰ ਦਾਸ ਨੂੰ ਲਿਖੇ ਇਕ ਖਤ 'ਚ (20 ਅਪ੍ਰੈਲ, 1936) ਭਵਿੱਖਬਾਣੀ ਕੀਤੀ ਸੀ ਕਿ, "ਅਗਾਮੀ ਚੋਣਾਂ ਨੂੰ 'ਵਲੱਭ ਭਾਈ ਦਾ ਗਰੁੱਪ' ਕੰਟਰੋਲ ਕਰੇਗਾ ਅਤੇ ਜੇਕਰ ਲਾਰਡ ਲਿਨਲਿਥਕੋ ਸਥਿਤੀ ਦਾ ਠੀਕ ਸੰਚਾਲਤ ਕਰਨ ਤਾਂ ਕਾਗਰਸੀਆਂ ਦੇ ਸੱਤ੍ਹਾ 'ਚ ਆਉਣ ਦੀ ਪੂਰੀ ਸੰਭਾਵਨਾ ਹੈ।"

ਫਰਵਰੀ, 1937 'ਚ ਹੋਈਆਂ ਚੋਣਾਂ 'ਚ ਕਾਂਗਰਸ ਨੇ ਕੁੱਲ 1,585 'ਚੋਂ 1,161 ਸੀਟਾਂ 'ਤੇ ਚੋਣਾਂ ਲੜੀਆਂ ਅਤੇ 716 'ਤੇ ਜਿੱਤ ਹਾਸਿਲ ਕੀਤੀ। ਆਪਣੇ ਐਲਾਨਨਾਮੇ 'ਚ ਉਸਨੇ 1935 ਦੇ ਕਾਨੂੰਨ ਨੂੰ ਖਾਰਿਜ ਕਰਨ ਨਾਲ਼ ਹੀ ਨਾਗਰਿਕ ਅਜ਼ਾਦੀ ਦੀ ਬਹਾਲੀ, ਸਿਆਸੀ ਕੈਦੀਆਂ ਦੀ ਰਿਹਾਈ, ਖੇਤੀ ਢਾਂਚੇ 'ਚ ਰੈਡੀਕਲ ਬਦਲਾਅ, ਲਗਾਨ 'ਚ ਕਟੌਤੀ, ਕਿਸਾਨਾਂ ਦੀ ਕਰਜ਼-ਮੁਕਤੀ, ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦੇ ਹੱਕ ਦੇਣ ਦੇ ਕਈ ਲੁਭਾਵਣੇ ਵਾਅਦੇ ਕੀਤੇ ਸਨ। ਉਸਨੂੰ ਮੁੱਖ ਚੋਣ ਪ੍ਰਚਾਰਕ ਨਹਿਰੂ ਦੇ ਰੈਡੀਕਲ ਤੇਵਰਾਂ ਦਾ ਵੀ ਬਹੁਤ ਲਾਭ ਮਿਲਿਆ। ਪ੍ਰਸੰਗਵਸ਼ ਇਹ ਜਿਕਰ ਕਰ ਦੇਈਏ ਕਿ ਕਾਂਗਰਸ ਨੂੰ ਚੋਣਾਂ ਲੜਨ ਲਈ ਸਰਮਾਏਦਾਰ ਤੋਂ ਭਰਪੂਰ ਆਰਥਿਕ ਮੱਦਦ ਮਿਲੀ ਸੀ। ਪਟੇਲ ਦੀ ਅਗਵਾਈ ਵਾਲੀ ਕਾਂਗਰਸ ਦੇ ਕੇਂਦਰੀ ਸੰਸਦੀ ਬੋਰਡ ਨੂੰ ਬਿਰਲਾ ਨੇ 5 ਲੱਖ ਰੁਪਏ ਦਾ ਦਾਨ ਦਿੱਤਾ। ਬਿਹਾਰ ਕਾਂਗਰਸ ਦੁਆਰਾ ਇਕੱਠੇ ਕੀਤੇ 37,000 ਰੁਪਏ ਦੇ ਚੋਣ ਫੰਡ 'ਚੋਂ 27,000 ਰੁਪਏ ਇਕੱਲੇ ਡਾਲਮੀਆ ਨੇ ਦਿੱਤੇ ਸਨ। ਫਿਰ ਵੀ ਚੋਣਾਂ ਲੜਨ ਦੇ ਭਾਰੀ ਖਰਚ ਨੂੰ ਦੇਖਦੇ ਹੋਏ ਉਮੀਦਵਾਰਾਂ ਨੂੰ ਆਪਣਾ ਚੋਣ ਖਰਚ ਖੁਦ ਚੁੱਕਣ ਨੂੰ ਕਿਹਾ ਗਿਆ ਸੀ। ਇਸ ਦੀ ਵਜ੍ਹਾ ਕਰਕੇ ਜ਼ਿਆਦਾਤਰ ਅਮੀਰ ਲੋਕ ਹੀ ਚੋਣਾਂ ਲੜ ਸਕੇ। ਬਿਹਾਰ 'ਚ ਜ਼ਿਆਦਾਤਰ ਕਾਂਗਰਸੀ ਉਮੀਦਵਾਰ ਜਗੀਰਦਾਰਾਂ 'ਚੋਂ ਸਨ ਅਤੇ ਜਗੀਰਦਾਰਾਂ ਦੇ ਹੀ ਦਬਾਅ ਕਾਰਨ ਕਿਸਾਨ ਸਭਾ ਦੇ ਕਈ ਲੀਡਰਾਂ ਨੂੰ ਟਿਕਟ ਨਹੀਂ ਦਿੱਤੀ ਗਈ।

ਚੋਣਾਂ ਜਿੱਤਣ ਮਗਰੋਂ, ਰਜਿੰਦਰ ਪ੍ਰਸਾਦ ਅਤੇ ਪਟੇਲ ਨੇ ਇਹ ਮਤਾ ਰੱਖਿਆ ਕਿ ਜੇਕਰ ਗਵਰਨਰ ਆਪਣੀਆਂ ਵਿਸ਼ੇਸ਼ ਤਾਕਤਾਂ ਦੀ ਵਰਤੋਂ ਨਾ ਕਰਨ ਦਾ ਭਰੋਸਾ ਦਿਵਾਏ ਤਾਂ ਕਾਂਗਰਸ ਨੂੰ ਮੰਤਰੀ-ਮੰਡਲ ਗਠਿਤ ਕਰ ਲੈਣਾ ਚਾਹੀਦਾ ਹੈ। ਕਿਸੇ ਵੀ ਹਾਲਤ 'ਚ ਅਹੁਦਾ ਨਾ ਗ੍ਰਹਿਣ ਕਰਨ ਦਾ ਜੈ ਪ੍ਰਕਾਸ਼ ਨਰਾਇਣ ਦਾ ਮਤਾ ਕਾਂਗਰਸ ਕਮੇਟੀ ਦੇ ਸ਼ੈਸ਼ਨ 'ਚ 78 ਦੇ ਮੁਕਾਬਲੇ 135 ਵੋਟਾਂ ਨਾਲ ਹਾਰ ਗਿਆ। ਇਸ ਨੂੰ ਬਿਰਲਾ ਨੇ ਲਾਰਡ ਲਿਨਲਿਥਗੋ ਦੇ ਨਿੱਜੀ ਸੱਕਤਰ ਨੂੰ ਲਿਖੇ ਗਏ ਖ਼ਤ 'ਚ 'ਸੱਜੇਪੱਖ ਦੀ ਮਹਾਨ

ਜਿੱਤ' ਦੱਸਿਆ। ਲਾਰਡ ਲਿਨਲਿਥਗੋ ਰਾਹੀਂ ਕਾਂਗਰਸੀ ਸ਼ਰਤ ਬਾਬਤ ਕੋਈ ਭਰੋਸਾ ਨਹੀਂ ਦਿੱਤੇ ਜਾਣ ਦੇ ਬਾਵਜੂਦ, ਜੁਲਾਈ 1937 ਤੱਕ ਗਾਂਧੀ ਵੀ ਮੰਤਰੀ-ਮੰਡਲ ਗਠਨ ਦੇ ਹੱਕ 'ਚ ਹੋ ਚੁੱਕੇ ਸਨ। ਬਿਰਲਾ ਆਦਿ ਸਰਮਾਏਦਾਰਾਂ ਦੀਆਂ ਅਕਾਂਖਿਆਵਾਂ ਅਨੁਰੂਪ ਨਹਿਰੂ ਨੂੰ ਵੀ ਮਨਾ ਲਿਆ ਗਿਆ। ਮਦਰਾਸ, ਬੰਬੇ, ਮੱਧਭਾਰਤ, ਉੜੀਸਾ, ਬਿਹਾਰ ਅਤੇ ਸੰਯੁਕਤ ਸੂਬੇ 'ਚ ਜੁਲਾਈ 'ਚ ਅਤੇ ਹੋਰ ਫਿਰ ਕੁਝ ਮਹੀਨਿਆਂ ਮਗਰੋਂ ਪੱਛਮ ਉੱਤਰ ਸਰਹੱਦੀ ਸੂਬਿਆਂ 'ਚ ਕਾਂਗਰਸੀ ਮੰਤਰੀ-ਮੰਡਲ ਨੇ ਅਹੁਦੇ ਸੰਭਾਲ ਲਏ। ਸਤੰਬਰ, 1938 'ਚ ਕਾਂਗਰਸ ਦੇ "ਖੱਬੇਪੱਖੀ" ਪ੍ਰਧਾਨ ਸੁਭਾਸ਼ ਚੰਦਰ ਬੋਸ ਨੇ ਘਟੀਆ ਜੋੜ-ਤੋੜ ਅਤੇ ਦਲਬਦਲ ਸਹਾਰੇ ਅਸਾਮ 'ਚ ਵੀ ਕਾਂਗਰਸੀ ਮੰਤਰੀ-ਮੰਡਲ ਬਣਾ ਲਿਆ।

ਸੂਬਿਆਂ 'ਚ ਕਾਂਗਰਸੀ ਸ਼ਾਸਨ ਦੇ 28 ਮਹੀਨਿਆਂ ਨੇ ਇਸ ਪਾਰਟੀ ਦੇ ਪੂੰਜੀਵਾਦੀ ਚਰਿੱਤਰ ਦੀਆਂ ਖਾਸੀਅਤਾਂ ਨੂੰ ਇਕਦਮ ਸਪੱਸ਼ਟ ਕਰ ਦਿੱਤਾ। ਸ਼ੁਰੂ 'ਚ ਤਾਂ ਕਾਂਗਰਸੀ ਮੰਤਰੀ-ਮੰਡਲਾਂ ਤੋਂ ਸਾਰੀਆਂ ਜਮਾਤਾਂ ਦੇ ਸਾਮਰਾਜਵਾਦ-ਵਿਰੋਧੀ ਸੰਘਰਸ਼ਾਂ ਨੂੰ ਵਿਸ਼ੇਸ਼ ਪ੍ਰੇਰਨਾ ਮਿਲੀ, ਪਰ ਇਹਨਾਂ ਦੀਆਂ ਹੱਦਾਂ ਜਲਦੀ ਹੀ ਸਾਹਮਣੇ ਆ ਗਈਆਂ ਅਤੇ ਮੋਹਭੰਗ ਦੀ ਪ੍ਰਕਿਰਿਆ ਤੇਜ਼ ਹੋ ਗਈ। ਕੱਲ੍ਹ ਤੱਕ ਪੂਰਨ ਸਵਰਾਜ ਲਈ ਪ੍ਰਤੀਬੱਧਤਾ ਜਾਹਿਰ ਕਰਨ ਵਾਲੀ ਅਤੇ 1935 ਦੇ ਐਕਟ ਦੀ ਅਲੋਚਨਾ ਕਰਨ ਵਾਲੀ ਪਾਰਟੀ ਹੁਣ ਉਸੇ ਤਹਿਤ ਸ਼ਾਸ਼ਨ ਕਰ ਰਹੀ ਸੀ। ਗਵਰਨਰਾਂ ਦੇ ਵਿਸ਼ੇਸ਼ ਅਧਿਕਾਰਾਂ, ਕੇਂਦਰੀ ਬਸਤੀਵਾਦੀ ਸੱਤ੍ਹਾ ਦੇ ਬੇਰੋਕ ਅਧਿਕਾਰਾਂ, ਸੀਮਿਤ ਸਰੋਤਾਂ ਅਤੇ ਬਸਤੀਵਾਦੀ ਸਿਵਿਲ ਸਰਵਿਸਿਜ ਅਤੇ ਪੁਲਿਸ 'ਤੇ ਨਿਰਭਰਤਾ ਕਾਰਨ ਉਹ ਐਲਾਨਨਾਮੇ ਦੇ ਲੋਕ ਲੁਭਾਊ ਵਾਅਦਿਆਂ ਨੂੰ ਪੂਰਾ ਕਰਨ 'ਚ ਕਦੇ ਸਮੱਰਥ ਨਹੀਂ ਸੀ। ਸੱਤ੍ਹਾ ਹੱਥ 'ਚ ਆਉਣ ਨਾਲ਼ ਹੀ ਭ੍ਰਿਸ਼ਟਾਚਾਰ, ਗੁੱਟਬਾਜ਼ੀ ਜਿਹੀਆਂ ਬੁਰਾਈਆਂ ਵੀ ਜਲਦੀ ਹੀ ਸਾਹਮਣੇ ਆਉਣ ਲੱਗੀਆਂ। ਨੌਕਰਸ਼ਾਹੀ ਨਾਲ ਕਾਂਗਰਸੀ ਸਰਕਾਰਾਂ ਦਾ ਤਾਲਮੇਲ ਹੈਰਾਨੀਜਨਕ ਸੀ। ਸਾਮਰਾਜਵਾਦੀ ਇਤਿਹਾਸਕਾਰ ਆਰ. ਕੂਪਲੈਂਡ ਨੂੰ ਕਾਂਗਰਸੀ ਸ਼ਾਸਨਕਾਲ ਅਤੇ ਉਸ ਤੋਂ ਪਹਿਲਾਂ ਦੇ ਦਿਨਾਂ 'ਚ 'ਕੋਈ ਵਿਸ਼ੇਸ਼ ਫਰਕ' ਨਹੀਂ ਦਿਸਦਾ ਅਤੇ ਉਹ ਕਾਨੂੰਨ ਢਾਂਚੇ ਲਈ ਕਾਂਗਰਸੀ ਸਰਕਾਰਾਂ ਦੀ ਤਾਰੀਫ ਵੀ ਕਰਦੇ ਹਨ ('ਦਿ ਕਾਂਸਟੀਚਿਉਸ਼ਨਲ ਪ੍ਰਾਬਲਮ ਇਨ ਇੰਡੀਆ, ਭਾਗ-2, ਪੰਨਾ-135)। ਸੰਯੁਕਤ ਸੂਬੇ ਅਤੇ ਬਿਹਾਰ ਦੇ ਮੰਤਰੀ-ਮੰਡਲਾਂ ਨੇ ਗਵਰਨਰਾਂ ਰਾਹੀਂ ਸਾਰੇ ਸਿਆਸੀ ਕੈਦੀਆਂ ਦੀ ਤਤਕਾਲ ਰਿਹਾਈ ਅਪ੍ਰਾਵਨ ਕਰ ਦਿੱਤੇ ਜਾਣ ਮਗਰੋਂ ਫਰਵਰੀ, 1938 'ਚ ਅਸਤੀਫਾ ਦੇ ਦਿੱਤਾ। ਪਰ ਇਹ ਅਸਲ 'ਚ ਇਕ ਨੌਟੰਕੀ ਸੀ, ਜਿਹੜੀ ਹਰੀਪੁਰਾ ਕਾਂਗਰਸ ਸ਼ੈਸ਼ਨ ਤੋਂ ਠੀਕ ਪਹਿਲਾਂ ਆਮ ਕਾਰਕੁੰਨਾਂ ਨੂੰ ਭਰਮ 'ਚ ਰੱਖਣ ਅਤੇ ਖੱਬੇਪੱਖੀਆਂ ਨੂੰ ਚੁੱਪ ਕਰਾਉਣ ਲਈ ਰਚੀ ਗਈ ਸੀ। ਸ਼ੈਸ਼ਨ ਦੇ ਤੁਰੰਤ ਮਗਰੋਂ ਤਿਆਗ ਪੱਤਰ ਵਾਪਸ ਲੈ ਲਏ ਗਏ ਜਦੋਂ ਕਿ ਗਵਰਨਰ ਤਤਕਾਲ, ਸਰਵਜਨਕ ਰਿਹਾਈ ਦੀ ਬਜਾਏ ਵਿਅਕਤੀਗਤ ਰਿਹਾਈ ਦੇ ਸਟੈਂਡ 'ਤੇ ਅਟੱਲ ਸੀ। ਕਾਂਗਰਸੀ ਮੰਤਰੀ-ਮੰਡਲ ਖੱਬੇਪੱਖੀ ਲੀਡਰਸ਼ਿਪ ਵਾਲੇ ਮਜ਼ਦੂਰ-ਕਿਸਾਨ ਸੰਘਰਸ਼ਾਂ ਦਾ ਫਿਰਕਾਪ੍ਰਸਤ ਦੰਗਿਆਂ ਨਾਲੋਂ ਵੀ ਵੱਧ ਸਖਤਾਈ ਨਾਲ਼ ਦਮਨ ਕਰ ਰਹੇ ਸਨ। ਸਤੰਬਰ 1938 'ਚ ਕਾਂਗਰਸ ਕਮੇਟੀ ਨੇ "ਜਨ-ਧਨ ਦੀ ਰੱਖਿਆ ਲਈ" ਕਾਂਗਰਸੀ ਸਰਕਾਰਾਂ ਰਾਹੀਂ ਚੁੱਕੇ ਗਏ ਕਦਮਾਂ ਦਾ ਸਮਰਥਨ ਕੀਤਾ ਅਤੇ ਕਾਂਗਰਸੀਆਂ ਸਹਿਤ ਉਹਨਾਂ ਸਾਰੇ ਲੋਕਾਂ ਦੀ ਨਿੰਦਿਆਂ ਕੀਤੀ ਜਿਹੜੇ "ਨਾਗਰਿਕ ਅਜ਼ਾਦੀ ਦੇ ਨਾਂ 'ਤੇ ਹੱਤਿਆ, ਅਗਜ਼ਨੀ, ਲੁੱਟ-ਖੋਹ ਅਤੇ ਹਿੰਸਕ ਤਰੀਕਿਆਂ ਨਾਲ਼ ਜਮਾਤੀ ਘੋਲ ਦੀ ਹਮਾਇਤ ਕਰਦੇ ਹਨ।" ਕਾਂਗਰਸੀ ਸ਼ਾਸਨ ਦੇ ਸ਼ੁਰੂਆਤੀ ਦਿਨਾਂ 'ਚ ਮਜ਼ਦੂਰ ਜੱਥੇਬੰਦੀਆਂ ਅਤੇ ਸੰਘਰਸ਼ਾਂ ਨੂੰ ਵਿਸ਼ੇਸ਼ ਹੱਲਾਸ਼ੇਰੀ ਮਿਲੀ। ਲੋਕਾਂ 'ਚ ਅਧਾਰ ਬਣਾਈ ਰੱਖਣ ਅਤੇ ਕਮਿਊਨਿਸਟਾਂ ਦੇ ਵਧਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਕਾਂਗਰਸ ਵਰਕਿੰਗ ਕਮੇਟੀ ਨੇ ਕਥਨੀ 'ਚ ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ। ਉਸਨੇ ਬੰਗਾਲ 'ਚ ਫਜਲੁਲਹਕ ਅਤੇ ਪੰਜਾਬ 'ਚ ਸਿਕੰਦਰ ਹਯਾਤ ਖਾਨ ਦੀਆਂ ਸਰਕਾਰਾਂ ਰਾਹੀਂ ਮਜ਼ਦੂਰਾਂ ਦੇ ਦਮਨ ਦੀ ਨਿੰਦਿਆਂ ਕੀਤੀ। ਪਰ ਸਰਮਾਏਦਾਰਾਂ ਨੇ ਜਿਵੇਂ ਹੀ ਆਪਣੀ ਨਰਾਜ਼ਗੀ ਵਿਖਾਈ ਅਤੇ ਦਬਾਅ ਬਣਾਇਆ, ਉਵੇਂ ਹੀ ਕਾਂਗਰਸੀ ਸਰਕਾਰਾਂ ਮਜ਼ਦੂਰ ਲਹਿਰ ਨੂੰ ਕਾਨੂੰਨ ਅਤੇ ਡੰਡੇ ਦੇ ਜ਼ੋਰ ਨਾਲ਼ ਕਾਬੂ ਕਰਨ 'ਚ ਜੁਟ ਗਈਆਂ। ਸਰਮਾਏਦਾਰਾਂ ਨੂੰ ਖੁਸ਼ ਕਰਨ ਅਤੇ ਕਮਿਊਨਿਸਟ ਲੀਡਰਸ਼ਿਪ ਵਾਲੀਆਂ ਮਜ਼ਦੂਰ ਲਹਿਰਾਂ ਨੂੰ ਕੁਚਲਣ ਲਈ ਕਾਂਗਰਸ ਕਿਸ ਹੱਦ ਤੱਕ ਉਤਾਰੂ ਸੀ, ਇਸਨੂੰ 'ਬੰਬੇ ਟਰੇਡਜ ਡਿਸਪਿਉਟਸ ਐਕਟ (ਨਵੰਬਰ 1938)' ਦੀਆਂ ਸਖ਼ਤ ਧਰਾਵਾਂ ਨੂੰ ਵੇਖ ਕੇ ਸਮਝਿਆ ਜਾ ਸਕਦਾ ਹੈ, ਜਿਸ ਦੀ ਗਵਰਨਰ ਲੁਮਲੇ ਨੇ ਵੀ ਤਾਰੀਫ ਕੀਤੀ ਸੀ। ਰਜਿਸਟਰੇਸ਼ਨ ਸਬੰਧੀ ਕੁਝ ਧਾਰਾਵਾਂ ਨੂੰ ਛੱਡ ਕੇ ਨਹਿਰੂ ਨੂੰ ਵੀ ਬੰਬੇ ਐਕਟ "ਕੁੱਲ ਮਿਲਾ ਕੇ... ਚੰਗਾ ਹੀ ਲੱਗਿਆ।"

ਜਿੱਥੋਂ ਤੱਕ ਕਿਸਾਨਾਂ ਦਾ ਸਬੰਧ ਹੈ, ਕਾਂਗਰਸ ਸਰਕਾਰਾਂ ਰਾਹੀਂ ਬਣਾਏ ਗਏ ਕਾਨੂੰਨ ਫੈਜ਼ਪੁਰ ਸ਼ੈਸ਼ਨ ਦੇ ਮਾਮੂਲੀ ਮਤਿਆਂ ਨੂੰ ਵੀ ਲਾਗੂ ਨਹੀਂ ਕਰਾ ਸਕੇ। ਸੰਯੁਕਤ ਸੂਬੇ ਅਤੇ ਬਿਹਾਰ ਕਾਂਗਰਸ ਕਮੇਟੀਆਂ ਨੇ 1936 ਅਤੇ 1937 ਦੇ ਜਗੀਰਦਾਰੀ ਦੇ ਖਾਤਮੇ ਸਬੰਧੀ ਮਤਿਆਂ ਨੂੰ ਭੁਲਾ ਦਿੱਤਾ। ਸਤੰਬਰ 1937 'ਚ ਜਗੀਰਦਾਰਾਂ ਰਾਹੀਂ ਸੰਘਰਸ਼ ਦੀ ਧਮਕੀ ਤੋਂ ਘਬਰਾ ਕੇ ਬਿਹਾਰ ਕਾਂਗਰਸ ਸਰਕਾਰ ਨੇ ਕਾਸ਼ਤਕਾਰੀ ਬਿਲ ਨੂੰ ਕਾਫੀ ਨਰਮ ਬਣਾ ਦਿੱਤਾ। ਫਿਰ ਸਤੰਬਰ, 1937 'ਚ ਮੌਲਾਨਾ ਅਜ਼ਾਦ ਅਤੇ ਰਜਿੰਦਰ ਪ੍ਰਸ਼ਾਦ ਨੇ ਜਗੀਰਦਾਰਾਂ ਨਾਲ਼ ਇਕ ਗੁਪਤ ਸਮਝੌਤਾ ਕੀਤਾ। ਨਿਸ਼ਚਿਤ ਹੀ, ਵਿਆਜ ਦੀਆਂ ਦਰਾ ਨੂੰ ਘੱਟ ਕਰਕੇ ਕਿਸਾਨਾਂ 'ਤੇ ਕਰਜ਼ ਦਾ ਬੋਝ ਘੱਟ ਕਰਨ, ਲਗਾਨ 'ਚ ਵਾਧੇ 'ਤੇ ਰੋਕ ਲਗਾਉਣ, ਬਿਹਾਰ 'ਚ ਮੰਦੀ ਦੇ ਜ਼ਮਾਨੇ 'ਚ ਬਾਕਾਸ਼ਤ ਜਮੀਨਾਂ ਤੋਂ ਬੇਦਖਲ ਕੀਤੇ ਗਏ ਕਿਸਾਨਾਂ ਦੀ ਪੁਰਾਣੀ ਸਥਿਤੀ ਇਕ ਹੱਦ ਤੱਕ ਬਹਾਲ ਕਰਨ ਅਤੇ ਬੰਬਈ 'ਚ ਰਇਤਵਾੜੀ ਜੋਤਧਾਰੀਆਂ ਦੇ ਖੋਟੀ ਸ਼ਿਕਮੀ ਕਾਸ਼ਤਕਾਰਾਂ ਨੂੰ ਕੁੱਝ ਹੱਕ ਦੇਣ ਅਤੇ ਚਰਾਈ ਫੀਸ ਖਤਮ ਕਰਨ ਜਿਹੇ ਸੀਮਿਤ ਭੂਮੀ ਸੁਧਾਰ ਦੇ ਕੁਝ ਕਦਮ ਕਾਂਗਰਸੀ ਸਰਕਾਰਾਂ ਨੇ ਚੁੱਕੇ, ਪਰ ਚੇਤੇ ਰੱਖਣਾ ਹੋਵੇਗਾ ਕਿ ਇਹਨਾਂ ਦੇ ਪਿੱਛੇ ਉਹਨਾਂ ਜੁਝਾਰੂ ਕਿਸਾਨ ਸੰਘਰਸ਼ਾਂ ਦਾ ਵਿਸ਼ੇਸ਼ ਹੱਥ ਸੀ,

ਜਿਨ੍ਹਾਂ ਦੀ ਲੀਡਰਸ਼ਿਪ ਜਾਂ ਤਾਂ ਕਮਿਊਨਿਸਟਾਂ ਦੇ ਹੱਥ 'ਚ ਸੀ ਜਾਂ ਸਹਿਜਾਨੰਦ ਜਾਂ ਹੋਰ ਕੁਝ ਸਥਾਨਕ ਜੁਝਾਰੂ ਕਿਸਾਨ ਲੀਡਰਾਂ ਦੇ ਹੱਥ 'ਚ। ਇਹ ਵੀ ਵਰਨਣਯੋਗ ਹੈ ਕਿ ਸਾਮਰਾਜਵਾਦੀ ਇਤਿਹਾਸਕਾਰ ਕੂਪਲੈਂਡ ਵੀ ਮੰਨਦਾ ਹੈ ਕਿ ਭੂਮੀ-ਸੁਧਾਰ ਦੇ ਇਹਨਾਂ ਸੀਮਿਤ ਕਦਮਾਂ ਦੌਰਾਨ ਜਗੀਰਦਾਰਾਂ ਨਾਲ਼ ਬੁਰਾ ਵਿਵਹਾਰ ਨਹੀਂ ਕੀਤਾ ਗਿਆ ਤੇ ਇਸ ਅਰਥ 'ਚ ਕਾਂਗਰਸ ਦੀ ਨੀਤੀ ਲਗਭਗ ਰੂੜੀਵਾਦੀ ਸੀ। ਖੱਬੇਪੱਖ ਵੱਲ ਖਿੱਚੇ ਕਿਸਾਨ ਲੀਡਰ ਸੰਨਿਆਸੀ ਸਵਾਮੀ ਸਹਿਜਾਨੰਦ ਕਾਂਗਰਸ ਦੇ ਕਿਸਾਨ ਵਿਰੋਧੀ ਅਤੇ ਜਮਾਤੀ ਸਾਂਝ- ਭਿਆਲੀ ਦੀ ਨੀਤੀ ਦੇ ਸਭ ਤੋਂ ਤਿੱਖੇ ਅਲੋਚਕਾਂ 'ਚੋਂ ਇਕ ਸਨ।

ਸੂਬਿਆਂ 'ਚ ਕਾਂਗਰਸੀ ਸ਼ਾਸਨ ਦੇ ਦੌਰ ਨੂੰ ਆਰਥਿਕ ਇਤਿਹਾਸਕਾਰ ਕਲਾਡ ਮਾਰੋਕਵਿਤਜ ਨੇ ਭਾਰਤੀ ਵਪਾਰੀ ਸਮੁਦਾਇ ਅਤੇ ਕਾਂਗਰਸ ਦਰਮਿਆਨ "ਸਥਾਈ ਮਿੱਤਰਤਾ" ਸਥਾਪਿਤ ਹੋਣ ਦਾ ਦੌਰ ਦੱਸਿਆ ਹੈ। ਵਿਆਪਕ ਲੋਕਾਈ ਵਿਸ਼ੇਸ਼ ਕਰਕੇ ਕਿਸਾਨ ਅਬਾਦੀ 'ਚ ਅਧਾਰ ਬਣਾਈ ਰੱਖਣ ਅਤੇ ਮਜ਼ਦੂਰਾਂ ਨੂੰ ਕਮਿਊਨਿਸਟ ਲੀਡਰਸ਼ਿਪ ਹੇਠ ਲਾਮਬੰਦ ਹੋਣ ਤੋਂ ਰੋਕਣ ਲਈ ਕੁੱਝ ਕਲਿਆਣਕਾਰੀ ਕਾਨੂੰਨ ਬਣਾਉਣ ਦਾ ਕੰਮ ਕਰਨਾ ਹੀ ਸੀ ਅਤੇ ਕੁਝ ਲੋਕ ਲੁਭਾਊ ਕੌਮੀ ਨਾਅਰੇ ਦੇਣੇ ਹੀ ਸਨ। ਇਸ ਮਜਬੂਰੀ ਨੂੰ ਬਿਰਲੇ ਜਿਹੇ ਕੁਝ ਦੂਰਅੰਦੇਸ਼ੀ ਸਰਮਾਏਦਾਰ ਸਮਝਦੇ ਸਨ। ਉਹ ਜਾਣਦੇ ਸਨ ਕਿ ਕੌਮੀ ਲਹਿਰ 'ਤੇ ਪੂੰਜੀਵਾਦੀ ਗਲਬੇ ਲਈ ਅਤੇ ਕਾਂਗਰਸ ਦੇ ਲੋਕਾਂ 'ਚ ਅਧਾਰ ਲਈ ਇਹ ਜ਼ਰੂਰੀ ਹੈ। ਅਜਿਹੀ ਹਾਲਤ 'ਚ ਆਪਣੇ ਹਿੱਤਾਂ ਦੀ ਰੱਖਿਆ ਲਈ ਉਹ ਕਈ ਸਤੁੰਲਨਕਾਰੀ ਕਦਮ ਚੁੱਕਦੇ ਰਹਿੰਦੇ ਸਨ। ਸੰਯੁਕਤ ਸੂਬੇ ਦੇ ਇਕ ਵੱਡੇ ਸੱਨਅਤਕਾਰ ਜੇ. ਪੀ. ਸ਼੍ਰੀਵਾਸਤਵ ਨੇ ਵਾਇਸਰਾਏ ਵੇਵੇਲ ਨੂੰ ਦੱਸਿਆ ਸੀ ਕਿ 1937 'ਚ ਸੰਯੁਕਤ ਸੂਬੇ 'ਚ ਕਾਂਗਰਸੀ ਸ਼ਾਸਨ ਦੌਰਾਨ ਉੱਥੋਂ ਦੇ ਪ੍ਰਮੁੱਖ ਸਨਅਤਕਾਰਾਂ ਨੇ (ਜਿਹੜੇ ਸਾਰੇ ਹਿੰਦੂ ਸਨ) ਕਾਂਗਰਸ ਦਾ ਵਿਰੋਧ ਕਰਨ ਲਈ ਹਿੰਦੂ ਮਹਾਂਸਭਾ ਨਾਲ਼ ਹੀ ਜਿਨਾਹ ਅਤੇ ਮੁਸਲਿਮ ਲੀਗ ਨੂੰ ਵੀ ਧਨ ਦੇਣ ਦਾ ਨਿਸ਼ਚਾ ਕੀਤਾ ਸੀ। ਸਾਰੀਆਂ ਸੰਸਦੀ ਪੂੰਜੀਵਾਦੀ ਪਾਰਟੀਆਂ ਦਰਮਿਆਨ ਪੂੰਜੀਪਤੀ ਜਮਾਤ ਇਹ ਖੇਡ ਅੱਜ ਵੀ ਖੇਡਦੀ ਰਹਿੰਦੀ ਹੈ। ਇਹ ਵੀ ਵਰਨਣਯੋਗ ਹੈ ਕਿ ਭਾਰਤੀ ਪੂੰਜੀਪਤੀ ਜਮਾਤ ਇਕ ਪਾਸੇ ਤਾਂ ਕਾਂਗਰਸ ਜ਼ਰੀਏ ਕੌਮੀ ਲਹਿਰ ਦਾ ਦਬਾਅ ਬਣਾ ਕੇ ਅਤੇ ਕੌਮਾਂਤਰੀ ਹਾਲਤਾਂ ਦਾ ਫਾਇਦਾ ਲੈ ਕੇ ਸਿਆਸੀ ਸੱਤ੍ਹਾ ਹਾਸਿਲ ਕਰਨੀ ਚਾਹੁੰਦੀ ਸੀ, ਦੂਜੇ ਪਾਸੇ ਬ੍ਰਿਟਿਸ਼ ਪੂੰਜੀ ਨਾਲ਼ ਵੱਧ ਤੋਂ ਵੱਧ ਅਨੁਕੂਲ ਸ਼ਰਤਾਂ 'ਤੇ ਸਹਿਕਾਰ-ਸਬੰਧ ਲਈ ਕੋਸ਼ਿਸ਼ ਕਰਦੀ ਸੀ। ਫਾਸੀਵਾਦ ਅਤੇ ਸੰਸਾਰ ਜੰਗ ਦੇ ਮੰਡਰਾਉਂਦੇ ਖਤਰਿਆਂ ਦੇ ਮੱਦੇਨਜ਼ਰ ਭਾਰਤੀ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਬ੍ਰਿਟੇਨ ਵੀ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਰਿਆਇਤਾਂ ਦੇ ਰਿਹਾ ਸੀ।

ਇਸ ਦੌਰ 'ਚ ਭਾਰਤ ਦੀ ਕਮਿਊਨਿਸਟ ਪਾਰਟੀ ਦੀ ਸਭ ਤੋਂ ਵੱਡੀ, ਇਤਿਹਾਸਕ ਭੁੱਲ ਇਹ ਸੀ ਕਿ ਸੂਬਿਆਂ ਦੀਆਂ ਕਾਂਗਰਸੀ ਸਰਕਾਰਾਂ ਦੀਆਂ ਨੀਤੀਆਂ ਅਤੇ ਵਿਵਹਾਰ ਨੂੰ ਉਸਨੇ ਮੁੱਦਾ ਬਣਾਇਆ ਹੀ ਨਹੀਂ। ਇਹ ਪਾਰਟੀ ਦੇ ਸੱਜੇਪੱਖੀ ਭਟਕਾਅ ਦਾ ਹੀ ਨਤੀਜਾ ਸੀ ਕਿ ਸੰਯੁਕਤ ਮੋਰਚੇ ਦਾ ਮਤਲਬ ਹਰ ਹਾਲ 'ਚ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਨਾਲ਼ ਏਕਤਾ ਬਣਾਈ ਰੱਖਣਾ ਹੋ ਗਿਆ ਸੀ। ਇਸ ਹਾਲਤ 'ਚ ਕਾਂਗਰਸ ਨੂੰ ਸਾਮਰਾਜਵਾਦ-ਵਿਰੋਧੀ ਵਿਆਪਕ ਲੋਕ ਸੰਘ 'ਚ ਤਬਦੀਲ ਕਰਨ ਅਤੇ ਕੌਮੀ ਲਹਿਰ 'ਤੇ ਮਜ਼ਦੂਰ ਲੀਡਰਸ਼ਿਪ ਸਥਾਪਿਤ ਕਰਨ ਅਤੇ ਮਜ਼ਦੂਰ-ਕਿਸਾਨ ਗਠਜੋੜ ਦੇ ਅਧਾਰ 'ਤੇ ਕੌਮੀ ਮੁਕਤੀ ਜੰਗ ਦੀ ਅਗਵਾਈ ਆਪਣੇ ਹੱਥ 'ਚ ਲੈ ਸਕਣ ਦੀ ਬਜਾਏ ਕਮਿਊਨਿਸਟ ਪਾਰਟੀ ਆਪਣੀ ਸੁਤੰਤਰ ਪਹਿਲਕਦਮੀ ਗੁਆ ਕੇ ਕਾਂਗਰਸ ਦੀ ਪਿਛਲੱਗੂ ਬਣ ਗਈ ਅਤੇ ਉਸਦੀ ਪੂੰਜੀਵਾਦੀ ਲੀਡਰਸ਼ਿਪ ਰਾਹੀਂ ਕੁਸ਼ਲਤਾਪੂਰਵਕ ਵਰਤੀ ਗਈ। ਪੀ. ਸੀ. ਜੋਸ਼ੀ ਅਨੁਸਾਰ ਉਸ ਸਮੇਂ ਦਾ "ਸਭ ਤੋਂ ਵੱਡਾ ਜਮਾਤੀ-ਘੋਲ਼ ਕੌਮੀ-ਘੋਲ" ਸੀ ਅਤੇ ਇਸ ਲਈ ਹਰ ਹਾਲ 'ਚ ਕਾਂਗਰਸ ਨਾਲ਼ ਏਕਤਾ ਬਣਾਈ ਰੱਖਣਾ ਸੀ। ਜਿਸ ਸਮੇਂ ਕਾਂਗਰਸੀ 1935 ਦੇ ਕਾਨੂੰਨ ਲਾਗੂ ਕਰਨ ਨੂੰ ਅਸੰਭਵ ਬਣਾਉਣ ਅਤੇ ਸਰਵਜਨਕ ਵੋਟ ਦੇ ਅਧਿਕਾਰ ਦੇ ਅਧਾਰ 'ਤੇ ਸੰਵਿਧਾਨ ਸਭਾ ਦੀ ਚੋਣ ਲਈ ਦਬਾਅ ਬਣਾਉਣ ਦੇ ਆਪਣੇ ਪਹਿਲੇ ਫੈਸਲੇ ਨੂੰ ਤਾਕ 'ਤੇ ਰੱਖ ਕੇ, ਬਸ ਸਰਕਾਰਾਂ ਚਲਾ ਰਹੇ ਸਨ, ਮਜ਼ਦੂਰਾਂ ਦਾ ਦਮਨ ਕਰ ਰਹੇ ਸਨ, ਕਿਸਾਨਾਂ ਨਾਲ ਵਿਸਾਹਘਾਤ ਕਰ ਰਹੇ ਸਨ, ਜਦੋਂ ਉਹਨਾਂ ਦਾ ਅਸਲੀ ਚਰਿੱਤਰ ਨੰਗਾ ਹੋ ਕੇ ਸਾਹਮਣੇ ਆ ਰਿਹਾ ਸੀ ਅਤੇ ਲੋਕਾਈ ਤੋਂ ਉਹਨਾਂ ਦਾ ਨਿਖੇੜਾ ਵਧਦਾ ਜਾ ਰਿਹਾ ਸੀ, ਉਸ ਸਮੇਂ ਵੀ, ਅੱਗੇ ਵੱਧ ਕੇ ਕੌਮੀ ਆਜ਼ਾਦੀ, ਸੰਵਿਧਾਨ ਸਭਾ ਦੇ ਸਰਵਜਨਕ ਵੋਟ ਅਧਿਕਾਰ ਅਧਾਰਿਤ ਚੋਣਾਂ ਅਤੇ ਰੈਡੀਕਲ ਭੂਮੀ-ਸੁਧਾਰ ਦੀਆਂ ਮੰਗਾਂ 'ਤੇ ਲੋਕਾਂ ਨੂੰ ਲਾਮਬੰਦ ਕਰਨ ਅਤੇ ਪਹਿਲਕਦਮੀ ਹੱਥ 'ਚ ਲੈਣ ਦੀ ਬਜਾਏ ਕਮਿਊਨਿਸਟ ਪਾਰਟੀ ਹਰ ਹਾਲ 'ਚ ਕਾਂਗਰਸ ਨਾਲ਼ ਏਕਤਾ ਬਣਾਈ ਰੱਖਣ ਲਈ ਚਿੰਤਤ ਸੀ (ਜਦੋਂ ਕਿ ਕਾਂਗਰਸੀ ਕਮਿਊਨਿਸਟਾਂ ਪ੍ਰਤੀ ਵੱਧ ਤੋਂ ਵੱਧ ਸ਼ੰਕਾ ਅਤੇ ਦੁਸ਼ਮਣੀ ਦਾ ਰੁਖ਼ ਅਪਣਾਉਂਦੇ ਜਾ ਰਹੇ ਸਨ)। ਕਾਂਗਰਸ ਦੇ ਤਿਰਪੁਰੀ ਸ਼ੈਸ਼ਨ 'ਚ ਪੂਰੇ ਖੱਬੇਪੱਖ ਦੀ ਹਮਾਇਤ ਨਾਲ਼ ਸੁਭਾਸ਼ ਚੰਦਰ ਬੋਸ ਨੇ ਪ੍ਰਧਾਨ ਅਹੁਦੇ ਦੇ ਗਾਂਧੀ ਦੀ ਹਮਾਇਤ ਪ੍ਰਾਪਤ ਉਮੀਦਵਾਰ ਸੀਤਾਰਮਾਇਆ ਨੂੰ ਹਰਾਇਆ ਸੀ। ਫਿਰ ਸੱਜੇ ਪੱਖੀ ਧੜੇ ਅਤੇ ਗਾਂਧੀ ਦੇ ਇਕਜੁੱਟ ਹਮਲੇ ਅਤੇ ਨਹਿਰੂ ਦੀ ਮੌਕਾਪ੍ਰਸਤ ਡਾਵਾਂਡੋਲਤਾ ਕਾਰਨ ਸੁਭਾਸ਼ ਨੂੰ ਨਾ ਕੇਵਲ ਅਸਤੀਫਾ ਦੇਣਾ ਪਿਆ ਸਗੋਂ ਸਮਾਂ ਪਾ ਕੇ ਕਾਂਗਰਸ ਤੋਂ ਵੀ ਬਾਹਰ ਹੋਣਾ ਪਿਆ। ਸੁਭਾਸ਼ ਚੰਦਰ ਬੋਸ ਦਾ ਇਤਿਹਾਸ ਅਜਿਹਾ ਸੀ ਕਿ ਉਹਨਾਂ ਨੂੰ ਨਾਲ ਲੈ ਕੇ ਕਮਿਊਨਿਸਟ ਭਰੋਸੇ ਨਾਲ਼ ਕਾਂਗਰਸ ਦੇ ਰੂੜੀਵਾਦੀਆਂ ਨਾਲ਼ ਮੋਰਚਾ ਨਹੀਂ ਲੈ ਸਕਦੇ ਸਨ। ਪਰ ਤਿਰਪੁਰੀ ਸੰਕਟ ਨੇ ਉਹਨਾਂ ਨੂੰ ਕਾਂਗਰਸ ਦੀਆਂ ਮਜ਼ਦੂਰ ਵਿਰੋਧੀ ਅਤੇ ਕਿਸਾਨ-ਵਿਰੋਧੀ ਨੀਤੀਆਂ ਨੂੰ ਮੁੱਦਾ ਬਣਾ ਕੇ ਪਹਿਲਕਦਮੀ ਆਪਣੇ ਹੱਥ 'ਚ ਲੈਣ ਦਾ ਇਕ ਮੌਕਾ ਜ਼ਰੂਰ ਦਿੱਤਾ ਸੀ, ਜਿਸਦਾ ਉਹ ਜ਼ਰਾ ਵੀ ਫਾਇਦਾ ਨਾ ਲੈ ਸਕੇ।

(ਅਗਲੇ ਅੰਕ ਵਿੱਚ ਜਾਰੀ)

ਗਰੀਬਾਂ ਨੂੰ ਨਿਗਲ਼ ਰਿਹਾ ਕੁਪੋਸ਼ਣ ਤੇ ਭੁੱਖਮਰੀ ਦਾ ਦੈਂਤ

— ਡਾ. ਅੰਮ੍ਰਿਤ

ਮੇਰਾ ਦੇਸ਼ ਭਾਰਤ, ਜਿੱਥੇ ਹਰ ਦਿਨ ਕੋਈ ਨਾ ਕੋਈ ਆਲੀਸ਼ਾਨ ਹੋਟਲ, ਸ਼ਾਪਿੰਗ ਮਾਲ ਖੁੱਲ੍ਹ ਰਿਹਾ ਹੈ, ਹਰ ਦਿਨ ਕਿਸੇ ਨਾ ਕਿਸੇ ਕਾਰ ਜਾਂ ਮਹਿੰਗੇ ਮੋਟਰਸਾਈਕਲ ਦਾ ਨਵਾਂ ਬਰਾਂਡ ਮਾਰਕੀਟ ਵਿੱਚ ਲਾਂਚ ਹੋ ਰਿਹਾ ਹੈ, ਜਿਸ ਨੂੰ ਦੁਨੀਆਂ ਦੇ ਸਭ ਤੋਂ ਤੇਜ਼ੀ ਨਾਲ਼ ਵਧ ਰਹੇ ਅਰਥਚਾਰਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਦੇ ਅਰਬਾਂਪਤੀਆਂ, ਕਰੋੜਪਤੀਆਂ ਨੇ ਦੁਨੀਆਂ ਦੇ ਸਭ ਤੋਂ ਅਮੀਰ ਬੰਦਿਆਂ ਦੀ ਸੂਚੀ ਵਿੱਚ ਧੂਮ ਮਚਾ ਰੱਖੀ ਹੈ ਅਤੇ ਜਿਸ ਦੇ 30 ਲੱਖ ਦੇ ਕਰੀਬ ਲੋਕ ਜ਼ਿਆਦਾ ਖਾਣ ਦੀਆਂ ਬਿਮਾਰੀਆਂ ਜਿਵੇਂ ਸੂਗਰ ਆਦਿ ਤੋਂ ਪੀੜਿਤ ਹਨ, ਭੁੱਖਮਰੀ-ਕੁਪੋਸ਼ਣ ਦੇ ਵਿਕਰਾਲ ਦੈਂਤ ਦੇ ਅੱਗੇ ਬੜਾ ਨਿਤਾਣਾ ਤੇ ਬੇਵਸ ਜਿਹਾ ਜਾਪਦਾ ਹੈ। ਦੇਸ਼ ਦੀ ਆਜ਼ਾਦੀ ਨੂੰ 60 ਸਾਲ ਤੋਂ ਵੀ ਉੱਪਰ ਹੋ ਚੁੱਕੇ ਹਨ, ਪਰ ਭਾਰਤ ਦੀ ਬਹੁਗਿਣਤੀ ਨੂੰ ਅੱਜ ਵੀ ਓਨਾ ਕੁ ਹੀ ਖਾਣਾ ਮਿਲਦਾ ਹੈ, ਜਿੰਨਾ ਕਦੇ ਅੰਗਰੇਜ਼ਾਂ ਦੇ ਰਾਜ ਵਿੱਚ ਮਿਲਦਾ ਸੀ। ਇਹ ਸਮੱਸਿਆ ਇੰਨਾ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ ਕਿ 'ਮਨਮੋਹਣੀਆਂ' ਗੱਲਾਂ ਕਰਨ ਵਾਲੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮੰਨਣਾ ਪਿਆ ਕਿ ਭੁੱਖ ਅਤੇ ਕੁਪੋਸ਼ਣ ਕੌਮੀ ਸ਼ਰਮ ਦਾ ਕਾਰਨ ਬਣ ਗਏ ਹਨ।

7-8 ਫੀਸਦੀ ਦੀ ਵਿਕਾਸ ਦਰ ਦਾ ਮੰਤਰ ਜਾਪ ਕਰਨ ਵਾਲੇ ਮੰਤਰੀ ਸਹਿਬਾਨ, ਅਰਥ-ਸ਼ਾਸਤਰੀ ਅਤੇ ਮੀਡੀਏ ਦੇ ਸਤਿਕਾਰਯੋਗ ਵਿਸ਼ਲੇਸ਼ਕ ਭੁੱਲ ਕੇ ਵੀ ਮਨੁੱਖੀ ਵਿਕਾਸ ਸੂਚਕ ਅੰਕ ਅਤੇ ਭੁੱਖਮਰੀ ਦੀ ਹਾਲਤ ਨੂੰ ਦਰਸਾਉਣ ਵਾਲੇ ਸੂਚਕ ਅੰਕ (Global Hunger Index) ਦੀ ਗੱਲ ਆਪਣੇ ਮੂੰਹ 'ਤੇ ਨਹੀਂ ਆਉਣ ਦਿੰਦੇ। 2009 ਦੇ ਮਨੁੱਖੀ ਵਿਕਾਸ ਸੂਚਕ ਅੰਕ ਅਨੁਸਾਰ 170 ਦੇਸ਼ਾਂ ਵਿੱਚ ਭਾਰਤ ਦੀ ਦਰਜਾਬੰਦੀ 132 ਸੀ। ਇਸ ਸੂਚਕ ਅੰਕ ਦੀ ਗਣਨਾ ਔਸਤ ਉਮਰ, ਸਿੱਖਿਆ ਦਾ ਪੱਧਰ ਅਤੇ ਪ੍ਰਤੀ ਵਿਅਕਤੀ ਖਰੀਦ ਸ਼ਕਤੀ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਇਸ ਅਨੁਸਾਰ ਭਾਰਤ ਦੀ ਹਾਲਤ ਭੂਟਾਨ ਜਿਹੇ ਗਰੀਬ ਦੇਸ਼, ਲਾਤੀਨੀ ਅਮਰੀਕਾ ਦੇ ਸਭ ਤੋਂ ਗਰੀਬ ਦੇਸ਼ ਬੋਲੀਵੀਆ, ਦਹਾਕਿਆ ਤੋਂ ਜੰਗਾਂ-ਯੁੱਧਾਂ ਦੇ ਬਰਬਾਦ ਕੀਤੇ ਫਲਸਤੀਨ ਤੇ ਵੀਅਤਨਾਮ ਵਰਗੇ ਮੁਲਕਾਂ ਤੋਂ ਵੀ ਪਤਲੀ ਹੈ।

ਇਸੇ ਤਰ੍ਹਾਂ ਭੁੱਖਮਰੀ ਸੂਚਕ ਅੰਕ ਦੀ ਸੂਚੀ ਵਿੱਚ ਭਾਰਤ ਦਾ 88 ਦੇਸ਼ਾਂ ਦੀ ਲਿਸਟ ਵਿੱਚ 66ਵਾਂ ਦਰਜਾ ਹੈ ਅਤੇ ਭਾਰਤ ਬੰਗਲਾਦੇਸ਼ ਤੋਂ ਇਕ ਦਰਜਾ ਅੱਗੇ ਹੈ ਅਤੇ ਬਾਕੀ ਸਾਰੇ ਦੱਖਣੀ-ਏਸ਼ੀਆਈ ਦੇਸ਼ ਸਮੇਤ ਪਾਕਿਸਤਾਨ ਦੇ, ਭਾਰਤ ਤੋਂ ਬਿਹਤਰ ਹਾਲਤ ਵਿੱਚ ਹਨ। ਬਹੁਤ ਸਾਰੇ ਅਫ਼ਰੀਕੀ ਦੇਸ਼ ਵੀ ਭਾਰਤ ਤੋਂ ਬਿਹਤਰ ਸਥਿਤੀ ਵਿੱਚ ਹਨ। ਜੇ ਅਸੀਂ ਸੂਬਾਈ ਪੱਧਰ 'ਤੇ ਦੇਖੀਏ ਤਾਂ ਭਾਰਤ ਦੇ 17 ਵੱਡੇ ਸੂਬਿਆਂ ਵਿੱਚੋਂ ਇੱਕ ਵੀ ਸੰਤੋਖਜਨਕ ਸਥਿਤੀ ਵਿੱਚ ਨਹੀਂ ਹੈ। ਇਹਨਾਂ 17 ਸੂਬਿਆਂ ਵਿੱਚੋਂ 12 ਸੂਬੇ 'ਭਿਆਨਕ ਭੁੱਖਮਰੀ' ਦੀ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਇੱਕ, ਮੱਧ ਪ੍ਰਦੇਸ਼, ਤਾਂ ਅਤਿ ਭਿਆਨਕ ਸਥਿਤੀ ਵਿੱਚ ਹੈ, ਜੇ 88 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦੀ ਥਾਂ 'ਤੇ ਮੱਧ ਪ੍ਰਦੇਸ਼ ਨੂੰ ਰੱਖ ਦੇਈਏ ਤਾਂ ਭਾਰਤ ਦਾ ਰੈਂਕ 82ਵਾਂ ਹੋਵੇਗਾ। ਖੁਸ਼ਹਾਲ ਸਮਝੇ ਜਾਂਦੇ ਸੂਬੇ ਜਿਵੇਂ ਪੰਜਾਬ, ਆਂਧਰਾ ਪ੍ਰਦੇਸ਼, ਕੇਰਲਾ ਅਤੇ ਗੁਜਰਾਤ ਦੀ ਹਾਲਤ ਵੀ ਬਹੁਤੀ ਠੀਕ ਨਹੀਂ ਹੈ। ਸਭ ਤੋਂ ਘੱਟ ਭੁੱਖਮਰੀ ਵਾਲਾ ਸੂਬਾ 'ਪੰਜਾਬ' ਵੀ ਗੰਭੀਰ ਭੁੱਖਮਰੀ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਭਾਰਤ ਵਿੱਚ ਸਨਅਤੀ ਤਰੱਕੀ ਦੇ ਮਾਡਲ ਵਜੋਂ ਪੇਸ਼ ਕੀਤੇ ਜਾਂਦੇ ਅਤੇ 'ਨੈਨੋ' ਦਾ ਪਲਾਂਟ ਲਗਵਾ ਕੇ ਵਾਹ-ਵਾਹ ਖੱਟਣ ਵਾਲੇ 'ਮੋਦੀਲੈਂਡ' ਗੁਜਰਾਤ ਦੀ ਹਾਲਤ ਵੀ ਭਾਰਤ ਦੀ ਔਸਤ ਭੁੱਖਮਰੀ ਤੋਂ ਪਤਲੀ ਹੈ। 88 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦੀ ਥਾਂ ਗੁਜਰਾਤ ਰੱਖਣ ਨਾਲ਼ ਰੈਂਕ 69ਵਾਂ ਹੋ ਜਾਂਦਾ ਹੈ।

ਇਸੇ ਤਰ੍ਹਾਂ ਜੇ ਪ੍ਰਤੀ ਵਿਅਕਤੀ ਅਨਾਜ ਅਤੇ ਦਾਲਾਂ ਦੀ ਖਪਤ ਦੇਖੀ ਜਾਵੇ ਤਾਂ ਇਹ ਲੋੜੀਂਦੀ ਜ਼ਰੂਰਤ ਨਾਲੋਂ ਘੱਟ ਹੈ। ਘੱਟ ਤੋਂ ਘੱਟ ਲੋੜੀਂਦੀ ਜ਼ਰੂਰਤ 478 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ, ਪਰ 2004-05 ਵਿੱਚ 428 ਗ੍ਰਾਮ ਸੀ, ਮਹਿੰਗਾਈ ਵਧਣ ਕਾਰਨ ਇਹ ਹੋਰ ਵੀ ਘੱਟ ਗਈ ਹੋ ਸਕਦੀ ਹੈ। 1998 ਦੇ ਸਾਲ ਦੌਰਾਨ ਇਹ 450.9 ਗ੍ਰਾਮ ਸੀ। ਇਸ ਤਰ੍ਹਾਂ 7-8 ਸਾਲਾਂ ਦੇ ਵਕਫੇ ਦੌਰਾਨ 22 ਗ੍ਰਾਮ ਦੀ ਕਮੀ ਹੋ ਗਈ। ਭਾਰਤ ਵਿੱਚ ਖਪਤ ਦਾ ਇੰਨਾ ਘੱਟ ਪੱਧਰ ਇਸ ਤੋਂ ਪਹਿਲਾਂ ਬਸਤੀਵਾਦੀ ਦੌਰ ਦੇ ਤੀਹਵੇਂ ਦੇ ਦਹਾਕੇ ਅਤੇ ਦੂਜੀ ਸੰਸਾਰ ਜੰਗ ਦੇ ਦਿਨਾਂ ਦੌਰਾਨ ਦੇਖਿਆ ਗਿਆ ਸੀ। ਇਹ ਹੈ ਨਵ-ਉਦਾਰਵਾਦੀ ਨੀਤੀਆਂ ਦਾ ਭਾਰਤੀ ਲੋਕਾਂ ਲਈ ਤੋਹਫਾ, ਜਿਸ ਦਾ ਯਸ਼ਗਾਣ ਕਰਦੇ ਹੋਏ ਭਾਰਤੀ ਹਾਕਮਾਂ, ਪੂੰਜੀਪਤੀਆਂ ਦੇ ਸਮੂਹਾਂ ਅਤੇ ਇਹਨਾਂ ਦੇ ਭੌਂਪੂ ਭਾਰਤੀ ਮੀਡੀਏ ਦਾ ਮੂੰਹ ਨਹੀਂ ਥੱਕਦਾ।

ਭੁੱਖਮਰੀ ਤੋਂ ਇਲਾਵਾ, ਕੁਪੋਸ਼ਣ ਦੀ ਸਮੱਸਿਆ ਨੇ ਵੀ ਭਾਰਤ ਦੇ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿੱਚ ਲੈ ਰੱਖਿਆ ਹੈ। ਹਰ ਸਾਲ ਲੱਖਾਂ ਬੱਚੇ ਕੁਪੋਸ਼ਣ ਤੇ ਕੁਪੋਸ਼ਣ ਕਾਰਨ ਹੋਰ ਸਾਧਾਰਨ ਬਿਮਾਰੀਆਂ ਕਾਰਨ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।

ਇੱਕ ਅਨੁਮਾਨ ਅਨੁਸਾਰ, ਭਾਰਤ ਦੇ 6.1 ਕਰੋੜ ਬੱਚੇ ਉਮਰ ਦੇ ਹਿਸਾਬ ਨਾਲ਼ ਮਧਰੇ ਕੱਦ ਦੇ ਹਨ, 7.1 ਕਰੋੜ ਬੱਚਿਆਂ ਦਾ ਕੱਦ ਦੇ ਹਿਸਾਬ ਨਾਲ਼ ਸਰੀਰਕ ਭਾਰ ਘੱਟ ਹੈ ਅਤੇ 2.5 ਕਰੋੜ ਬੱਚਿਆਂ ਦਾ ਉਮਰ ਦੇ ਹਿਸਾਬ ਨਾਲ਼ ਭਾਰ ਘੱਟ ਹੈ। ਇਹ ਸਮੱਸਿਆ ਸਿਰਫ਼ ਪਿੰਡਾਂ ਤੇ ਦੂਰ-ਦਰੇਡੇ ਦੇ ਇਲਾਕਿਆਂ ਤੱਕ ਸੀਮਿਤ ਨਹੀਂ ਹੈ, ਸਗੋਂ ਸ਼ਹਿਰਾਂ ਵਿੱਚ ਵੀ ਕਾਫ਼ੀ ਗੰਭੀਰ ਹੈ। 2005-06 ਦੇ ਇੱਕ ਅਧਿਐਨ ਦੀ ਰਿਪੋਰਟ ਮੁਤਾਬਕ (ਸਾਰਣੀ-1) ਭਾਰਤ ਦੇ ਪੰਜ ਸਾਲ ਤੋਂ ਘੱਟ ਉਮਰ-ਵਰਗ ਦੇ ਬੱਚਿਆਂ ਵਿੱਚੋਂ 48 ਫੀਸਦੀ ਦਾ ਕੱਦ ਉਮਰ ਦੇ ਮੁਤਾਬਕ ਔਸਤ ਕੱਦ ਤੋਂ ਘੱਟ ਹੈ ਅਤੇ 43 ਫੀਸਦੀ ਬੱਚਿਆਂ ਦਾ ਭਾਰ ਉਮਰ ਦੇ ਸਾਰਣੀ-

1 ਭਾਰਤ ਵਿੱਚ ਬੱਚਿਆਂ ਦੇ ਪੋਸ਼ਣ ਦੀ ਦਸ਼ਾ (ਫੀਸਦੀ ਵਿੱਚ)

	ਸ਼ਹਿਰੀ ਇਲਾਕਾ	ਪੇਂਡੂ ਇਲਾਕਾ	ਪੂਰਾ ਭਾਰਤ
ਉਮਰ ਦੇ ਮੁਤਾਬਕ ਕੱਦ ਘੱਟ	37	47	45
ਕੱਦ ਦੇ ਮੁਤਾਬਕ ਭਾਰ ਘੱਟ	19	24	23
ਉਮਰ ਦੇ ਮੁਤਾਬਕ ਭਾਰ ਘੱਟ	30	44	40

ਮੁਤਾਬਕ ਔਸਤ ਭਾਰ ਤੋਂ ਘੱਟ ਹੈ। ਚੀਨ ਤੇ ਅਫ਼ਰੀਕੀ ਦੇਸ਼ਾਂ ਵਿੱਚ ਕੁਪੋਸ਼ਣ ਦੀ ਸਮੱਸਿਆ ਭਾਰਤ ਨਾਲੋਂ ਕਿਤੇ ਘੱਟ ਹੈ।

ਸਾਰਣੀ-2 ਭਾਰਤ, ਚੀਨ ਅਤੇ ਅਫ਼ਰੀਕਾ ਮਹਾਂਦੀਪ ਦੇ ਬੱਚਿਆਂ ਦੇ ਪੋਸ਼ਣ ਦੀ ਦਸ਼ਾ (ਫੀਸਦੀ ਵਿੱਚ)

	ਭਾਰਤ	ਚੀਨ	ਅਫ਼ਰੀਕਾ ਮਹਾਂਦੀਪ
ਉਮਰ ਮੁਤਾਬਕ ਕੱਦ ਘੱਟ	48	11	36
ਉਮਰ ਮੁਤਾਬਕ ਭਾਰ ਘੱਟ	43	7	21

ਸਾਰਣੀ-2 ਤੋਂ ਸਮੱਸ਼ਟ ਦੇਖਿਆ ਜਾ ਸਕਦਾ ਹੈ ਕਿ ਭਾਰਤ ਦੇ ਬਚਪਨ ਦੀ ਹਾਲਤ ਅਤਿ ਗਰੀਬ ਮੰਨੇ ਜਾਂਦੇ ਅਤੇ ਲਗਾਤਾਰ ਘਰੇਲੂ ਜੰਗਾਂ-ਯੁੱਧਾਂ ਦੇ ਸ਼ਿਕਾਰ ਅਫ਼ਰੀਕੀ ਦੇਸ਼ਾਂ ਦੇ ਮੁਕਾਬਲੇ ਵੀ ਕਿਤੇ ਖਰਾਬ ਹੈ। ਇਹਨਾਂ ਅਫ਼ਰੀਕੀ ਦੇਸ਼ਾਂ ਵਿੱਚ ਬਹੁਤੇ ਦੇਸ਼ ਭਾਰਤ ਨਾਲੋਂ ਕਿਤੇ ਵੱਧ ਸਮਾਂ ਗੁਲਾਮ ਰਹੇ ਹਨ ਅਤੇ ਆਜ਼ਾਦ ਵੀ ਭਾਰਤ ਨਾਲੋਂ ਕਾਫ਼ੀ ਪਛੜ ਕੇ ਹੋਏ ਹਨ, ਪਰ ਭਾਰਤੀ ਹਾਕਮਾਂ ਦੀਆਂ ਨੀਤੀਆਂ ਨੇ ਭਾਰਤ ਨੂੰ ਇਹਨਾਂ ਮੁਲਕਾਂ ਨਾਲੋਂ ਵੀ ਬਦਤਰ ਸਥਿਤੀ ਵਿੱਚ ਪਹੁੰਚਾ ਦਿੱਤਾ ਹੈ।

ਇਸ ਤੋਂ ਇਲਾਵਾ, ਕੁਪੋਸ਼ਣ ਸਿਰਫ਼ ਕੈਲੋਰੀ ਅਤੇ ਪ੍ਰੋਟੀਨ ਦੀ ਘੱਟ ਮਾਤਰਾ ਦੇ ਮਿਲਣ ਨਾਲ ਹੀ ਸਬੰਧਤ ਨਹੀਂ, ਭਾਰਤ ਵਿੱਚ 6-59 ਮਹੀਨਿਆਂ ਦੀ ਉਮਰ ਦੇ ਬੱਚਿਆਂ ਵਿੱਚੋਂ 70 ਫੀਸਦੀ ਖ਼ੂਨ ਦੀ ਕਮੀ ਦੇ ਸ਼ਿਕਾਰ ਹਨ ਅਤੇ ਇਹ ਕਿਸੇ ਖਾਸ ਸੂਬੇ ਤੱਕ ਹੀ ਸੀਮਿਤ ਨਹੀਂ ਹੈ। ਲਗਭਗ ਅੱਧੇ ਤੋਂ ਵੱਧ ਔਰਤਾਂ ਵਿੱਚ ਖ਼ੂਨ ਦੀ ਕਮੀ ਹੈ ਅਤੇ 36 ਫੀਸਦੀ ਔਰਤਾਂ ਨੂੰ ਲੋੜੀਂਦੀ ਮਾਤਰਾ ਵਿੱਚ ਕੈਲੋਰੀਜ਼ ਨਹੀਂ ਮਿਲ ਰਹੀਆਂ।

ਦੇਸ਼ ਦੇ ਕੁਝ ਸੂਬਿਆਂ ਵਿੱਚ ਤਾਂ ਹਾਲਤਾਂ ਬਹੁਤ ਹੀ ਭਿਆਨਕ ਹਨ। ਝਾਰਖੰਡ ਅਤੇ ਮੱਧ ਪ੍ਰਦੇਸ਼ ਵਿੱਚ ਕੁਪੋਸ਼ਣ ਤੇ ਭੁੱਖਮਰੀ ਦੇ ਅੰਕੜੇ ਦੁਨੀਆਂ ਦੇ ਸਭ ਤੋਂ ਗਰੀਬ ਦੇਸ਼, ਇਥੋਪੀਆ ਤੋਂ ਵੀ ਭਿਅੰਕਰ ਤਸਵੀਰ ਪੇਸ਼ ਕਰ ਰਹੇ ਹਨ। 2005-06 ਤੋਂ 2008-09 ਦੇ ਚਾਰ ਸਾਲਾਂ ਦੇ ਵਕਫ਼ੇ ਦੌਰਾਨ, ਮੱਧ ਪ੍ਰਦੇਸ਼ ਵਿੱਚ 1,22,422 ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋਈ। ਇਹ ਅੰਕੜਾ ਸੂਬੇ ਦੇ ਸਿਹਤ ਮੰਤਰੀ ਅਨੂਪ ਮਿਸ਼ਰਾ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ, ਜ਼ਾਹਿਰ ਹੈ ਕਿ ਅਸਲੀ ਅੰਕੜਾ ਹੋਰ ਵੀ ਦਿਲ-ਕੰਬਾਊ ਹੋ ਸਕਦਾ ਹੈ। ਪੂਰੇ ਦੇਸ਼ ਦੇ ਕੁਪੋਸ਼ਣ ਦੇ ਅੰਕੜੇ 43 ਫੀਸਦੀ ਦੇ ਮੁਕਾਬਲੇ ਮੱਧ ਪ੍ਰਦੇਸ਼ ਵਿੱਚ ਇਹ 60 ਫੀਸਦੀ ਅਤੇ ਝਾਰਖੰਡ ਵਿੱਚ 57 ਫੀਸਦੀ ਹੈ। ਇਹ ਭਿਆਨਕ ਗਰੀਬੀ ਅਨੁਸੂਚਿਤ ਜਾਤੀਆਂ ਅਤੇ ਕਬੀਲਾਈ ਹਿੱਸਿਆਂ ਵਿੱਚ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ, ਸਿੱਟੇ ਵਜੋਂ ਕੁਪੋਸ਼ਣ ਤੇ ਭੁੱਖਮਰੀ ਦੀ ਸਮੱਸਿਆ ਆਬਾਦੀ ਦੇ ਇਹਨਾਂ ਹਿੱਸਿਆਂ ਵਿੱਚ ਹੋਰ ਜ਼ਿਆਦਾ ਭਿਅੰਕਰ ਹੋ ਜਾਂਦੀ ਹੈ।

ਮੱਧ ਪ੍ਰਦੇਸ਼ ਦੇ ਝਬੂਆਂ ਜ਼ਿਲ੍ਹੇ ਦੇ ਦੋ ਪਿੰਡਾਂ ਵਿੱਚ, ਪਿਛਲੇ ਸਾਲ ਦੋ ਮਹੀਨਿਆਂ ਦੇ ਵਕਫ਼ੇ ਦੌਰਾਨ ਹੀ 43 ਬੱਚਿਆਂ ਦੀ ਮੌਤ ਹੋਈ ਜਿਸ ਦਾ ਕਾਰਨ 'ਅਤਿ-ਗੰਭੀਰ ਕੁਪੋਸ਼ਣ, ਖ਼ੂਨ ਦੀ ਕਮੀ ਅਤੇ ਮਲੇਰੀਆ' ਮੰਨਿਆ ਗਿਆ। ਇਸ ਤਰ੍ਹਾਂ ਤਿਖਮਗੜ੍ਹ ਜ਼ਿਲ੍ਹੇ ਅੰਦਰ ਪ੍ਰਤੀ ਸਾਲ ਬੱਚਿਆਂ ਦੀਆਂ ਮੌਤਾਂ ਦੀ ਗਿਣਤੀ 2005-06 ਤੋਂ 2008-09 ਦੇ ਵਕਫੇ ਦੌਰਾਨ 469 ਫੀਸਦੀ ਦੀ ਦਰ ਨਾਲ ਵਧੀ ਹੈ, ਇਹ ਦਰ ਸਾਗਰ ਤੇ ਪੰਨਾ ਜ਼ਿਲ੍ਹਿਆਂ ਵਿੱਚ ਕ੍ਰਮਵਾਰ 189 ਫੀਸਦੀ ਤੇ 273 ਫੀਸਦੀ ਪਾਈ ਗਈ ਹੈ। ਜਦੋਂ ਇਹ ਸਾਰਾ ਕੁਝ ਅਖ਼ਬਾਰਾਂ ਵਿੱਚ ਛਪਿਆ ਤਾਂ ਭਾਰਤੀ ਨੇਤਾਵਾਂ ਦਾ ਦੂਸ਼ਣਬਾਜ਼ੀ ਦਾ ਸਟੰਟ ਸ਼ੁਰੂ ਹੋ ਗਿਆ। ਔਰਤਾਂ ਤੇ ਬੱਚਿਆਂ ਬਾਰੇ ਮਾਮਲਿਆਂ ਦੇ ਕੇਂਦਰੀ ਮੰਤਰੀ ਸ਼੍ਰੀ ਕ੍ਰਿਸ਼ਨ ਤੀਰਥ ਨੇ ਇਸ ਨੂੰ ਰਾਜ ਸਰਕਾਰ ਦੀ ਜ਼ਿੰਮੇਵਾਰੀ ਕਹਿ ਕੇ ਪੱਲਾ ਝਾੜ ਲਿਆ, ਉੱਥੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕੇਂਦਰੀ ਫੰਡਾਂ ਦੀ ਘਾਟ ਦਾ ਰੋਣਾ ਰੋਇਆ ਤੇ ਕਿਹਾ ਕਿ ਇਹ ਸਮੱਸਿਆ ਤਾਂ ਸਾਰੇ ਦੇਸ਼ ਵਿੱਚ ਹੈ। ਨਾਲ਼ ਲੱਗਦੇ ਝਾਰਖੰਡ ਤੇ ਬਿਹਾਰ ਤੋਂ ਵੀ ਇਹੋ ਜਿਹੀਆਂ ਖ਼ਬਰਾਂ ਨਿੱਤ ਦਿਨ ਆਉਂਦੀਆਂ ਰਹਿੰਦੀਆਂ ਹਨ।

ਅਕਸਰ ਵਿਕਸਿਤ, ਖਾਸ ਤੌਰ 'ਤੇ ਸਨਅਤੀ ਤੌਰ 'ਤੇ ਵਿਕਸਿਤ, ਸਮਝੇ ਜਾਂਦੇ ਸੂਬੇ ਹਰਿਆਣੇ ਦੇ ਅੰਕੜੇ ਵੀ ਸੁੰਨ ਕਰਨ ਵਾਲੇ ਹਨ। ਹਰਿਆਣੇ ਵਿੱਚ 6-59 ਮਹੀਨਿਆਂ ਦੀ ਉਮਰ-ਵਰਗ ਦੇ 82.3 ਫੀਸਦੀ ਬੱਚੇ ਖ਼ੂਨ ਦੀ ਕਮੀ ਦੇ ਸ਼ਿਕਾਰ ਹਨ। ਇਕ ਹੋਰ ਮੁਕਾਬਲਤਨ ਵਿਕਸਿਤ ਸੂਬੇ ਮਹਾਂਰਾਸ਼ਟਰ ਦੀ ਹਾਲਤ ਵੀ ਕੋਈ ਵੱਖਰੀ ਨਹੀਂ। ਇਸੇ ਤਰ੍ਹਾਂ ਆਸਾਮ ਵਿੱਚ ਹਰ ਦਿਨ 130 ਦੇ ਕਰੀਬ ਇਕ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਤੇ ਕੁਪੋਸ਼ਣ ਨਾਲ ਸਬੰਧਤ ਕਾਰਨਾਂ ਕਰਕੇ ਮੌਤ ਦੇ ਮੂੰਹ ਜਾ ਪੈਂਦੇ ਹਨ।

ਕੁਝ ਮਹੀਨੇ ਪਹਿਲਾਂ, ਦੁਨੀਆਂ ਦੇ ਅਤਿ ਗਰੀਬ ਦੇਸ਼ਾਂ ਵਿੱਚ ਇਕ, ਹੈਤੀ ਵਿੱਚ ਲੋਕਾਂ ਵੱਲੋਂ ਗਾਰੇ ਦੇ ਬਣੇ ਬਿਸਕੁਟ ਖਾਣ ਦੀ ਖ਼ਬਰ ਦੁਨੀਆਂ ਭਰ ਦੇ ਮੀਡੀਏ ਵਿੱਚ ਛਾਈ ਰਹੀ ਸੀ। ਹੁਣ ਇਸ ਲਈ ਭਾਰਤ ਵਾਸੀਆਂ ਨੂੰ ਹੈਤੀ ਵੱਲ ਦੇਖਣ ਦੀ ਲੋੜ ਨਹੀਂ, ਉੱਤਰ ਪ੍ਰਦੇਸ਼ ਦੇ ਮੁੱਖ ਵਪਾਰਕ ਕੇਂਦਰਾਂ ਵਿੱਚੋਂ ਇਕ ਅਲਾਹਾਬਾਦ ਤੋਂ ਕੇਵਲ 45 ਕਿਲੋਮੀਟਰ ਦੂਰ ਇਹੀ ਦਰਦਨਾਕ ਨਜ਼ਾਰਾ ਹੈ। ਸ਼ੰਕਰਗੜ੍ਹ ਨਾਂ ਦਾ ਇਲਾਕਾ ਅਲਾਹਾਬਾਦ ਜ਼ਿਲ੍ਹੇ ਦਾ ਇਕ ਪਥਰੀਲੀ ਜ਼ਮੀਨ ਵਾਲਾ ਬਲਾਕ ਹੈ। ਖੇਤੀਯੋਗ ਭੂਮੀ ਦੀ ਅਣਹੋਂਦ ਹੈ ਅਤੇ ਇੱਥੇ ਸੜਕਾਂ ਲਈ ਬਜਰੀ ਅਤੇ ਕੱਚ ਤੇ

ਸਾਬਣ ਬਣਾਉਣ ਲਈ 'ਸਿਲਿਕਾ' (ਪੱਥਰ ਦਾ ਪਾਊਡਰ ਰੂਪ) ਬਣਾਉਣ ਦੀਆਂ ਇਕਾਈਆਂ ਦੀ ਬਹੁਤਾਤ ਹੈ। ਇਹਨਾਂ ਇਕਾਈਆਂ ਵਿੱਚ ਕੰਮ ਕਰਨ ਬਦਲੇ ਬਹੁਤੇ ਮਜ਼ਦੂਰਾਂ ਨੂੰ 400 ਰੁਪਏ ਪ੍ਰਤੀ ਮਹੀਨਾ ਹੀ ਮਿਲਦਾ ਹੈ ਅਤੇ ਬੱਚੇ ਭੁੱਖ ਦਾ ਸ਼ਿਕਾਰ ਹਨ। ਭੁੱਖ ਦੇ ਸ਼ਿਕਾਰ ਇਹ ਬੱਚੇ 'ਸਿਲਿਕਾ' ਦੀਆਂ ਪਿੰਨੀਆਂ ਬਣਾ ਕੇ ਖਾ ਰਹੇ ਹਨ ਕਿਉਂਕਿ ਉਸ ਦਾ ਸਵਾਦ ਵੇਸਣ ਵਰਗਾ ਹੈ।

ਕੁਪੋਸ਼ਣ ਅਤੇ ਭੁੱਖਮਰੀ ਦੇ ਅਸਲੀ ਕਾਰਨਾਂ ਅਤੇ ਹਕੂਮਤੀ ਨੀਤੀਆਂ/ਗੁਨਾਹਾਂ ਨੂੰ ਛੁਪਾਉਣ ਲਈ ਹਾਕਮਾਂ ਦੇ ਚਾਕਰ ਬੁੱਧੀਜੀਵੀ ਤੇ ਅਰਥ-ਸ਼ਾਸਤਰੀ ਤਰ੍ਹਾਂ-ਤਰ੍ਹਾਂ ਦੇ ਕਾਰਨ ਘੜ ਕੇ ਲੋਕਾਂ ਦੇ ਗੁੱਸੇ ਨੂੰ ਠੰਡਾ ਕਰਦੇ ਹਨ ਅਤੇ ਕੁਝ ਹੱਦ ਤੱਕ ਖੁਦ ਲੋਕਾਂ ਨੂੰ ਹੀ ਦੋਸ਼ੀ ਕਰਾਰ ਦੇਣ ਤੱਕ ਚਲੇ ਜਾਂਦੇ ਹਨ।

ਬੱਚਿਆਂ ਵਿੱਚ ਕੁਪੋਸ਼ਣ ਤੇ ਕੁਪੋਸ਼ਣ ਸਬੰਧਤ ਮੌਤਾਂ ਦੇ ਇਕ ਮਹੱਤਵਪੂਰਨ ਕਾਰਨ ਦੇ ਤੌਰ 'ਤੇ ਔਰਤਾਂ ਦੀ ਵਿਦਿਅਕ ਯੋਗਤਾ ਅਤੇ ਡਾਕਟਰੀ ਸਹੂਲਤਾਂ ਦੀ ਅਣਹੋਂਦ ਨੂੰ ਪੇਸ਼ ਕੀਤਾ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ 12 ਸਾਲ ਤੱਕ ਦੀ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਔਰਤਾਂ ਦੇ ਬੱਚਿਆਂ 'ਚ ਕੁਪੋਸ਼ਣ ਦਰ 18 ਫੀਸਦੀ ਹੈ। ਪਹਿਲੀ ਗੱਲ ਤਾਂ 18 ਫੀਸਦੀ ਦੀ ਕੁਪੋਸ਼ਣ ਦਰ ਵੀ ਕੋਈ ਘੱਟ ਨਹੀਂ ਹੈ, ਇਸ ਲਈ ਬਹੁਤੇ ਮੋਢੇ ਥਾਪੜਨ ਦੀ ਲੋੜ ਨਹੀਂ ਹੈ। ਦੂਜਾ, ਜੇ ਇਹ ਦੇਖਿਆ 12-12 ਸਾਲ ਤੱਕ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਹੀ ਕਿੰਨੀ ਕੁ ਹੈ ਭਾਰਤ ਵਿੱਚ, ਜਦੋਂ ਔਰਤਾਂ ਦੀ ਸਾਖਰਤਾ ਦਰ ਹੀ 60 ਫੀਸਦੀ ਤੋਂ ਥੱਲੇ ਖੜ੍ਹੀ ਹੈ। ਅਤੇ ਹੋਰ ਇਹ ਕਿ 12-12 ਸਾਲ ਤੱਕ ਸਕੂਲਾਂ/ਕਾਲਜਾਂ ਵਿੱਚ ਪੜ੍ਹਨ ਵਾਲੀਆਂ ਔਰਤਾਂ ਸਮਾਜ ਦੇ ਕਿਸ ਵਰਗ ਵਿੱਚੋਂ ਆਉਂਦੀਆਂ ਹਨ, ਨਿਸ਼ਚਿਤ ਤੌਰ 'ਤੇ ਉਸ 77 ਫੀਸਦੀ ਹਿੱਸੇ ਵਿੱਚੋਂ ਨਹੀਂ ਜਿਹੜਾ 20 ਰੁਪਏ ਦਿਨ/ਵਿਅਕਤੀ ਤੇ ਗੁਜ਼ਾਰਾ ਕਰਦਾ ਹੈ। ਇਹ 77 ਫੀਸਦੀ ਹਿੱਸਾ ਤਾਂ ਪੁਰਸ਼ਾਂ/ਲੜਕਿਆਂ ਦੀ ਸਿੱਖਿਆ ਦਾ ਪ੍ਰਬੰਧ ਨਹੀਂ ਕਰ ਸਕਦਾ, ਸਾਡੇ ਸਮਾਜ ਦੇ ਪਿਛੜੇਪਣ ਦੇ ਚਲਦੇ ਔਰਤਾਂ ਦੀ ਸਿੱਖਿਆ ਦਾ ਪ੍ਰਬੰਧ ਕਰਨ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ, ਉਹ ਵੀ 12-12 ਸਾਲ ਦੀ ਸਕੂਲੀ ਸਿੱਖਿਆ। ਬਾਕੀ ਜੇ ਇਹ ਕਾਰਨ ਮੰਨ ਵੀ ਲਿਆ ਜਾਵੇ ਤਾਂ ਔਰਤਾਂ ਦੀ (ਪੁਰਸ਼ਾਂ ਦੀ ਵੀ) ਸਿੱਖਿਆ ਦਾ ਪ੍ਰਬੰਧ ਕਿਸੇ ਆਸਮਾਨ 'ਚੋਂ ਉੱਤਰ ਕੇ ਆਏ ਅਵਤਾਰ ਨੇ ਤਾਂ ਕਰਨਾ ਨਹੀਂ, ਇਹ ਵੀ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ ਪਰ ਸਰਕਾਰ ਨੂੰ ਜੇ ਪੰਜ-ਤਾਰੇ ਹੋਟਲਾਂ ਦਾ ਉਦਘਾਟਨ ਕਰਨ ਤੋਂ ਫੁਰਸਤ ਮਿਲੇ ਤਾਂ ਸੋਚੇ।

ਦੂਜਾ ਕਾਰਨ ਇਹ ਕਿ ਲੋਕਾਂ ਨੂੰ ਡਾਕਟਰੀ ਸਹੂਲਤਾਂ ਦੀ ਘਾਟ ਕਾਰਨ ਬੱਚੇ ਕੁਪੋਸ਼ਣ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਡਾਕਟਰੀ ਸਹੂਲਤ ਦੇ ਕੇ ਕੁਪੋਸ਼ਣ ਦੇ ਸ਼ਿਕਾਰ ਬੱਚੇ ਨੂੰ ਵਕਤੀ ਤੌਰ 'ਤੇ ਬਚਾਇਆ ਜਾ ਸਕਦਾ ਹੈ, ਪਰ ਡਾਕਟਰੀ ਸਹੂਲਤਾਂ ਨਾਲ਼ ਲੋਕਾਂ ਦਾ ਪੇਟ ਤਾਂ ਨਹੀਂ ਭਰਿਆ ਜਾ ਸਕਦਾ। ਬਾਕੀ ਡਾਕਟਰੀ ਸਹੂਲਤ ਕਿਸ ਨੇ ਲੋਕਾਂ ਤੱਕ ਪਹੁੰਚਦੀ ਕਰਨੀ ਹੈ, ਸਰਕਾਰ ਨੇ, ਗੱਲ ਘੁੰਮ-ਘੁੰਮਾ ਕੇ ਫਿਰ ਉੱਥੇ ਹੀ ਆ ਜਾਂਦੀ ਹੈ।

ਇਸੇ ਤਰ੍ਹਾਂ ਇਹ ਵੀ ਕਿਹਾ ਜਾਂਦਾ ਹੈ ਕਿ ਲੋਕ ਆਪਣੀ ਅਗਿਆਨਤਾ ਤੇ ਅਨਪੜ੍ਹਤਾ ਕਾਰਨ ਪੋਸ਼ਕ ਤੱਤਾਂ ਨਾਲ਼ ਭਰਪੂਰ ਖੁਰਾਕ ਦੀ ਥਾਂ ਦੂਸਰੇ ਖਾਧ-ਪਦਾਰਥਾਂ ਦਾ ਇਸਤੇਮਾਲ ਕਰਦੇ ਹਨ ਤੇ ਕੁਪੋਸ਼ਣ ਦੇ ਸ਼ਿਕਾਰ ਹੁੰਦੇ ਹਨ। ਜਦੋਂ ਦੇਸ਼ ਵਿੱਚ ਮਹਿੰਗਾਈ ਦੀ ਹਾਲਤ ਇਹ ਹੈ ਕਿ ਦਾਲਾਂ 90-100 ਰੁਪਏ ਪ੍ਰਤੀ ਕਿਲੋ ਵਿਕ ਰਹੀਆਂ ਹਨ, ਸ਼ਬਜੀਆਂ ਤੇ ਫਲਾ ਬਾਰੇ ਗਰੀਬ ਲੋਕ ਸੋਚ ਵੀ ਨਹੀਂ ਸਕਦੇ। ਤੇ ਆਟੇ/ਕਣਕ ਦਾ ਭਾਅ ਅਸਮਾਨੀਂ ਛੋਹ ਰਿਹਾ ਹੈ, ਇਹ ਪੜ੍ਹੇ ਲਿਖੇ ਡਿਗਰੀਆਂ ਪ੍ਰਾਪਤ ਲੋਕ 20 ਰੁਪਏ ਦਿਨ ਵਿੱਚ ਤਿੰਨ ਡੰਗਾਂ ਲਈ ਪੋਸ਼ਟਿਕ ਸੰਤੁਲਤ ਖੁਰਾਕ ਦਾ ਪ੍ਰਬੰਧ ਕਰ ਕੇ ਦਿਖਾਉਣ ਤੇ ਨਾਲ਼ ਹੀ ਤਨ ਢੱਕਣ ਲਈ ਕੱਪੜੇ, ਸਿਰ ਢੱਕਣ ਲਈ ਛੱਤ ਅਤੇ ਸਿੱਖਿਆ-ਸਿਹਤ ਦਾ ਪ੍ਰਬੰਧ ਕਰ ਲੈਣ। ਵੈਸੇ ਵੀ ਜੇ ਇਹ ਪੁੱਛਿਆ ਜਾਵੇ ਕਿ ਲੋਕਾਂ ਦੀ ਅਗਿਆਨਤਾ ਤੇ ਅਨਪੜ੍ਹਤਾ ਦਾ ਜ਼ਿੰਮੇਵਾਰ ਕੌਣ ਹੈ?

ਹੁਣ ਦੇਖੀਏ ਸਾਡੇ ਸੂਝਵਾਨ ਲੀਡਰ ਲੋਕ ਅਤੇ ਇਹਨਾਂ ਦੇ ਨੌਕਰਸ਼ਾਹ ਕੁਪੋਸ਼ਣ ਤੇ ਭੁੱਖਮਰੀ ਨਾਲ ਨਜਿੱਠਣ ਲਈ ਕੀ ਕਰ ਰਹੇ ਹਨ।

ਭਾਰਤੀ ਖੁਰਾਕ ਨਿਗਮ ਦਾ ਕੰਮ ਅਨਾਜ ਭੰਡਾਰ ਕਰਨਾ ਤੇ ਸੰਭਾਲਣਾ ਹੈ। ਇਹ ਕੰਮ ਕਿਵੇਂ ਨੇਪਰੇ ਚਾੜ੍ਹਿਆ ਜਾਂਦਾ ਹੈ, ਇਸ ਦੀ ਮਿਸਾਲ ਵੇਖੋ। ਪੰਜਾਬ ਵਿੱਚ 80 ਫੀਸਦੀ ਅਨਾਜ ਭੰਡਾਰ ਖੁੱਲ੍ਹੇ ਅਸਮਾਨ ਥੱਲੇ ਕੀਤਾ ਜਾਂਦਾ ਹੈ। ਦੂਜੇ ਰਾਜਾਂ ਵਿੱਚ ਵੀ ਇਹੀ ਹਾਲ ਹੈ। ਰਾਜਸਥਾਨ ਵਿੱਚ ਕਈ ਥਾਈਂ ਅਨਾਜ ਦੇ ਗੁਦਾਮ ਸ਼ਰਾਬ ਸਟੋਰ ਕਰਨ ਲਈ ਵਰਤੇ ਜਾਂਦੇ ਹਨ, ਅਤੇ ਅਨਾਜ ਨੂੰ ਗਲ-ਸੜ ਜਾਣ ਲਈ ਸੁੱਟ ਦਿੱਤਾ ਜਾਂਦਾ ਹੈ। ਨਿਗਮ ਵੱਲੋਂ ਖੁਦ ਹੀ ਜਾਰੀ ਕੀਤੀ ਗਈ (ਜੋ ਕਿ ਉਸ ਨੂੰ ਆਰ. ਟੀ. ਆਈ. ਐਕਟ ਅਧੀਨ ਮਜਬੂਰੀਵਸ ਕਰਨੀ ਪਈ) ਜਾਣਕਾਰੀ ਅਨੁਸਾਰ 1997-2007 ਵਿਚਕਾਰ 13 ਲੱਖ ਟਨ ਅਨਾਜ ਗਲ ਗਿਆ, ਜਿਸ ਤੋਂ ਖਹਿੜਾ ਛੁਡਾਉਣ ਲਈ 2.59 ਕਰੋੜ ਰੁਪਏ ਹੋਰ ਖਰਚ ਕਰਨੇ ਪਏ। ਇਹ ਤਾਂ ਹੈ ਸਾਡੇ ਦੇਸ਼ ਦੀ ਅਨਾਜ ਭੰਡਾਰ ਵਿਵਸਥਾ।

ਹੁਣ ਹਾਲਤ ਇਹ ਹੈ ਕਿ ਨਿਗਮ ਕੋਲ ਨਵੇਂ ਸੀਜ਼ਨ 'ਚ ਆਉਣ ਵਾਲੇ ਅਨਾਜ ਨੂੰ ਰੱਖਣ ਲਈ ਜਗ੍ਹਾ ਨਹੀਂ ਹੈ। ਇਸ ਹਾਲਤ ਨੂੰ ਦੇਖਦੇ ਹੋਏ ਕਈ ਪਾਸਿਉਂ ਇਹ ਸੁਝਾਅ ਦਿੱਤੇ ਗਏ ਕਿ ਸਰਕਾਰ ਪ੍ਰਤੀ ਮਹੀਨੇ 5 ਲੱਖ ਮੀਟਰਕ ਟਨ ਅਨਾਜ ਜਨਤਕ ਵੰਡ ਪ੍ਰਣਾਲੀ ਰਾਹੀਂ ਉਹਨਾਂ ਲੋਕਾਂ ਵਿੱਚ ਵੰਡ ਦੇਵੇ ਜਿਹਨਾਂ ਨੂੰ ਲੋੜੀਂਦੀ ਮਾਤਰਾ ਵਿੱਚ ਖਾਧ-ਖੁਰਾਕ ਨਹੀਂ ਮਿਲ ਰਹੀ। ਪਰ ਵਿੱਤ ਮੰਤਰੀ ਦੀ ਅਗਵਾਈ ਵਿੱਚ ਗਠਿਤ ਕੀਤੇ ਕੇਂਦਰੀ ਮੰਤਰੀ-ਸਮੂਹ ਨੇ ਇਸ ਸੁਝਾਅ ਨੂੰ ਠੁਕਰਾ ਦਿੱਤਾ ਅਤੇ ਅਨਾਜ ਦੇ ਗਲ-ਸੜ ਜਾਣ ਦੇ ਰਾਹ ਨੂੰ ਹੋਰ ਅਸਾਨ ਕਰ ਦਿੱਤਾ। ਇਸੇ ਤਰ੍ਹਾਂ 2001 ਤੱਕ, ਜਦੋਂ ਭਾਰਤ ਵਿੱਚ ਪ੍ਰਤੀ ਵਿਅਕਤੀ ਅਨਾਜ ਦੀ ਖਪਤ ਬਸਤੀਵਾਦੀ ਦੌਰ ਦੇ ਪੱਧਰ ਤੱਕ ਡਿੱਗ ਰਹੀ ਸੀ, ਸਰਕਾਰ ਨਿਰਯਾਤਕਾਂ ਨੂੰ ਸਬਸਿਡੀ ਦੇ ਰਹੀ ਸੀ ਤਾਂ ਕਿ ਵਾਧੂ ਅਨਾਜ ਤੋਂ ਛੁਟਕਾਰਾ ਪਾਇਆ ਜਾ ਸਕੇ!!

ਗਰੀਬ ਲੋਕਾਂ ਦੀ ਇਸ ਭਿਅੰਕਰ ਸਥਿਤੀ ਦਾ ਫਿਕਰ

ਕਰਦੇ ਕਰਦੇ ਸਾਡੀ ਸਰਕਾਰ ਦੀ ਚਮੜੀ ਕਿੰਨੀ ਮੋਟੀ ਹੋ ਗਈ ਹੈ, ਇਸ ਗੱਲ ਦਾ ਅੰਦਾਜਾ 2010 ਦੇ ਬਜਟ ਵਿੱਚ ਖੁਰਾਕੀ ਪਦਾਰਥਾਂ ਲਈ ਰੱਖੀ ਗਈ ਸਬਸਿਡੀ ਰਾਸ਼ੀ ਨੂੰ ਦੇਖ ਕੇ ਹੋ ਜਾਂਦਾ ਹੈ। ਇਸ ਸਾਲ ਇਹ ਰਾਸ਼ੀ ਪਿਛਲੇ ਸਾਲ ਦੀ ਸਬਸਿਡੀ ਰਾਸ਼ੀ 56,002 ਕਰੋੜ ਰੁਪਏ ਤੋਂ ਘਟਾ ਕੇ 55,578 ਕਰੋੜ ਰੁਪਏ ਕਰ ਦਿੱਤੀ ਹੈ, ਜੋ ਕਿ ਅਸਲ ਵਿੱਚ ਘੱਟੋ-ਘੱਟ 72,000 ਕਰੋੜ ਰੁਪਏ ਚਾਹੀਦੀ ਹੈ, ਬਾਕੀ ਬਚੀ ਰਾਸ਼ੀ ਲਈ ਭਾਰਤੀ ਖੁਰਾਕ ਨਿਗਮ ਕਮਰਸ਼ੀਅਲ ਬੈਂਕਾਂ ਤੋਂ 11.25 ਫੀਸਦੀ ਵਿਆਜ ਦਰ ਤੇ ਕਰਜਾ ਲਵੇਗੀ, ਤੇ ਇਹੀ ਬੈਂਕਾਂ ਆਲੀਸ਼ਾਨ ਕਾਰਾਂ ਖਰੀਦਣ ਲਈ ਕਰਜ਼ਾ ਸਿਰਫ਼ 6 ਫੀਸਦੀ ਤੇ ਮੁਹੱਈਆ ਕਰਵਾਉਂਦੀਆਂ ਹਨ। ਦੂਜੇ ਪਾਸੇ ਇਸੇ ਬਜਟ ਵਿੱਚ ਕਾਰਪੋਰੇਟ ਘਰਾਣਿਆਂ ਤੇ ਪੂੰਜੀਪਤੀਆਂ ਨੂੰ 5,00,000 ਕਰੋੜ ਰੁਪਏ ਰਿਆਇਤਾਂ, ਟੈਕਸ ਛੋਟਾਂ ਆਦਿ ਦੇ ਰੂਪ ਵਿੱਚ ਪਰੋਸੇ ਗਏ ਹਨ ਅਤੇ ਉੱਚ ਮੱਧਵਰਗ ਲਈ ਆਮਦਨ ਕਰ ਟੈਕਸ ਦੀ ਹੱਦ ਵਧਾ ਦਿੱਤੀ ਗਈ। ਇਹ ਜਾਇਜ਼ ਵੀ ਹੈ ਕਿਉਂਕਿ ਸਰਕਾਰ ਆਖ਼ਰ ਆਬਾਦੀ ਦੇ ਇਸ 10-15 ਫੀਸਦੀ ਹਿੱਸੇ ਦੀ ਸੇਵਾ ਲਈ ਹੀ ਤਾਂ ਬੈਠੀ ਹੈ, ਬਾਕੀ 80 ਫੀਸਦੀ ਲੋਕ ਤਾਂ ਸਿਰਫ਼ ਕਿਰਤ ਨਚੋੜਨ ਲਈ ਹੀ ਹਨ।

ਇਸ ਤੋਂ ਬਿਨਾਂ ਸਰਕਾਰ ਗਰੀਬ ਲੋਕਾਂ ਦੀ ਭਲਾਈ ਅਤੇ ਔਰਤਾਂ ਤੇ ਬੱਚਿਆਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਕਈ ਸਾਰੇ ਪ੍ਰੋਗਰਾਮ ਚਲਾ ਰਹੀ ਹੈ। ਪੂਰਨ ਪੋਸ਼ਣ ਪ੍ਰੋਗਰਾਮ ਤਹਿਤ ਗਰੀਬ ਬੱਚਿਆਂ ਨੂੰ 2-4 ਰੁਪਏ, ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਨੂੰ 2.70-6 ਰੁਪਏ ਅਤੇ ਗਰਭਵਤੀ ਤੇ ਬੱਚਿਆਂ ਨੂੰ ਦੁੱਧ ਪਿਆਉਂਦੀਆਂ ਔਰਤਾਂ ਲਈ 2.30-5 ਰੁਪਏ ਪ੍ਰਤੀ ਦਿਨ ਤੱਕ ਦੇ ਖਾਧ-ਪਦਾਰਥ ਵੰਡ ਕੇ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ, ਇਸ ਵਿੱਚ ਵੀ ਪਿਛਲੇ ਕਈ ਵਰ੍ਹਿਆਂ ਤੋਂ ਕੋਈ ਵਾਧਾ ਨਹੀਂ ਕੀਤਾ ਗਿਆ, ਭਾਵੇਂ ਮਹਿੰਗਾਈ ਦੁੱਗਣੀ-ਤਿੱਗਣੀ ਹੋ ਚੁੱਕੀ ਹੈ। ਇਸੇ ਤਰ੍ਹਾਂ ਇੰਟੈਂਗਰੇਟਡ ਚਾਈਲਡ ਡਿਵੈਲਪਮੈਂਟ ਸਕੀਮ ਜੋ ਕਿ ਪਿਛਲੇ ਤੀਹ ਸਾਲਾਂ ਤੋਂ ਭਾਰਤ ਦੇ ਬੱਚਿਆਂ ਵਿੱਚੋਂ ਕੁਪੋਸ਼ਣ ਦੂਰ ਕਰਨ ਲਈ ਕੰਮ ਕਰ ਰਿਹਾ ਹੈ, ਤਹਿਤ ਆਂਗਣਵਾੜੀ ਸੈਂਟਰ ਖੋਲ੍ਹੇ ਗਏ ਹਨ। ਕਾਫੀ ਸਾਰੇ ਆਂਗਨਵਾੜੀ ਸੈਂਟਰ ਕੰਮ ਨਹੀਂ ਕਰ ਰਹੇ, ਜਿਹੜੇ ਕੰਮ ਕਰ ਰਹੇ ਹਨ ਉਹਨਾਂ ਵਿੱਚੋਂ ਕਾਫੀ ਸਾਰਿਆਂ ਵਿੱਚੋਂ ਆਂਗਨਵਾੜੀ ਵਰਕਰ ਨਹੀਂ ਹਨ। ਸਰਕਾਰੀ ਨੌਕਰਸ਼ਾਹਾਂ ਦੇ ਅਨੁਸਾਰ ਆਂਗਨਵਾੜੀ ਵਰਕਰ ਉਸੇ ਇਲਾਕੇ ਵਿੱਚੋਂ ਹੀ ਭਰਤੀ ਕੀਤੇ ਜਾਣੇ ਚਾਹੀਦੇ ਹਨ (ਭਾਵ ਗਰੀਬ ਲੋਕਾਂ ਵਿੱਚੋਂ ਹੀ) ਅੰਤ ਇਹ ਗਰੀਬ ਲੋਕ ਆਂਗਨਵਾੜੀ ਵਰਕਰ ਤੇ ਹੈਲਪਰ ਦੇ ਰੂਪ ਵਿੱਚ ਬੜੇ ਹੀ ਨਿਗੂਣੇ ਭੱਤਿਆਂ ਤੇ, ਕ੍ਰਮਵਾਰ 700 ਰੁਪਏ ਮਹੀਨਾ ਤੇ 250 ਰੁਪਏ ਮਹੀਨਾ, ਬੜੇ ਹੀ ਪਰਉਪਕਾਰੀ ਢੰਗ ਨਾਲ਼ ਸਵੇਰੇ 9 ਵਜੇ ਤੋਂ 11:45 ਵਜੇ ਤੱਕ 2.5 ਤੋਂ 6 ਸਾਲ ਦੇ ਬੱਚਿਆਂ ਨੂੰ ਸਕੂਲ ਜਾਣ ਤੋਂ ਪਹਿਲਾਂ ਦੀ ਸਿੱਖਿਆ ਦੇਣਗੇ, ਸਾਰੇ ਰਾਸ਼ਨ ਦਾ ਹਿਸਾਬ ਕਿਤਾਬ ਰੱਖਣਗੇ, ਬੱਚਿਆਂ ਦੀ ਸਿਹਤ ਸਬੰਧੀ ਅੰਕੜੇ ਇਕੱਠੇ ਕਰਨਗੇ, ਵੈਕਸੀਨਾਂ ਦੇ ਟੀਕੇ ਲਗਾਉਣਗੇ, ਲੋਕਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਦੀ ਸਿਹਤ ਬਾਰੇ ਪੁੱਛ-ਪੜਤਾਲ ਕਰਨਗੇ ਅਤੇ ਦੁਪਹਿਰ 2 ਵਜੇ ਤੋਂ ਬਾਅਦ ਆਮ ਲੋਕਾਂ ਨੂੰ ਸਫ਼ਾਈ ਰੱਖਣ ਲਈ, ਲੈਟਰੀਨਾਂ ਬਣਾਉਣ ਲਈ ਇਤਿਆਦਿ ਪ੍ਰੇਰਿਤ ਕਰਨਗੇ ਅਤੇ ਜੇ ਸਮਾਂ ਹੋਵੇ ਤਾਂ ਹੋਰ ਕਈ ਤਰ੍ਹਾਂ ਦੇ ਸਰਵੇ ਵੀ ਕਰਨਗੇ। ਹੈ ਨਾ ਕਮਾਲ!

ਇਸੇ ਤਰ੍ਹਾਂ ਹੀ ਹੁਣ 'ਕੁਪੋਸ਼ਣ ਇਲਾਜ ਕੇਂਦਰ' ਖੋਲ੍ਹੇ ਜਾ ਰਹੇ ਹਨ। ਇਹਨਾਂ ਇਲਾਜ ਕੇਂਦਰਾਂ ਵਿੱਚ 15 ਦਿਨਾਂ ਲਈ ਗੰਭੀਰ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦਾ ਇਲਾਜ ਕੀਤਾ ਜਾਵੇਗਾ, ਪਰ ਇਲਾਜ ਕੇਂਦਰ 'ਚ ਦਾਖਲੇ ਤੋਂ ਪਹਿਲਾਂ ਤੇ ਬਾਅਦ ਦੀ ਜ਼ਿੰਮੇਵਾਰੀ ਕਿਸ ਦੀ ਹੈ?

ਭਾਰਤੀ ਹਾਕਮਾਂ ਕੋਲ ਇਕ ਹੋਰ ਚਮਤਕਾਰੀ ਤੇ ਜਾਦੂਮਈ ਤਰੀਕਾ ਹੈ ਦੇਸ਼ ਦੀਆਂ ਖਾਸ ਕਰਕੇ ਗਰੀਬਾਂ ਦੀਆਂ ਸਮੱਸਿਆਵਾਂ ਦਾ ਇਲਾਜ ਕਰਨ ਲਈ। ਇਹ ਤਰੀਕਾ ਹੈ ਸੰਸਦੀ ਤਾੜੀਆਂ ਦੀ ਨਪੁੰਸਕ ਗੂੰਜ ਦਰਮਿਆਨ ਕਾਗਜ਼ੀ ਕਾਨੂੰਨ ਬਣਾਉਣੇ ਜਿਵੇਂ ਕਿ 'ਸਭ ਨੂੰ ਸਿੱਖਿਆ ਦਾ ਅਧਿਕਾਰ', 'ਬਾਲ ਮਜ਼ਦੂਰੀ ਤੇ ਪਾਬੰਦੀ ਦਾ ਕਾਨੂੰਨ', 'ਬੋਲਣ ਦੀ ਆਜ਼ਾਦੀ ਦਾ ਅਧਿਕਾਰ' ਆਦਿ। ਇਸੇ ਲੜੀਵਾਰ ਸੀਰੀਅਲ ਦੀ ਨਵੀਂ ਕਿਸ਼ਤ ਹੈ - 'ਖਾਣੇ ਦਾ ਅਧਿਕਾਰ'। ਇਸੇ ਕਾਨੂੰਨ ਦੇ ਨਾਲ਼-ਨਾਲ਼ ਸਰਕਾਰ ਨੇ ਬੜੇ ਹੀ ਚਲਾਕੀ ਭਰੇ ਤਰੀਕੇ ਨਾਲ਼ ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬੀ ਰੇਖਾ ਦੇ ਥੱਲੇ ਰਹਿਣ ਵਾਲੇ ਲੋਕਾਂ ਨੂੰ ਮਿਲਣ ਵਾਲੇ ਅਨਾਜ ਦੀ ਮਾਤਰਾ 35 ਕਿਲੋ ਪ੍ਰਤੀ ਮਹੀਨੇ ਤੋਂ ਘਟਾ ਕੇ 25 ਕਿਲੋ ਪ੍ਰਤੀ ਮਹੀਨਾ ਕਰ ਦਿੱਤੀ, ਪਤਾ ਲੱਗਣ 'ਤੇ ਸਰਕਾਰ ਦੀ ਖੂਬ ਥੂ-ਥੂ ਹੋਈ ਹੈ ਅਤੇ ਅਦਾਲਤਾਂ ਵਿੱਚ ਰਿਟ ਪਟੀਸ਼ਨਾਂ ਦਾਖ਼ਲ ਹੋਈਆਂ ਹਨ।

ਇਹ ਹੈ ਅਸਲ ਵਿੱਚ ਭੁੱਖੇ ਮਰਦੇ ਲੋਕਾਂ ਦੀ ਦਾਸਤਾਨ, ਘਟੀਆ ਤੇ ਹੋਛੇ ਬਹਾਨੇ ਅਤੇ 'ਮਨਮੋਹਣੀਆਂ' ਤੇ 'ਸੋਣੀਆਂ' ਸਕੀਮਾਂ ਦੇ ਵਾਅਦੇ ਤੇ ਛੁਣਛਣੇ, ਜਿਹਨਾਂ ਨੂੰ ਮਿਲਾ ਕੇ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਬਣਦਾ ਹੈ ਜਿਸ ਦਾ ਨਾਂ ਹੈ — ਭਾਰਤ।

ਨਗੂਗੀ ਅਤੇ ਉਹਨਾਂ ਦਾ ਚਿੰਤਨ

ਕੀਨੀਆਈ ਲੇਖਕ ਨਗੂਗੀ ਵਾ ਥਯੌਂਗੋ ਦੀ ਗਿਣਤੀ ਵੀਹਵੀਂ ਸਦੀ ਦੇ ਮਹਾਨਤਮ ਅਫ਼ਰੀਕੀ ਰਚਨਾਕਾਰਾਂ 'ਚ ਕੀਤੀ ਜਾਂਦੀ ਹੈ। ਪਰ ਸਿਰਜਣਾਤਮਕ ਲੇਖਣੀ (ਨਾਵਲ, ਨਾਟਕ, ਕਹਾਣੀਆਂ) ਤੋਂ ਇਲਾਵਾ ਭਾਸ਼ਾ, ਸੱਭਿਆਚਾਰ, ਸਮਾਜ ਅਤੇ ਸੱਤ੍ਹਾ ਦੇ ਅੰਤਰਸਬੰਧਾਂ 'ਤੇ, ਵਿਸ਼ੇਸ਼ ਕਰਕੇ ਬਸਤੀਵਾਦੀ ਅਤੇ ਉੱਤਰ-ਬਸਤੀਵਾਦੀ ਸਮਾਜਾਂ 'ਚ ਸਾਮਰਾਜਵਾਦੀ ਗਲਬੇ (ਜਾਂ ਲੋਕਾਂ ਦੀ ਮਾਨਸਿਕ ਗੁਲਾਮੀ ਲਈ) ਦੇ ਮਜ਼ਬੂਤੀਕਰਣ ਲਈ ਭਾਸ਼ਾ, ਸੱਭਿਆਚਾਰ ਅਤੇ ਸਿੱਖਿਆ ਦੀ ਵਰਤੋਂ 'ਤੇ ਨਗੂਗੀ ਨੇ ਜਿਹੜਾ ਚਿੰਤਨ ਅਤੇ ਲੇਖਣ ਕੀਤਾ ਹੈ, ਉਸ ਨਾਤੇ ਉਹਨਾਂ ਨੂੰ ਵੀਹਵੀਂ ਸਦੀ ਦੇ ਮੋਹਰੀ ਸੱਭਿਆਚਾਰਕ ਅਤੇ ਭਾਸ਼ਾ ਸ਼ਾਸਤਰੀ ਚਿੰਤਕਾਂ ਦੀ ਕਤਾਰ 'ਚ ਨਿਰਵਿਵਾਦ ਰੂਪ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ। ਇਸਦੇ ਨਾਲ਼ ਹੀ, ਨਗੂਗੀ ਨੇ ਅਫ਼ਰੀਕੀ ਮਹਾਂਦੀਪ ਦੀ ਸਿਆਸੀ ਸਥਿਤੀ, ਸੱਤ੍ਹਾਸੀਨ ਹੋਣ ਮਗਰੋਂ ਅਫ਼ਰੀਕੀ ਸਰਮਾਏਦਾਰੀ ਦੇ ਚਰਿੱਤਰ-ਬਦਲਾਅ, ਸਾਮਜਰਾਜਵਾਦ ਦੇ ਸਹਿਯੋਗੀ ਦੇ ਰੂਪ 'ਚ ਉਸਦੀ ਭੂਮਿਕਾ ਅਤੇ ਸਿਆਸੀ ਗਲਬੇ ਅਤੇ ਆਰਥਿਕ ਲੁੱਟ ਦੀ ਜਕੜਬੰਦੀ ਬਣਾਈ ਰੱਖਣ ਲਈ ਸਾਮਰਾਜਵਾਦੀਆਂ ਰਾਹੀਂ ਅਪਣਾਏ ਜਾਣ ਵਾਲ਼ੇ ਹੱਥਕੰਡਿਆਂ ਦਾ ਆਪਣੇ ਲੇਖਾਂ ਅਤੇ ਭਾਸ਼ਣਾਂ 'ਚ ਜਿੰਨਾ ਪ੍ਰਭਾਵਸ਼ਾਲੀ ਉਦਘਾਟਨ ਕੀਤਾ ਹੈ, ਉਸਨੂੰ ਦੇਖਦੇ ਹੋਏ ਸਿਆਸੀ ਵਿਸ਼ਲੇਸ਼ਕ ਦੇ ਰੂਪ 'ਚ ਉਹਨਾਂ ਦੀ ਪ੍ਰਤਿਭਾ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਹੈ।

ਨਗੂਗੀ ਨੇ ਭਾਸ਼ਾ ਅਤੇ ਸੱਭਿਆਚਾਰ 'ਤੇ ਚਿੰਤਨ ਨੂੰ ਆਰਥਿਕ-ਸਮਾਜਿਕ-ਸਿਆਸੀ ਪ੍ਰਬੰਧ ਦੇ ਵਿਸ਼ਲੇਸ਼ਣ ਨਾਲ਼ ਅੰਤਰ ਸੰਬਧਿਤ ਕੀਤਾ ਹੈ। ਉਹਨਾਂ ਦਾ ਇਹ ਵਿਸ਼ਲੇਸ਼ਣ ਨਿਰਸੰਦੇਹ ਵਿਗਿਆਨਕ ਵਿਸ਼ਲੇਸ਼ਣ ਹੈ। ਨਗੂਗੀ ਨੇ ਸਾਰੇ ਲੋਕ ਪੱਖੀ ਅਫ਼ਰੀਕੀ ਲੇਖਕਾਂ ਨੂੰ, ਭਾਸ਼ਾ-ਸੱਭਿਆਚਾਰ ਬਾਰੇ ਆਪਣੀ ਮਾਨਤਾ ਦੇ ਅਨੁਰੂਪ, ਇਹ ਹੋਕਾ ਦਿੱਤਾ ਕਿ ਉਹਨਾਂ ਨੂੰ ਅੰਗਰੇਜ਼ੀ ਦੀ ਬਜਾਏ ਆਪਣੀ ਮਾਂ ਬੋਲੀਆਂ 'ਚ ਲਿਖ ਕੇ ਲੋਕਾਂ ਨਾਲ਼ ਸੰਵਾਦ ਕਾਇਮ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਜ਼ਿਹਨੀ ਗੁਲਾਮੀ ਦੀਆਂ ਹਾਕਮ ਜਮਾਤੀ ਸਾਜ਼ਿਸ਼ਾਂ ਅਤੇ ਗਲਬੇ ਦੀ ਸਿਆਸਤ ਵਿਰੁੱਧ ਸੰਘਰਸ਼ ਦਾ ਮੋਰਚਾ ਖੋਲਣਾ ਚਾਹੀਦਾ ਹੈ। ਉਹਨਾਂ ਦੀ ਮਾਨਤਾ ਹੈ ਕਿ ਬਸਤੀਵਾਦੀ ਸੱਭਿਆਚਾਰਕ ਹਮਲੇ ਦੇ ਪ੍ਰਤੀਰੋਧ ਦੇ ਬੀਜ ਸੱਭਿਆਚਾਰ 'ਚ ਹੀ ਛਿਪੇ ਹੁੰਦੇ ਹਨ, ਜਿਹੜੇ ਅੱਗੇ ਚਲ ਕੇ ਮੁਕਤੀ ਲਹਿਰ ਦੀ ਉਸਾਰੀ ਅਤੇ ਵਿਕਾਸ 'ਚ ਸਹਾਇਕ ਹੁੰਦੇ ਹਨ। ਭਾਸ਼ਾ ਦੇ ਸਾਮਰਾਜਵਾਦ ਅਤੇ ਉੱਤਰ-ਬਸਤੀਵਾਦੀ ਰਾਜ ਅਤੇ ਸੱਭਿਆਚਾਰ ਦੇ ਚਰਿੱਤਰ ਤੋਂ ਇਲਾਵਾ ਨਗੂਗੀ ਨੇ ਸਾਮਰਾਜਵਾਦ ਅਤੇ ਇਨਕਲਾਬ, ਨਸਲਵਾਦੀ ਵਿਚਾਰਧਾਰਾ, ਸਾਹਿਤ 'ਚ ਨਸਲਵਾਦ, ਕੌਮੀ ਸੱਭਿਆਚਾਰ ਲਈ ਸਿੱਖਿਆ, ਸਕੂਲਾਂ 'ਚ ਸਾਹਿਤ ਦਾ ਅਧਿਐਨ, ਅਫ਼ਰੀਕੀ ਸਾਹਿਤ ਦੇ ਵਿਕਾਸ 'ਚ ਬੁੱਧੀਜੀਵੀਆਂ ਦੀ ਭੂਮਿਕਾ ਅਤੇ ਅਫ਼ਰੀਕੀ ਸਾਹਿਤ ਦੀ ਭਾਸ਼ਾ ਆਦਿ ਵਿਸ਼ਿਆ 'ਤੇ ਅਥਾਹ ਮਿੱਕਦਾਰ 'ਚ ਲਿਖਿਆ ਹੈ। ਇਹ ਸਾਰੇ ਸਵਾਲ ਭਾਰਤੀ ਉਪਮਹਾਂਦੀਪ ਦੇ ਬੁੱਧੀਜੀਵੀਆਂ ਅਤੇ ਚੇਤੰਨ ਲੋਕਾਂ ਲਈ ਵੀ ਜੀਵੰਤ-ਭਖਦੇ ਸਵਾਲ ਹਨ।

ਨਗੂਗੀ ਇੱਕ ਅਜਿਹੇ ਲੇਖਕ, ਸੱਭਿਆਚਾਰਕ ਕਾਰਕੁੰਨ ਅਤੇ ਵਿਚਾਰਕ ਹਨ, ਜਿਨ੍ਹਾਂ ਦੀ ਵਿਚਾਰਕ ਪ੍ਰਤੀਬੱਧਤਾ ਅਤੇ ਜ਼ਿੰਦਗੀ 'ਚ ਕੋਈ ਫ਼ਰਕ ਨਹੀਂ ਹੈ। ਉਹ ਇੱਕ ਅਜਿਹੇ ਰੈਡੀਕਲ ਖੱਬੇਪੱਖੀ ਹਨ, ਜਿਹੜੇ ਆਪਣੇ ਵਿਚਾਰਾਂ ਦੇ ਨਾਲ਼-ਨਾਲ਼ ਵਿਵਹਾਰਿਕ ਕਾਰਜਾਂ 'ਚ ਵੀ ਆਮ ਲੋਕਾਂ ਦੇ ਜੀਵਨ ਅਤੇ ਸੰਘਰਸ਼ਾਂ ਨਾਲ਼ ਜੁੜੇ ਰਹੇ ਹਨ ਅਤੇ ਜੇਲ, ਦਾਬਾ, ਤਸੀਹਿਆਂ ਅਤੇ ਰਾਜ ਦੁਆਰਾ ਕਰਵਾਏ ਗੁੰਡਿਆਂ ਦੇ ਹਮਲਿਆਂ ਦਾ ਸਾਮ੍ਹਣਾ ਕਰਦੇ ਹੋਏ ਇਸਦੀ ਕੀਮਤ ਚੁਕਾਈ ਹੈ। ਉਹ ਲਾਈਬ੍ਰੇਰੀਆਂ, ਆਡੀਟੋਰੀਅਮਾਂ ਅਤੇ ਸਟੱਡੀ ਰੂਮਾਂ ਤੱਕ ਸਿਮਟੇ ਰਹਿਮ ਵਾਲ਼ੇ ਬੀਂਡਾ ਬਿਰਤੀ ਵਾਲ਼ੇ ਪ੍ਰਾਣੀ ਨਹੀਂ ਹਨ। ਬੌਧਿਕ ਮੌਕਾਪ੍ਰਸਤੀ ਉਹਨਾਂ ਨੂੰ ਛੂਹ ਤੱਕ ਨਹੀਂ ਸਕੀ ਹੈ। ਸੰਸਾਰਵਿਆਪੀ ਪ੍ਰਸਿੱਧੀ ਨੇ ਨਾ ਉਹਨਾਂ ਦੀ ਸਰਲਤਾ ਖੋਹੀ ਹੈ, ਨਾ ਹੀ ਉਹਨਾਂ ਦੀ ਰੀੜ ਦੀ ਹੱਡੀ ਨੂੰ ਲਚੀਲਾ ਬਣਾਇਆ ਹੈ। ਪੱਛਮੀ ਬੌਧਿਕ ਅਦਾਰਿਆਂ ਅਤੇ ਸਨਮਾਨ ਕਮੇਟੀਆਂ ਰਾਹੀਂ ਵਾਂਝੇ ਕਰ ਦੇਣ ਨੇ ਉਹਨਾਂ ਨੂੰ ਕੁੰਠਿਤ ਨਹੀਂ ਕੀਤਾ ਹੈ। ਭੂਮੰਡਲੀਕਰਣ ਦੀ ਸ਼ੀਤ ਲਹਿਰ ਨਾਲ਼ ਨਾ ਤਾਂ ਉਹਨਾਂ ਦੇ ਦਿਲ ਦੀ ਗਰਮੀ ਘੱਟ ਹੋਈ ਹੈ, ਨਾ ਹੀ ਸਾਰੇ ਉੱਤਰ-ਆਧੁਨਿਕਤਾਵਾਦੀ ਵਿਚਾਰ-ਸ਼ਰਣੀਆਂ ਨਾਲ਼ ਉਹਨਾਂ ਦੀ ਵਿਚਾਰਕ ਦ੍ਰਿਸ਼ਟੀ ਧੁੰਧਲੀ ਹੋਈ ਹੈ।

'ਦੀ ਈਸਟ ਅਫਰੀਕਨ ਸਟੈਂਡਰਡ (8 ਸਿਤੰਬਰ 2002) ਨਾਮਕ ਅਖ਼ਬਾਰ 'ਚ ਇਕ ਟਿੱਪਣੀਕਾਰ ਨੇ ਲਿੱਖਿਆ ਸੀ: "ਪੂਰਵੀ ਅਤੇ ਮੱਧ ਅਫਰੀਕੀ ਲੇਖਕਾਂ 'ਚ ਨਗੂਗੀ ਮਹਾਨਤਮ ਇਸ ਲਈ ਹਨ ਕਿਉਂਕਿ ਉਹ ਦੱਖਣੀ ਅਫਰੀਕਾ ਦੇ ਪੀਟਰ ਅਬਰਾਹਮ ਅਤੇ ਪੱਛਮੀ ਅਫ਼ਰੀਕਾ ਦੇ ਚਿਨੁਆ ਅਚੇਬੇ ਦੀ ਤਰ੍ਹਾਂ ਵੱਡੇ ਵਿਸ਼ਿਆਂ 'ਤੇ ਲਿਖਦੇ ਹਨ। ...ਸਾਹਿਤ 'ਚ ਇਹਨਾਂ ਤਿੰਨ ਲੇਖਕਾਂ ਦਾ ਉਹੀ ਦਰਜਾ ਹੈ ਜਿਹੜਾ ਸਿਆਸਤ 'ਚ ਕਵਾਮੇ ਇਨਕਰੂਮਾ, ਜੋਮੋ ਨੇਨਯਾਟਾ ਅਤੇ ਨੇਲਸਨ ਮੰਡੇਲਾ ਦਾ ਹੈ।" ਨਗੂਗੀ ਨੂੰ ਸਭ ਤੋਂ ਮਹਾਨ ਲੇਖਕਾਂ 'ਚੋਂ ਇਕ ਮੰਨਦੇ ਹੋਏ ਵੀ, ਅਸੀਂ ਸਮਝਦੇ ਹਾਂ ਕਿ ਅਫ਼ਰੀਕੀ ਰਾਜਨੀਤੀ ਦੀਆਂ ਮਹਾਨ ਹਸਤੀਆਂ ਸਾਹਮਣੇ ਜੇਕਰ ਖੜਾ ਕਰਨਾ ਹੀ ਹੋਵੇ ਤਾਂ ਨਗੂਗੀ ਨੂੰ ਅਮਿਲਕਰ ਕਬਰਾਲ ਅਤੇ ਪੈਟਰਿਸ ਲੁਮੁੰਬਾ ਨਾਲ਼ ਰੱਖਿਆ ਜਾ ਸਕਦਾ ਹੈ। ਭੁੱਲਣਾ ਨਹੀਂ ਚਾਹੀਦਾ ਕਿ ਘਾਨਾ 'ਚ ਸੱਤ੍ਹਾ ਤੋਂ ਵਾਂਝੇ ਹੋਣ ਤੋਂ ਪਹਿਲਾ ਇਨਕਰੂਮਾ ਦੀਆਂ ਖਿਚਪਾਊ ਅਤੇ ਰੈਡੀਕਲ ਗੱਲਾਂ ਅਤੇ ਉਹਨਾਂ ਦੀ ਅਮਲੀ ਸਿਆਸਤ ਦਾ ਪਾੜਾ ਸਪੱਸ਼ਟ ਹੋ ਚੁੱਕਾ ਸੀ, ਕੀਨੀਆ 'ਚ ਸੱਤ੍ਹਾ 'ਚ ਆਉਣ ਤੋਂ ਮਗਰੋਂ ਜੋਮੋ ਕੇਨਯਾਟਾ ਦੀ ਸਰਕਾਰ ਅੰਤ 'ਚ ਇਕ ਭ੍ਰਿਸ਼ਟ, ਜਾਬਰ ਅਤੇ ਸਾਮਰਾਜਵਾਦ-ਪ੍ਰਸਤ ਸਰਕਾਰ ਬਣ ਗਈ ਸੀ (ਜਿਸ ਵਿਰੁੱਧ

ਅਵਾਜ਼ ਚੁੱਕਣ ਦੀ ਕੀਮਤ ਖੁਦ ਨਗੂਗੀ ਨੂੰ ਚੁਕਾਉਣੀ ਪਈ ਸੀ) ਅਤੇ ਦੱਖਣੀ ਅਫ਼ਰੀਕਾ 'ਚ ਸੱਤ੍ਹਾ 'ਚ ਆਉਣ ਤੋਂ ਮਗਰੋਂ ਖੁਦ ਨੇਲਸਨ ਮੰਡੇਲਾ ਨੇ ਹੀ ਨਿਜੀਕਰਨ-ਉਦਾਰੀਕਰਨ ਦੀਆਂ ਨੀਤੀਆਂ 'ਤੇ ਅਮਲ ਦੀ ਸ਼ੁਰੂਆਤ ਕੀਤੀ ਸੀ, ਜਦੋਂ ਕਿ ਸਾਹਿਤ ਦੀ ਦੁਨੀਆਂ 'ਚ ਨਗੂਗੀ ਦੀਆਂ ਪ੍ਰਤੀਬੱਧਤਾਵਾਂ ਲਗਾਤਾਰ ਅਡੋਲ ਬਣੀਆਂ ਰਹੀਆਂ ਹਨ।

ਬਸਤੀਵਾਦੀ ਅਤੇ ਉੱਤਰ-ਬਸਤੀਵਾਦੀ ਸਮਾਜਾਂ 'ਚ ਭਾਸ਼ਾ ਸਿੱਖਿਆ ਅਤੇ ਸੱਭਿਆਚਾਰ ਨਾਲ਼ ਰਾਜਨੀਤੀ ਦੇ ਰਿਸ਼ਤੇ 'ਤੇ ਇੰਝ ਕਹੋ ਕਿ ਸਿੱਖਿਆ-ਸੱਭਿਆਚਾਰ ਅਤੇ ਭਾਸ਼ਾ ਦੀ ਸਿਆਸਤ 'ਤੇ ਨਗੂਗੀ ਦਾ ਚਿੰਤਨ ਕਈ ਅਰਥਾਂ 'ਚ ਮੌਲਿਕ ਹੈ ਅਤੇ 'ਪਾਥਬ੍ਰੇਕਿੰਗ' ਹੈ। ਇਸ 'ਚ ਵੀ ਭਾਸ਼ਾ ਦੇ ਸਵਾਲ 'ਤੇ ਨਗੂਗੀ ਦਾ ਚਿੰਤਨ ਵਿਸ਼ੇਸ਼ ਤੌਰ 'ਤੇ ਵਿਚਾਰ ਉਤੇਜਕ ਹੈ। ਭਾਸ਼ਾ ਦੇ ਸਵਾਲ 'ਤੇ ਮਾਰਕਸਵਾਦੀ ਚਿੰਤਨ-ਪਰੰਪਰਾ 'ਚ ਰੂਸੀ ਭਾਸ਼ਾਸ਼ਾਸਤਰੀ ਵੀ. ਐੱਨ. ਵੋਲੋਸ਼ਿਨੋਵ ਦਾ ਚਿੰਤਨ ਸੰਭਾਵੀ ਤੌਰ 'ਤੇ ਸਭ ਤੋਂ ਬੁਨਿਆਦੀ ਅਤੇ ਮੌਲਿਕ ਸੀ। ਵੋਲੋਸ਼ਿਨੋਵ (ਐਨ. ਵਾਈ. ਮਾਰ ਦੀ 'ਕਲਾਸ ਰਿਡਕਸ਼ਨਿਸਟ' ਪੱਧਤੀ ਦੇ ਉਲਟ) ਭਾਸ਼ਾ ਦੇ ਜਮਾਤੀ ਖਾਸੇ ਦੇ ਸਿਧਾਂਤ ਨੂੰ ਨਹੀਂ ਮੰਨਦੇ ਸਨ, ਨਾ ਹੀ ਉਹ ਉਸਨੂੰ ਉੱਚ-ਉਸਾਰ ਦਾ ਅੰਗ ਮੰਨਦੇ ਸਨ। ਉਹ ਭਾਸ਼ਾ ਨੂੰ ਇਕ ਸਮਾਜਿਕ-ਵਿਚਾਰਧਾਰਕ ਵਰਤਾਰਾ ਮੰਨਦੇ ਸਨ, ਪਰ ਭਾਸ਼ਾਈ ਲੋਕਾਂ ਦਰਮਿਆਨ ਦੇ ਭੇਦ ਨੂੰ ਉਹ ਜਮਾਤੀ ਪਾੜੇ ਦੇ ਤੁੱਲ ਨਹੀਂ ਮੰਨਦੇ ਸਨ ਕਿਉਂਕਿ ਵਿਭਿੰਨ ਜਮਾਤਾਂ ਇਕ ਹੀ ਭਾਸ਼ਾ ਦੀ ਵਰਤੋਂ ਕਰਦੀਆਂ ਹਨ। ਉਹਨਾਂ ਦੀ ਮਹੱਤਵਪੂਰਨ ਧਾਰਨਾ ਇਹ ਸੀ ਕਿ ਜਮਾਤੀ ਸਮਾਜ 'ਚ ਭਾਸ਼ਾ ਖੁਦ ਜਮਾਤੀ ਸੰਘਰਸ਼ ਦਾ ਇਕ ਖੇਤਰ ਬਣ ਜਾਂਦੀ ਹੈ, ਜਾਂ ਇੰਝ ਕਹੋ ਕਿ ਖੁਦ ਭਾਸ਼ਾ ਅੰਦਰ ਜਮਾਤੀ ਸੰਘਰਸ਼ ਜਾਰੀ ਰਹਿੰਦਾ ਹੈ। ਨਗੂਗੀ ਤੋਂ ਪਹਿਲਾਂ ਮਾਰਕਸਵਾਦੀ ਭਾਸ਼ਾ ਸ਼ਾਸਤਰ ਨੇ ਵੀ ਇਸੇ ਸਵਾਲ 'ਤੇ ਇੱਕਸਾਰ ਅਤੇ ਚੌਤਰਫਾ ਢੰਗ ਨਾਲ਼ ਵਿਚਾਰ ਨਹੀਂ ਕੀਤਾ ਸੀ ਕਿ ਬਸਤੀਵਾਦੀਆਂ ਨੇ ਕਿਸ ਪ੍ਰਕਾਰ ਸਿੱਖਿਆ ਅਤੇ ਸੱਭਿਆਚਾਰ ਦੇ ਮਾਧਿਅਮ ਦੇ ਤੌਰ 'ਤੇ ਆਪਣੀ ਭਾਸ਼ਾ ਨੂੰ ਬਸਤੀਆਂ ਦੇ ਲੋਕਾਂ 'ਤੇ ਲੱਦਦੇ ਹੋਏ, ਭਾਸ਼ਾ ਦੀ ਮਾਨਸਿਕ-ਬੌਧਿਕ-ਸੱਭਿਆਚਾਰਕ ਗੁਲਾਮੀ ਦੇ ਸੰਦ ਦੇ ਤੌਰ 'ਤੇ ਸਿਆਸੀ ਗਲਬਾ ਕਾਇਮ ਕਰਨ ਦੇ ਇਕ ਸੰਦ ਦੇ ਰੂਪ 'ਚ ਵਰਤੋਂ ਕੀਤੀ। ਇਸੇ ਭਾਸ਼ਾ 'ਚ ਸਿੱਖਿਆ ਹਾਸਲ ਕਰਨ ਵਾਲੇ ਮੱਧਵਰਗ ਦਾ ਵੱਡਾ ਹਿੱਸਾ ਬਸਤੀਵਾਦੀ ਪ੍ਰਸ਼ਾਸ਼ਨਿਕ ਪ੍ਰਬੰਧ ਦਾ ਕਲ-ਪੁਰਜਾ, ਉਸ ਪ੍ਰਤੀ ਨਿਸ਼ਠਾਵਾਨ ਸੀ ਅਤੇ ਲੋਕ-ਵਿਰੋਧੀ ਸੀ। ਇਸ ਸਿੱਖਿਅਤ ਮੱਧਵਰਗ ਦੀ ਜਿਹੜੀ ਵਿਆਪਕ ਆਮ ਪਰਤ ਕੌਮੀ ਭਾਵਨਾਵਾਂ ਤੋਂ ਪ੍ਰਭਾਵਿਤ ਹੋਈ ਅਤੇ ਲੋਕਾਂ ਨਾਲ਼ ਕੌਮੀ ਮੁਕਤੀ ਘੋਲਾਂ ਦੀ ਹਿੱਸੇਦਾਰ ਬਣੀ, ਉਹ ਵੀ ਬਸਤੀਵਾਦੀਆਂ ਦੀ ਥੋਪੀ ਹੋਈ ਭਾਸ਼ਾ 'ਚ ਸਿੱਖਿਅਤ ਹੋਣ ਅਤੇ ਉਸੇ ਭਾਸ਼ਾ ਜ਼ਰੀਏ ਸੱਭਿਆਚਾਰਕ ਪ੍ਰਾਣੀ ਬਣਨ ਨਾਤੇ ਆਮ ਕਿਰਤੀ ਲੋਕਾਂ ਤੋਂ ਦੂਰ ਸੀ, ਉਸ ਨਾਲ਼ ਉਸਦਾ ਆਪਸੀ ਅਵਿਸ਼ਵਾਸ ਦਾ ਰਿਸ਼ਤਾ ਸੀ। ਇਸੇ ਮੱਧਵਰਗ ਅੰਦਰੋਂ ਅਫ਼ਰੀਕਾ ਦੀ ਨਵੀਂ ਕੌਮੀ ਪੂੰਜੀਪਤੀ ਜਮਾਤ ਵਿਕਸਤ ਹੋਈ ਸੀ, ਜਿਸ ਨੇ ਉਗੱਰ ਮੁਕਤੀ ਘੋਲਾਂ ਮਗਰੋਂ ਸੱਤ੍ਹਾ ਹਾਸਿਲ ਕੀਤੀ। ਪਰ ਸੱਤ੍ਹਾ ਹਾਸਿਲ ਕਰਦੇ ਹੀ ਇਸ ਪੂੰਜੀਪਤੀ ਜਮਾਤ ਦਾ ਕੌਮੀ ਚਰਿੱਤਰ ਤੇਜ਼ੀ ਨਾਲ਼ ਖੁਰਿਆ-ਖਿੰਡਿਆ ਅਤੇ ਲੋਕਾਂ ਤੋਂ ਦੂਰੀ ਤੇਜ਼ੀ ਨਾਲ਼ ਵਧੀ। ਇਹ ਦੇਸੀ ਪੂੰਜੀਪਤੀ ਜਮਾਤ ਵੀ ਹਰ ਪੂੰਜੀਪਤੀ ਜਮਾਤ ਤਰ੍ਹਾਂ ਇਕ ਲੋਟੂ ਜਮਾਤ ਸੀ ਅਤੇ ਸੱਤ੍ਹਾ 'ਚ ਆਉਣ ਮਗਰੋਂ ਇਸ ਦਾ ਨੰਗਾ ਰੂਪ ਸਾਮਹਣੇ ਆਉਣਾ ਹੀ ਸੀ। ਸਾਮਰਾਜਵਾਦੀ ਸਦੀ ਦੇ ਪਿਛਲੇ ਅੱਧ 'ਚ ਇਕ ਪਿਛੜੇ ਦੇਸ਼ ਦੀ ਪੂੰਜੀਪਤੀ ਜਮਾਤ ਨਾ ਤਾਂ ਸੰਸਾਰ-ਪੂੰਜੀਵਾਦ ਤੋਂ ਫੈਸਲਾਕੁੰਨ ਤੋੜ-ਵਿਛੋੜਾ ਕਰ ਸਕਦੀ ਸੀ, ਨਾ ਹੀ ਪੂੰਜੀਵਾਦੀ ਜਮਹੂਰੀਅਤ ਦਾ ਵਿਆਪਕ ਸਮਾਜਿਕ-ਆਰਥਿਕ ਅਧਾਰ ਤਿਆਰ ਕਰ ਸਕਦੀ ਸੀ। ਫ਼ਰਕ ਸਿਰਫ਼ ਇੰਨਾ ਪਿਆ ਕਿ ਇਕ ਸਾਮਰਾਜਵਾਦੀ ਮੁਲਕ ਦੀ ਸਿੱਧੀ ਗੁਲਾਮੀ ਦੀ ਬਜਾਏ ਕਈ ਸਾਮਰਾਜਵਾਦੀ ਮੁਲਕਾਂ ਤੋਂ ਪੂੰਜੀ ਮੰਗਵਾਉਣ (ਸੌਦੇਬਾਜ਼ੀ ਕਰਨ) ਦੀ ਦੇਸੀ ਪੂੰਜੀਪਤੀ ਜਮਾਤ ਨੂੰ ਖੁੱਲ੍ਹ ਮਿਲ ਗਈ, ਪੂੰਜੀਵਾਦੀ ਵਿਕਾਸ ਹੋਇਆ, ਪਰ ਲੋਕਾਂ ਦੀ ਲੁੱਟ-ਜ਼ਬਰ ਨਾ ਸਿਰਫ਼ ਜਾਰੀ ਰਹੀ, ਸਗੋਂ ਉਸ ਦੀ ਪ੍ਰਣਾਲੀ ਅਤੇ ਕਾਰਜਪ੍ਰਣਾਲੀ ਹੋਰ ਵੱਧ ਗੁੰਝਲਦਾਰ ਹੋ ਗਈ। ਇਕ ਛੋਟੀ ਜਿਹੀ ਸਿੱਖਿਅਤ ਨਿਮਨ ਬੁਰਜੂਆ ਕੁਲੀਨਾਂ ਦੀ ਪਰਤ ਸੀ, ਜਿਹੜੀ ਸ਼ਾਸਨ-ਪ੍ਰਸ਼ਾਸਨ ਅਤੇ ਸਿੱਖਿਆ-ਸੱਭਿਆਚਾਰ ਦੀ ਪ੍ਰਣਾਲੀ 'ਤੇ ਕਾਬਜ਼ ਸੀ। ਇਸ ਦਾ ਕੰਮ ਸੱਭਿਆਚਾਰ ਅਤੇ ਜੀਉਣ ਢੰਗ ਘੱਟ ਜਾਂ ਵੱਧ ਬਸਤੀਵਾਦੀ ਬੌਧਿਕ ਤਬਕੇ ਜਿਹਾ ਹੀ ਸੀ। ਇਹਨਾਂ ਵਿਚੋਂ ਆਉਣ ਵਾਲੇ ਨੇਤਾ, ਨੌਕਰਸ਼ਾਹ ਅਤੇ ਕੁਲੀਨ ਬੁੱਧੀਜੀਵੀ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ 'ਚ ਡੁੱਬੇ ਸਨ ਅਤੇ ਅਫ਼ਰੀਕਾ ਸਹਿਤ ਸਾਰੇ ਉੱਤਰ-ਬਸਤੀਵਾਦੀ ਸਮਾਜਾਂ 'ਚ ਪੂੰਜੀਵਾਦੀ ਜਮੂਹਰੀਅਤ ਦਾ ਹਸਾਉਣਾ ਦ੍ਰਿਸ਼ ਸਾਹਮਣੇ ਸੀ। ਇਸ ਨਵੀਂ ਪੂੰਜੀਪਤੀ ਜਮਾਤ ਅਤੇ ਮੱਧਵਰਗੀ ਕੁਲੀਨਾਂ ਨੇ ਵੀ ਲੋਕਾਂ ਨੂੰ ਸ਼ਾਸਨ-ਪ੍ਰਸ਼ਾਸਨ ਦੇ "ਅੰਦਰੂਨੀ ਰਹੱਸਾਂ" ਤੋਂ ਦੂਰ ਰੱਖਣਾ ਸੀ, ਇਹਨਾਂ ਨੇ ਵੀ ਅੰਦਰੂਨੀ ਜ਼ਹਿਨੀ ਗੁਲਾਮੀ ਅਤੇ ਸਿਆਸੀ ਗਲਬੇ ਦੇ ਸੰਦ ਦੇ ਰੂਪ 'ਚ ਸਿੱਖਿਆ, ਸੱਭਿਆਚਾਰ ਅਤੇ ਭਾਸ਼ਾ ਦੀ ਵਰਤੋਂ ਕਰਨਾ ਸੀ ਅਤੇ ਇਹਨਾਂ ਨੇ ਵੀ ਆਪਣੀ ਸੱਭਿਆਚਾਰਕ ਅਮੀਰੀ ਅਤੇ ਵਿਸ਼ੇਸ਼ ਅਧਿਕਾਰਾਂ ਦੇ ਦੀਪ ਨੂੰ ਲੋਕਾਂ ਤੋਂ ਸੁਰੱਖਿਅਤ ਅਤੇ ਅਛੂਤਾ ਰੱਖਣਾ ਸੀ। ਇਸ ਲਈ ਨਵੀਂ ਹਾਕਮ ਜਮਾਤ ਨੇ ਵੀ ਅੰਗਰੇਜ਼ੀ, ਫਰੈਂਚ ਜਿਹੀਆਂ ਬਸਤੀਵਾਦੀ ਹਾਕਮਾਂ ਦੀ ਭਾਸ਼ਾ ਨੂੰ ਅਤੇ ਬਸਤੀਵਾਦੀ ਦੌਰ ਦੀ ਸਿੱਖਿਆ ਪ੍ਰਣਾਲੀ ਅਤੇ ਸੱਭਿਆਚਾਰ ਦੀ ਵਿਰਾਸਤ ਨੂੰ (ਕੁੱਝ ਰੰਗਰੋਗਨ ਅਤੇ ਟਾਕੀਸਾਜ਼ੀ ਨਾਲ) ਬਰਕਰਾਰ ਰੱਖਿਆ। ਅੱਜ ਭੂ-ਮੰਡਲੀਕਰਨ ਦੇ ਦੌਰ 'ਚ ਜਦੋਂ ਇਕ ਸੰਸਾਰ ਭਾਸ਼ਾ ਦੇ ਰੂਪ 'ਚ ਅੰਗਰੇਜ਼ੀ ਦੀ ਪ੍ਰਵਾਨਗੀ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਤਾਂ ਉਸਦੇ ਪਿਛੇ ਵੀ ਇਕ ਬਾਹਰਮੁਖੀ ਲੋੜ ਦੀ ਮਜਬੂਰੀ ਨਹੀਂ, ਸਗੋਂ ਪੱਛਮ ਦੇ ਗਲਬੇ ਦੀ ਪ੍ਰਵਾਨਗੀ ਬੁਨਿਆਦੀ ਗੱਲ ਹੈ।

ਕੀਨੀਆ ਦੇ ਕਿਆਬੂੰ ਜ਼ਿਲ੍ਹੇ 'ਚ ਗਿਕੂ ਕਬੀਲੇ ਦੇ ਇਕ ਪਰਿਵਾਰ 'ਚ 1938 'ਚ ਜਨਮੇ ਨਗੂਗੀ ਦਾ ਪੂਰਾ ਪਰਿਵਾਰ ਬਸਤੀਵਾਦ-ਵਿਰੋਧੀ ਮਾਊ-ਮਾਊ ਹਥਿਆਰਬੰਦ ਲੋਕ ਵਿਦਰੋਹ

ਦੀ ਗਰਮੀ ਤੋਂ ਪ੍ਰਭਾਵਿਤ ਹੋਇਆ ਸੀ। ਉਹਨਾਂ ਦਾ ਮਤਰੇਆ ਭਰਾ ਉਸ 'ਚ ਮਾਰਿਆ ਗਿਆ ਅਤੇ ਮਾਂ ਨੂੰ ਬਸਤੀਵਾਦੀ ਪੁਲਿਸ ਨੇ ਭਿਆਨਕ ਤਸੀਹੇ ਦਿੱਤੇ। 1955-59 ਦੌਰਾਨ ਅਲਾਇੰਸ ਹਾਈ ਸਕੂਲ ਵਿੱਚ ਪੜ੍ਹਨ ਮਗਰੋਂ ਨਗੂਗੀ ਉਗਾਂਡਾ ਦੀ ਰਾਜਧਾਨੀ ਕੰਪਾਲਾ ਚਲੇ ਗਏ। ਉੱਥੇ ਉਹਨਾਂ ਨੇ ਮੈਕਰੇਰੇ ਯੂਨੀਵਰਸਿਟੀ ਕਾਲਜ 'ਚ 1964 'ਚ ਅੰਗਰੇਜ਼ੀ ਭਾਸ਼ਾ-ਸਾਹਿਤ 'ਚ ਗਰੈਜੂਏਟ ਦੀ ਉਪਾਧੀ ਹਾਸਲ ਕੀਤੀ।

ਕੰਪਾਲਾ 'ਚ ਪੜ੍ਹਦੇ ਸਮੇਂ ਹੀ ਉਹਨਾਂ ਦੇ ਪਹਿਲੇ ਨਾਟਕ 'ਦਿ ਬਲੈਕ ਹਰਮਿਟ' ਦਾ ਮੰਚਨ ਹੋਇਆ ਅਤੇ ਇਸ ਨੂੰ ਕਾਫੀ ਸਰਾਹਿਆ ਗਿਆ। 1962 'ਚ ਇਸਦਾ ਪੁਸਤਕਾਕਾਰ ਪ੍ਰਕਾਸ਼ਨ ਹੋਇਆ। 1963 'ਚ ਸਾਹਿਤ 'ਚ ਆਪਣਾ ਅਧਿਐਨ ਜਾਰੀ ਰੱਖਣ ਲਈ ਬ੍ਰਿਟੇਨ ਦੀ ਲੀਡਜ਼ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਨਗੂਗੀ ਨੇ ਛੇ ਮਹੀਨੇ ਤੱਕ ਨੈਰੋਬੀ ਦੇ ਇਕ ਅਖ਼ਬਾਰ 'ਡੇਲੀ ਨੇਸ਼ਨ' ਲਈ ਬਤੌਰ ਪੱਤਰਕਾਰ ਕੰਮ ਕੀਤਾ।

ਲੀਡਜ਼ ਦੇ ਵਿਦਿਆਰਥੀ ਜੀਵਨ ਦੌਰਾਨ ਹੀ ਨਗੂਗੀ ਦਾ ਪਹਿਲਾ ਨਾਵਲ 'ਵੀਪ ਨਾਟ ਚਾਇਲਡ' 1964 'ਚ ਪ੍ਰਕਾਸ਼ਿਤ ਹੋਇਆ। ਇਹ ਕਿਸੇ ਪੂਰਵੀ ਅਫ਼ਰੀਕੀ ਵਿਅਕਤੀ ਰਾਹੀਂ ਅੰਗਰੇਜ਼ੀ 'ਚ ਲਿਖਿਆ ਗਿਆ ਪਹਿਲਾ ਨਾਵਲ ਸੀ। 'ਵੀਪ ਨਾਟ, ਚਾਇਲਡ' ਦੀ ਪਿੱਠਭੂਮੀ ਮਾਊ-ਮਾਊ ਹਥਿਆਰਬੰਦ ਲੋਕ ਵਿਦਰੋਹ ਹੈ। ਇਹ ਸਮਾਂ ਸੀ ਜਦੋਂ ਪੂਰੇ ਅਫ਼ਰੀਕੀ ਮਹਾਂਦੀਪ 'ਚ ਲੋਕ ਮੁਕਤੀ ਸੰਘਰਸ਼ ਦਾ ਜਵਾਰ ਸ਼ਿਖਰ 'ਤੇ ਸੀ। ਅਫ਼ਰੀਕੀ ਸਾਹਿਤ-ਕਲਾ-ਸੱਭਿਆਚਾਰ 'ਚ ਵੀ ਕੌਮੀ ਨਵ-ਜਾਗਰਣ ਦੀ ਲਹਿਰ ਉਭਾਰ 'ਤੇ ਸੀ। ਨਗੂਗੀ ਦੇ ਪਹਿਲੇ ਨਾਵਲ ਨੇ ਹੀ ਉਹਨਾਂ ਨੂੰ ਸਮੁਚੇ ਪੂਰਵੀ ਅਫ਼ਰੀਕਾ ਦੇ ਚਰਚਿਤ ਅਤੇ ਸਥਾਪਿਤ ਲੇਖਕਾਂ ਦੀ ਕਤਾਰ 'ਚ ਲਿਆ ਖੜਾ ਕੀਤਾ। 1965 'ਚ ਡਕਾਰ ਸੱਭਿਆਚਾਰ ਸਮਾਰੋਹ (ਸੇਨੇਗਲ) 'ਚ ਇਸ ਨਾਵਲ ਲਈ ਨਗੂਗੀ ਨੂੰ ਅਸ਼ਵੇਤ ਕਲਾ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ।

1963 'ਚ ਕੀਨੀਆ 'ਤੇ ਬ੍ਰਿਟਿਸ਼ ਗਲਬੇ ਦਾ ਖਾਤਮਾ ਹੋਇਆ। ਲਗਭਗ ਇਕ ਦਹਾਕੇ ਦੇ ਲੋਕ ਘੋਲਾਂ ਮਗਰੋਂ ਉਸਦੀ ਰਾਜਨੀਤਕ ਅਜ਼ਾਦੀ ਦਾ ਰਸਮੀ ਐਲਾਨ ਕੀਤਾ ਗਿਆ। 1965 'ਚ ਕੀਨੀਆ ਪਰਤਣ ਮਗਰੋਂ ਨਗੂਗੀ ਵੱਖ-ਵੱਖ ਸਕੂਲਾਂ ਦਾ ਅਧਿਐਨ ਕਰਦੇ ਹੋਏ, ਖਾਲੀ ਸਮੇਂ 'ਚ ਲੇਖਣ-ਕਾਰਜ ਕਰਦੇ ਰਹੇ। 1967 ਤੋਂ ਲੈ ਕੇ ਜਨਵਰੀ 1969 ਤੱਕ ਉਹ ਨੈਰੋਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ 'ਚ ਬੁਲਾਰੇ ਰਹੇ। ਫਿਰ ਇਕ ਵਿਦਿਆਰਥੀ ਹੜਤਾਲ ਦੌਰਾਨ ਪ੍ਰਸ਼ਾਸਨ ਦਾ ਵਿਰੋਧ ਕਰਦੇ ਹੋਏ ਉਹਨਾਂ ਨੇ ਅਸਤੀਫਾ ਦੇ ਦਿੱਤਾ। 1970-71 ਦੌਰਾਨ ਉਹਨਾਂ ਨੇ ਨਾਰਥ ਵੇਸਟ ਯੂਨੀਵਰਸਿਟੀ, ਇਲਿਨਾਇਸ 'ਚ ਕੁੱਝ ਦਿਨਾਂ ਤੱਕ ਅਫ਼ਰੀਕੀ ਸਾਹਿਤ ਪੜਾਇਆ ਅਤੇ ਫਿਰ ਨੈਰੋਬੀ ਯੂਨੀਵਰਸਿਟੀ ਪਰਤ ਆਏ ਜਿੱਥੇ ਉਹਨਾਂ ਨੂੰ ਅੰਗਰੇਜ਼ੀ ਵਿਭਾਗ ਦਾ ਪ੍ਰਧਾਨ ਬਣਾ ਦਿੱਤਾ ਗਿਆ। ਇਸ ਅਹੁਦੇ 'ਤੇ ਉਹ 1971 ਤੱਕ ਰਹੇ।

1965 'ਚ ਨਗੂਗੀ ਦਾ ਦੂਜਾ ਨਾਵਲ 'ਦਿ ਰਿਵਰ ਬਿਣਵੀਨ' ਛਪਿਆ। ਇਸ ਨਾਵਲ ਦੀ ਪਿਠਭੂਮੀ 'ਚ ਵੀ ਮਾਊ-ਮਾਊ ਲੋਕ-ਵਿਦਰੋਹ ਮੌਜੂਦ ਹੈ। ਇਸ 'ਚ ਗਿਕੂ ਪਰਿਵਾਰਕ ਜੀਵਨ ਅਤੇ ਮਹੌਲ 'ਤੇ ਲੋਕਵਿਦਰੋਹ ਦੇ ਅਸਰ ਦੀ ਅਤੇ ਪੇਂਡੂ ਗਿਕੂ ਸਮਾਜ 'ਤੇ ਅਜ਼ਾਦ ਸਕੂਲ ਲਹਿਰ ਦੇ ਰੈਡੀਕਲ ਅਸਰ ਦਾ ਪ੍ਰਮਾਣਿਕ ਇਤਿਹਾਸਕ ਚਿੱਤਰਣ ਪੇਸ਼ ਕੀਤਾ ਗਿਆ ਹੈ। ਨਗੂਗੀ ਦੇ ਤੀਜੇ ਨਾਵਲ 'ਏ ਗਰੇਨ ਆਫ ਹਵੀਟ' (1967) 'ਤੇ ਫ਼ਰਾਂਜ ਫੈਨਨ ਟਾਇਪ ਮਾਰਕਸਵਾਦ ਦਾ ਸਪੱਸ਼ਟ ਪ੍ਰਭਾਵ ਦੇਖਿਆ ਜਾ ਸਕਦਾ ਹੈ, ਇਸ ਦੀ ਕਹਾਣੀ ਮਾਊ-ਮਾਊ ਲੋਕ-ਵਿਦਰੋਹ ਸਮੇਂ ਤੋਂ ਲੈ ਕੇ ਕੀਨੀਆ ਦੀ ਅਜ਼ਾਦੀ ਦੇ ਪਹੁਫੁਟਾਲੇ ਤੱਕ ਦੇ ਸਮੇਂ ਨੂੰ ਆਪਣੇ ਕਲੇਵਰ 'ਚ ਸਮੇਟਦੀ ਹੈ। ਜਿਹਾ ਕਿ ਨਗੂਗੀ ਨੇ ਖੁਦ ਲਿਖਿਆ ਹੈ, "ਇਹ ਸਮਾਂ (ਅਜ਼ਾਦੀ ਮਿਲਣ ਤੋਂ ਐਨ ਪਹਿਲਾਂ ਦਾ ਸਮਾਂ) ਅਣਘੋਰ ਕੁੜੱਤਣ ਦਾ ਸਮਾਂ ਸੀ। ਅੰਗਰੇਜ਼ਾਂ ਨਾਲ਼ ਲੜਨ ਵਾਲੇ ਕਿਸਾਨ ਹੁਣ ਦੇਖ ਰਹੇ ਸਨ ਕਿ ਉਹਨਾਂ ਸਾਰੀਆਂ ਚੀਜ਼ਾਂ ਨੂੰ ਜਿਨ੍ਹਾਂ ਲਈ ਉਹ ਲੜੇ ਚੁੱਕ ਕੇ ਇਕ ਪਾਸੇ ਰੱਖ ਦਿੱਤਾ ਗਿਆ ਹੈ।" ਇਹ ਸਮਾਂ ਸੀ ਜਦੋਂ ਨਗੂਗੀ ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ 'ਚ ਬਸਤੀਵਾਦ ਦੇ ਅਸਰ ਅਤੇ ਜਿਹਨੀ-ਗੁਲਾਮੀ 'ਚ ਵਿਦੇਸ਼ੀ ਭਾਸ਼ਾ ਦੇ ਅਸਰ ਨੂੰ ਨਾ ਸਿਰਫ਼ ਮਹਿਸੂਸ ਕਰ ਰਹੇ ਸਨ, ਸਗੋਂ ਉਸਦਾ ਡੂੰਘਾ ਅਧਿਐਨ-ਵਿਸ਼ਲੇਸ਼ਣ ਕਰ ਰਹੇ ਸਨ। ਉਹਨਾਂ ਨੇ ਬਸਤੀਵਾਦੀਆਂ ਰਾਹੀਂ ਈਸਾਇਅਤ ਦੀ ਸਿਆਸੀ-ਸੱਭਿਆਚਾਰਕ ਵਰਤੋਂ 'ਤੇ ਗੌਰ ਕੀਤਾ। ਇਹਨਾਂ ਸਭ ਦਾ ਸਿੱਟਾ ਸੀ ਕਿ ਉਹਨਾਂ ਨੇ ਨੈਰੋਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੂੰ ਬਦਲ ਕੇ ਅਫ਼ਰੀਕੀ ਭਾਸ਼ਾਵਾਂ ਅਤੇ ਸਾਹਿਤ ਦੇ ਵਿਭਾਗ ਦੀ ਸਥਾਪਤੀ ਲਈ ਸੰਘਰਸ਼ ਚਲਾਇਆ ਅਤੇ ਇਸ 'ਚ ਉਹਨਾਂ ਨੂੰ ਸਫ਼ਲਤਾ ਮਿਲੀ। ਇਸ ਦੌਰਾਨ ਆਪਣਾ ਅੰਗਰੇਜ਼ੀ ਈਸਾਈ ਨਾਅ ਜੇਮਸ ਨਗੂਗੀ ਨੂੰ ਬਦਲ ਕੇ (ਕਿਉਂਕਿ ਉਹ ਉਸਨੂੰ ਇਕ ਬਸਤੀਵਾਦੀ ਅਸਰ ਮੰਨਦੇ ਸਨ) ਗਿਕੂ ਜਾਤੀ ਪ੍ਰੰਪਰਾ ਦਾ ਨਾਂਅ ਨਗੂਗੀ ਵਾ ਥਯੋਂਗੋ ਅਪਣਾ ਲਿਆ। ਹੁਣ ਨਗੂਗੀ ਨੇ ਅੰਗਰੇਜ਼ੀ ਤੋਂ ਇਲਾਵਾ ਗਿਕੂ ਅਤੇ ਸਵਾਹਿਲੀ 'ਚ ਵੀ ਲਿਖਣ ਦੀ ਸ਼ੁਰੂਆਤ ਕੀਤੀ। 1977 'ਚ ਆਪਣੇ ਚੌਥੇ ਨਾਵਲ 'ਪੇਟਲਸ ਆਫ਼ ਬਲੱਡ' ਮਗਰੋਂ ਉਹਨਾਂ ਨੇ ਫੈਸਲਾ ਲਿਆ ਕਿ ਹੁਣ ਉਹ ਆਪਣੀ ਸਾਰੀ ਸਿਰਜਣਾਤਮਕ ਲੇਖਣੀ ਗਿਕੂ ਭਾਸ਼ਾ 'ਚ ਹੀ ਕਰਨਗੇ।

1970 ਦੇ ਦਹਾਕੇ ਦੇ ਮੱਧ ਤੱਕ ਨਗੂਗੀ ਦੇ ਅਧਿਐਨ ਦਾ ਵਿਸ਼ਾ ਅਤੇ ਹਮਲੇ ਦਾ ਨਿਸ਼ਾਨਾ ਅਜ਼ਾਦੀ ਪ੍ਰਾਪਤੀ ਮਗਰੋਂ ਸੱਤ੍ਹਾ 'ਚ ਆਈ ਉਹ ਦੇਸੀ ਪੂੰਜੀਪਤੀ ਜਮਾਤ ਬਣ ਚੁੱਕੀ ਸੀ ਜਿਹੜੀ ਕੌਮੀ ਮੁਕਤੀ ਦੀਆਂ ਲੋਕ ਅਕਾਂਖਿਆਵਾਂ ਨਾਲ਼ ਵਿਸਾਹਘਾਤ ਕਰਕੇ ਸਾਮਰਾਜਵਾਦ ਨਲ਼ ਅਪਵਿੱਤਰ ਗਠਜੋੜ ਬਣਾ ਰਹੀ ਸੀ। ਉਹਨਾਂ ਦੇ ਅਧਿਐਨ ਦਾ ਦਾਇਰਾ ਵਿਆਪਕ ਸੀ ਜਿਸ 'ਚ ਉੱਤਰ-ਬਸਤੀਵਾਦੀ ਸੱਤ੍ਹਾ ਦੀ ਪ੍ਰਕਿਰਤੀ, ਸਮਾਜਿਕ ਸੰਰਚਨਾ, ਭਾਸ਼ਾ, ਸੱਭਿਆਚਾਰ ਅਤੇ ਸਿੱਖਿਆ ਦੇ ਖੇਤਰ 'ਚ ਸਾਮਰਾਜਵਾਦੀ ਕਦਰਾਂ, ਨੀਤੀਆਂ ਅਤੇ ਢਾਂਚੇ ਦੇ ਦੇਸੀ ਪੂੰਜੀਪਤੀ ਜਮਾਤ ਰਾਹੀਂ ਆਤਮਸਾਤੀਕਰਨ ਅਤੇ ਸੱਭਿਆਚਾਰਕ ਪ੍ਰਤੀਰੋਧ

ਦੇ ਅਯਾਮਾਂ ਅਤੇ ਰੂਪਾਂ ’ਤੇ ਚਿੰਤਨ ਸ਼ਾਮਲ ਸਨ। ਉਹਨਾਂ ਦੇ ਇਹਨਾਂ ਵਿਚਾਰਾਂ ਨੂੰ ਨਾ ਕੇਵਲ ਵਿਚਾਰਕ ਲੇਖਣੀ ’ਚ ਸਗੋਂ ਸਿਰਜਣਾਤਮਕ ਲੇਖਣੀ ’ਚ ਵੀ ਸਪੱਸ਼ਟ ਤੌਰ ’ਤੇ ਦੇਖਿਆ ਜਾ ਸਕਦਾ ਹੈ। 1976 ’ਚ ਉਹਨਾਂ ਨੇ ਯੂਨੀਵਰਸਿਟੀ ਦੇ ਆਪਣੇ ਇਕ ਸਹਿ ਕਰਮੀ ਮਿਸੇਰੇ ਥਿਏ ਮਯੁਗੋ ਨਾਲ਼ ਮਿਲ ਕੇ ‘ਦਿ ਟਰਾਇਲ ਆਫ ਦੇਦਾਨ ਕਿਮਾਥੀ’ ਨਾਮਕ ਨਾਟਕ ਲਿਖਿਆ। ਕਿਮਾਥੀ ਮਾਊ-ਮਾਊ ਵਿਦਰੋਹ ਦਾ ਆਗੂ ਸੀ, ਜਿਸਨੂੰ ਬ੍ਰਿਟਿਸ਼ ਬਸਤੀਵਾਦੀ ਹਾਕਮਾਂ ਨੇ 1957 ’ਚ ਫ਼ਾਂਸੀ ਦੇ ਦਿੱਤੀ ਸੀ। ਇਸ ਨਾਟਕ ਦਾ ਮੰਚਨ ਜਦੋਂ ਨੈਸ਼ਨਲ ਥਿਏਟਰ ’ਚ ਹੋਣਾ ਸੀ, ਉਸ ਸਮੇਂ ਯੁਨੇਸਕੋ ਦਾ ਆਮ ਸੰਮੇਲਨ ਨੈਰੋਬੀ ’ਚ ਹੋਣ ਵਾਲਾ ਸੀ। ਥਿਏਟਰ ਦੇ ਯੂਰਪੀ ਪ੍ਰਬੰਧਕਾਂ ਨੇ ਇਸ ਦਾ ਮੰਚਨ ਰੋਕਣ ਲਈ ਇਕ ਮਹੀਨੇ ਤੱਕ ਲਈ ਥਿਏਟਰ ਨੂੰ ਇਕ ਹੋਰ ਨਾਟਕ ਲਈ ਬੁੱਕ ਕਰ ਦਿੱਤਾ। ਕੀਨੀਆ ਦੀ ਸਰਕਾਰ ਵੀ ਨਹੀਂ ਚਾਹੁੰਦੀ ਸੀ ਕਿ ਮਾਊ-ਮਾਊ ਵਿਦਰੋਹ ਦੇ ਨਾਇਕ ਅਤੇ ਮੁਕਤੀ ਸੰਘਰਸ਼ ਦੇ ਆਦਰਸ਼ਾਂ ਸੁਪਨਿਆਂ ਦੀ ਯਾਦ ਦਿਵਾ ਕੇ ਸੱਤ੍ਹਾ ’ਤੇ ਕਾਬਜ਼ ਦੇਸੀ ਪੂੰਜੀਪਤੀ ਜਮਾਤ ਦੇ ਇਤਿਹਾਸਕ ਵਿਸਾਹਘਾਤ ਨੂੰ ਦਰਸਾਇਆ ਜਾਵੇ। ਨਤੀਜਾ ਇਹ ਹੋਇਆ ਕਿ ਨਗੂਗੀ ਨੂੰ ਤੰਗ ਕਰਨ ਦਾ ਦੌਰ ਸ਼ੁਰੂ ਹੋ ਗਿਆ। ਬੜੀ ਮੁਸ਼ਕਿਲ ਨਾਲ਼ ਚਾਰ ਰਾਤਾਂ ਲਈ ਨਾਟ ਪ੍ਰਦਰਸ਼ਨ ਦੀ ਇਜਾਜ਼ਤ ਮਗਰੋਂ ਨਾਟਕ ਦੇ ਸ਼ੋ ਹੋਏ ਤਾਂ ਉਸ ਨੂੰ ਅਪਾਰ ਲੋਕਪ੍ਰਿਅਤਾ ਮਿਲੀ। ਫਿਰ ਨਗੂਗੀ ਨੂੰ ਨੈਰੋਬੀ ਸਥਿਤ ਕ੍ਰਿਮਿਨਲ ਇਨਵੇਸਟਿਗੇਸ਼ਨ ਡਿਪਾਰਟਮੈਂਟ ਦੇ ਹੈੱਡਕਵਾਰਟਰਸ ’ਚ ਬੁਲਾ ਕੇ ਉਹਨਾਂ ਤੋਂ ਪੁੱਛ ਗਿੱਛ ਕੀਤੀ ਗਈ ਅਤੇ ਧਮਕੀਆਂ ਦਿੱਤੀਆਂ ਗਈਆਂ। ਉਸ ਸਮੇਂ ਤੱਕ ਨਗੂਗੀ ਦੇਸ਼ ਦੇ ਚੋਟੀ ਦੇ ਬੁੱਧੀਜੀਵੀਆਂ ’ਚ ਗਿਣੇ ਜਾਣ ਲੱਗੇ ਸਨ, ਪਰ ਇਹ ਇਜੱਤ ਉਹਨਾਂ ਨੂੰ ਹੁਕਮਰਾਨਾਂ ਦੇ ਤਸੀਹਿਆਂ ਤੋਂ ਬਚਾ ਨਾ ਸਕੀ।

1977 ’ਚ ‘ਪੇਟਲਸ ਆਫ਼ ਬਲੱਡ’ ਦੇ ਪ੍ਰਕਾਸ਼ਨ ਮਗਰੋਂ ਨਗੂਗੀ ਲਈ ਦਹਿਸ਼ਤ ਦੇ ਕਾਲੇ ਦਿਨਾਂ ਦੀ ਸ਼ੁਰੂਆਤ ਹੋ ਗਈ। ਸੰਰਚਨਾ ਅਤੇ ਬਸਤੀਵਾਦੀ ਕਲਾ ਦੀ ਦ੍ਰਿਸ਼ਟੀ ਤੋਂ ਨਗੂਗੀ ਦਾ ਇਹ ਵੱਡਾ ਨਾਵਲ ਗੁੰਝਲਦਾਰ ਹੈ ਅਤੇ ਇਸ ਦੀ ਗਿਣਤੀ ਸਭ ਤੋਂ ਉੱਤਮ ਅਫ਼ਰੀਕੀ ਨਾਵਲਾਂ ’ਚ ਕੀਤੀ ਜਾਂਦੀ ਹੈ (ਕੁਝ ਅਲੋਚਕ ਤਾਂ ਇਸ ਨੂੰ ਪਹਿਲੇ ਸਥਾਨ ’ਤੇ ਰੱਖਦੇ ਹਨ)। ਇਹ ਨਾਵਲ ਉੱਤਰ-ਬਸਤੀਵਾਦੀ ਕੀਨੀਆਈ ਸਮਾਜ ਦੀਆਂ ਵਿਸੰਗਤੀਆਂ ਦੀ ਲੋਕਾਂ ਦੇ ਮੋਹਭੰਗ ਦੀ ਸਿਆਸਤਦਾਨਾਂ ਅਤੇ ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ ਦੀ, ਬੌਧਿਕ ਕੁਲੀਨਾਂ ਦਾ ਲੋਕਾਂ ਤੋਂ ਮੂੰਹ ਮੋੜ ਲੈਣ ਵੱਲ ਸੱਤ੍ਹਾ ਪ੍ਰਣਾਲੀ ਦੀ ਨਿਰਕੁੰਸ਼ ਮਨਮਾਨੇਪਣ ਦੀ ਖੁੱਲ ਕੇ, ਤੀਖਣ ਅਤੇ ਪ੍ਰਭਾਵਸ਼ਾਲੀ ਅਲੋਚਨਾ ਪੇਸ਼ ਕਰਦਾ ਹੈ। ਇਕ ਤਰ੍ਹਾਂ ਨਾਲ਼ ਇਹ ਅਲੋਚਨਾ ਸਮੁੱਚੇ ਅਫ਼ਰੀਕਾ ਅਤੇ ਸਾਰੇ ਉੱਤਰ-ਬਸਤੀਵਾਦੀ ਸਮਾਜਾਂ ਦੀ ਹਾਕਮ ਜਮਾਤ ਵੱਲ ਸਮਾਜਿਕ-ਸਿਆਸੀ ਢਾਂਚੇ ਦੀ ਇਤਿਹਾਸਕ ਅਲੋਚਨਾ ਬਣ ਗਈ ਹੈ। ‘ਪੇਟਲਸ ਆਫ਼ ਬਲੱਡ’ ਹੱਤਿਆ ਲਈ ਜੇਲ੍ਹ ਦੀ ਸਜ਼ਾ ਭੁਗਤ ਰਹੇ ਚਾਰ ਚਰਿੱਤਰਾਂ ਦੀ ਕਹਾਣੀ ਦੇ ਮਾਧਿਅਮ ਨਾਲ਼ ਕੀਨੀਆ ਦੇ ਸਿਆਸੀ ਸਮਾਜਿਕ ਦ੍ਰਿਸ਼ ਦੀ ਤਸਵੀਰ ਪੇਸ਼ ਕਰਦਾ ਹੈ, ਇਹਨਾਂ ’ਚ ਇਕ ਕਰੇਗਾ, ਅਧਿਆਪਕ ਅਤੇ ਟਰੇਡ ਯੂਨੀਅਨ ਏਕਟੀਵਿਸਟ ਹੈ, ਦੂਜਾ ਚਰਿੱਤਰ ਮੁਨੀਗ ਦਾ ਹੈ ਜਿਹੜਾ ਕਦੇ ਸਕੂਲ ’ਚ ਹੈੱਡਮਾਸਟਰ ਸੀ, ਤੀਜਾ ਅਬਦੁੱਲਾ ਇਕ ਦੁਖੀ ਭਾਰਤੀ ਕੀਨੀਆਈ ਜਿਸਨੇ ਅਜ਼ਾਦੀ ਦੀ ਲੜਾਈ ’ਚ ਹਿੱਸਾ ਲਿਆ ਸੀ, ਚੌਥਾ ਚਰਿੱਤਰ ਵਾਜਾ ਨਾਂਅ ਦੀ ਇੱਕ ਸਾਬਕਾ ਵੇਸ਼ਵਾ ਦਾ ਹੈ ਜਿਹੜੀ ਬਾਅਦ ’ਚ ਬਾਰ ਮੇਡ ਦੇ ਰੂਪ ’ਚ ਕੰਮ ਕਰਦੀ ਸੀ।

ਇਸੇ ਸਮੇਂ ਨਗੂਗੀ ਨੇ ਸਿਰਫ ਗਿਕੂ ’ਚ ਲਿਖਣ ਦਾ ਫੈਸਲਾ ਲਿਆ ਅਤੇ ‘ਪੇਟਲਸ ਆਫ਼ ਬਲੱਡ’ ਦੇ ਪ੍ਰਕਾਸ਼ਨ ਦੇ ਤੁਰੰਤ ਮਗਰੋਂ 1977 ’ਚ ਹੀ ਗਿਕੂ ਭਾਸ਼ਾ ’ਚ ਨਗੂਗੀ ਦਾ ਮਿਰੀ ਨਾਲ਼ ਮਿਲ ਕੇ ਲਿਖਿਆ ਗਿਆ ਨਾਟਕ ‘ਨਗਾਹਿਨਾ ਨਦੇਨਾ’ (ਜਿਸ ਦਾ ਅਨੁਵਾਦ ਅੰਗਰੇਜ਼ੀ ਭਾਸ਼ਾ ’ਚ ‘ਆਈ ਵਿਲ ਮੇਰੀ ਵੇਨ੍ਹ ਆਈ ਵਿਲ ਵਾਂਟ’ ਨਾਂਅ ਨਾਲ਼ ਛਪਿਆ ਅਤੇ ਉਸਨੂੰ ਸੰਸਾਰ ਵਿਆਪੀ ਪ੍ਰਸਿੱਧੀ ਮਿਲੀ) ਛਪਿਆ। ਇਸ ਨਾਟਕ ’ਚ ਨਵੇਂ ਹਾਕਮਾਂ ਦੀ ਅਤੇ ਪੇਂਡੂ ਕੀਨੀਆ ਦੇ ਜਾਲਿਮ ਭੂਮੀਪਤੀਆਂ ਦੀ ਤਿੱਖੀ ਅਲੋਚਨਾ ਸੀ। ਇਸ ਦੇ ਛਪਦੇ ਹੀ ਸਿਆਸੀ ਹਲਕਿਆਂ ’ਚ ਭੁਚਾਲ ਜਿਹਾ ਆ ਗਿਆ। “ਵਿਦਰੋਹ ਭੜਕਾਉਣ ਵਾਲਾ” ਐਲਾਨ ਕਰਕੇ ਨਾਟਕ ’ਤੇ ਰੋਕ ਲਾ ਦਿੱਤੀ ਗਈ। ਤੱਤਕਾਲੀ ਉਪ-ਰਾਸ਼ਟਰਪਤੀ ਦਾਨਿਅਲ ਅਰਾਇ ਮੋਈ (ਰਾਸ਼ਟਰਪਤੀ ਤਦ ਜੋਮੋ ਕੇਨਿਆਟਾ ਸਨ) ਦੇ ਨਿਰਦੇਸ਼ ’ਤੇ ਪਹਿਲਾਂ ਨਗੂਗੀ ਦੇ ਘਰ ਦੀ ਤਲਾਸ਼ੀ ਲਈ ਗਈ, ਉਹਨਾਂ ਦੀ ਨਿੱਜੀ ਲਾਈਬ੍ਰੇਰੀ ਨੂੰ ਜਬਤ ਕਰ ਲਿਆ ਗਿਆ ਅਤੇ ਫਿਰ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਵਰ੍ਹੇ ਤੱਕ ਬਿਨਾਂ ਮੁਕੱਦਮਾ ਚਲਾਏ ਨਗੂਗੀ ਨੂੰ ਕਾਮਿਟੀ ਮੈਕਸਿਮਮ ਸਿਕਊਰਿਟੀ ਜੇਲ੍ਹ ’ਚ ਬੰਦ ਰੱਖਿਆ ਗਿਆ ਜਿੱਥੇ ਟਾਇਲਟ ਪੇਪਰ ’ਤੇ ਉਹਨਾਂ ਨੇ ਗਿਕੂ ਭਾਸ਼ਾ ਦਾ ਪਹਿਲਾ ਆਧੁਨਿਕ ਨਾਵਲ ‘ਕੈਟਾਨੀ ਮੁਥਾਰਬਾ ਇਨੀ’ (ਜਿਸਦਾ ਅੰਗਰੇਜ਼ੀ ਅਨੁਵਾਦ 1980 ’ਚ ‘ਡੇਵਿਲ ਆਨ ਦੀ ਕਰਾਸ’ ਨਾਂ ਨਾਲ਼ ਪ੍ਰਕਾਸ਼ਿਤ ਹੋਇਆ) ਲਿਖਿਆ। ਇਸ ਦੌਰਾਨ ਉਹਨਾਂ ਨੂੰ ਨੈਰੋਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਦੇ ਅਹੁਦੇ ਤੋਂ ਵੀ ਬਰਖਾਸਤ ਕਰ ਦਿੱਤਾ ਗਿਆ। ਜੇਲ੍ਹ ਤੋਂ ਰਿਹਾਈ ਮਗਰੋਂ ਵੀ ਨਗੂਗੀ ਦੀ ਨੌਕਰੀ ਵਾਪਸ ਨਹੀਂ ਮਿਲੀ। ਉਹਨਾਂ ਦੇ ਪਰਿਵਾਰ ਨੂੰ ਲਗਾਤਾਰ ਦਹਿਸ਼ਤ ਦੇ ਸਾਏ ਹੇਠ ਜੀਣਾ ਪੈ ਰਿਹਾ ਸੀ। ਪਰ ਨਗੂਗੀ ਨੂੰ ਟੁੱਟਣਾ ਜਾਂ ਝੁਕਣਾ ਗਵਾਰਾ ਨਹੀਂ ਸੀ। ਉਹਨਾਂ ਨੇ ਆਪਣੀ ਮੁਹਿੰਮ ਜਾਰੀ ਰੱਖਣ ਲਈ ਦੇਸ਼ ਤੋਂ ਬਾਹਰ ਜਾਣ ਦਾ ਫੈਸਲਾ ਕੀਤਾ ਅਤੇ ਉਹ 1980 ਦੇ ਦਹਾਕੇ ਦੀ ਸ਼ੁਰੂਆਤ ’ਚ ਇੰਗਲੈਂਡ ਚਲੇ ਗਏ।

ਆਪਣੇ ਖੁਦ ਦੇ ਫੈਸਲੇ ’ਤੇ ਦੇਸ਼ ਛੱਡਣ ਦੌਰਾਨ ਗਿਕੂ ਭਾਸ਼ਾ ’ਚ ਸਿਰਜਾਣਤਾਮਕ ਲੇਖਣੀ ਕਰਨ ਦੇ ਨਾਲ਼ ਨਾਲ਼ ਨਗੂਗੀ ਅੰਗਰੇਜ਼ੀ ਭਾਸਾ ’ਚ ਨਿਰਤੰਰ ਧੂੰਆਂਧਾਰ ਵਿਚਾਰਕ ਲੇਖਣੀ ਵੀ ਕਰਦੇ ਰਹੇ। ਅੰਗਰੇਜ਼ੀ ’ਚ ਸਿਆਸੀ ਅਤੇ ਸੱਭਿਆਚਾਰਕ ਲੇਖਣ ਮੁੱਖ ਕਾਰਨ ਇਹ ਸੀ ਕਿ ਨਗੂਗੀ ਆਪਣੀ ਸਥਾਪਨਾਵਾਂ ਨੂੰ ਦੁਨੀਆਂ ਭਰ ਦੇ ਪ੍ਰਬੁੱਧ ਪਾਠਕਾਂ ਅਤੇ ਸੱਭਿਆਚਾਰਕ ਕਾਰਕੁੰਨਾਂ, ਲੇਖਕਾਂ ਤੱਕ ਪਹੁੰਚਾਉਣਾ ਅਤੇ ਉਹਨਾਂ ਨੂੰ ਬਹਿਸ-ਮੁਬਾਹਸੇ ਦਾ

ਵਿਸ਼ਾ ਦੱਸਣਾ ਚਾਹੁੰਦੇ ਸਨ। ਨਗੂਗੀ ਦਾ ਹੁਣ ਤੱਕ ਦੀ ਪ੍ਰਤੀਨਿੱਧੀ ਵਿਚਾਰਕ ਲੇਖਣੀ ਇਹਨਾਂ ਪੁਸਤਕਾਂ 'ਚ ਸੰਗ੍ਰਿਹਿਤ ਹੋ ਕੇ ਪ੍ਰਕਾਸ਼ਤ ਹੋਈ ਹੈ, 'ਹੋਮ ਕਮਿੰਗ, ਏਸਜ਼ ਆਨ ਅਫ਼ਰੀਕਨ ਐਂਡ ਕੈਰੀਬਿਅਨ ਲਿਟਰੇਚਟਰ, ਕਲਚਰ ਐਂਡ ਪਾਲਿਟਿਕਸ' (1971), 'ਰਾਇਟਸ ਇਨ ਪਾਲਿਟਿਕਸ' (1981), 'ਏਜੁਕੇਸ਼ਨ ਫਾਰ ਏ ਨੇਸ਼ਨਲ ਕਲਚਰ' (1981), 'ਬੈਟਲ ਆਫ ਏ ਪੇਨ, ਰੇਜਿਸਟੇਂਸ ਟੂ ਰਿਪੇਰਸ਼ਨ ਇਨ ਨਿਉ-ਕੋਲੋਨਿਅਲ ਕੀਨੀਆ' (1983), ਡੀਕਾਲੋਨਾਇਜਿੰਗ ਦਿ ਮਾਇੰਡ, ਦਿ ਪਾਲਿਟਿਕਸ ਆਫ ਲੈਂਗਵੇਜ ਇਨ ਅਫ਼ਰੀਕਨ ਲਿਟਰੇਚਰ' (1986), ਰਾਇਟਿੰਗ ਅੰਗੇਸਟ ਨਿਉ ਕੋਲੋਨਿਅਨਿਜਮ' (1986), 'ਮੂਵਿੰਗ ਦਿ ਸੈਂਟਰਸ, ਦਿ ਸਟਰਗਲ ਫਾਰ ਕਲਚਰਲ ਫਰੀਡਮ' (1993), 'ਪੇਨ ਪਵਾਇਟੰਮ, ਗਨਪਵਾਇੰਟਸ ਐਂਡ ਡਰੀਮਸ' (1996) ਅਤੇ 'ਸਮਥਿੰਗ ਟਾਰਨ ਐਂਡ ਨਿਊ, ਐਨ ਅਫ਼ਰੀਕਨਰੇਨੇਸਾ'(2009)।

ਜੇਲ੍ਹ 'ਚ ਇਕ ਸਾਲ ਗੁਜਾਰਨ ਦੌਰਾਨ ਨਗੂਗੀ ਨੇ ਇਕ ਆਤਮਕਥਾਮਕ ਕਿਰਤ 'ਡਿਟੇਡ, ਏ ਰਾਇਟਰਸ ਪਰੀਜਨ ਡਾਇਰੀ' ਵੀ ਲਿਖੀ ਸੀ ਜਿਹੜੀ 1981 'ਚ ਪ੍ਰਕਾਸ਼ਿਤ ਹੋਈ। ਗਿਕੂ ਭਾਸ਼ਾ 'ਚ ਨਗੂਗੀ ਦਾ ਦੂਜਾ ਨਾਵਲ ਸੀ 'ਮਾਤਿਗਾਰਿਮਾ ਨਜੀਰੂਗੀ', ਜਿਸਦਾ ਮਤਲਬ ਹੈ, 'ਦੇਸ਼ਭਗਤ, ਗੋਲੀਆਂ ਜਿਨ੍ਹਾਂ ਨੂੰ ਮਾਰ ਨਾ ਸਕੀਆਂ'। ਇਹ ਨਾਵਲ 1986 'ਚ ਛਪਿਆ ਅਤੇ ਕੀਨੀਆਈ ਤਾਨਾਸ਼ਾਹ ਡੈਨਿਅਲ ਅਰਾਮ ਮੋਈ ਦੀ ਹੁਕੂਮਤ ਨੇ ਇਸ ਨੂੰ ਭਿਅੰਕਰ ਵਿਸਫੋਟਕ ਸਮੱਗਰੀ ਵਰਗਾ ਮਹਿਸੂਸ ਕੀਤਾ। ਇਸ ਨਾਵਲ ਦੀ ਕਹਾਣੀ ਮਾਤਿਗਾਰੀ ਨਾਮਕ ਵਿਅਕਤੀ ਦੇ ਆਲੇ-ਦੁਆਲੇ ਘੁੰਮਦੀ ਹੈ ਜਿਹੜੀ ਕੁਝ ਸਮੇਂ ਤੱਕ ਇਕ ਪੂਰਬੀ ਅਫ਼ਰੀਕੀ ਜੰਗਲ 'ਚ ਰਹਿਣ ਮਗਰੋਂ ਵਿਛੜੇ ਹੋਏ ਪਰਿਵਾਰ ਨਾਲ਼ ਮਿਲਣ ਲਈ ਘਰ ਵਾਪਸ ਪਰਤ ਆਉਂਦਾ ਹੈ। ਰਾਹ 'ਚ ਉਹ ਜਾਬਰ ਸਿਆਸੀ ਮਾਹੌਲ ਦਾ ਮਿਨਾਰ ਹੁੰਦਾ ਹੈ ਅਤੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਪਰ ਉਹ ਉਥੋਂ ਭੱਜ ਨਿਕਲਦਾ ਹੈ ਅਤੇ ਸ਼ਾਂਤੀ ਲਈ ਆਪਣੀ ਮੁਹਿੰਮ ਜਾਰੀ ਰੱਖਦਾ ਹੈ। ਸਥਿਤੀਆਂ ਉਸਨੂੰ ਇਕ ਮਾਨਸਿਕ ਰੋਗਾਂ ਦੇ ਹਸਪਤਾਲ ਤੱਕ ਪਹੁੰਚਾ ਦਿੰਦੀਆਂ ਹਨ। ਪਰ ਉਥੋਂ ਵੀ ਉਹ ਭੱਜ ਨਿਕਲਦਾ ਹੈ। ਤਜ਼ਰਬੇ ਮਾਤਿਗਾਰੀ ਨੂੰ ਇਸ ਨਤੀਜ਼ੇ 'ਤੇ ਪਹੁੰਚਾਂਦੇ ਹਨ ਕਿ ਇਕ ਹਥਿਆਰਬੰਦ ਲੋਕ-ਉਭਾਰ ਹੀ ਉਸਦੇ ਦੇਸ਼ 'ਚ ਨਿਆਂ ਦੇ ਸ਼ਾਸਨ ਦੀ ਸਥਾਪਤੀ ਦਾ ਇਕੋ-ਇਕ ਰਾਹ ਹੈ। ਇਸ ਨਾਵਲ ਨੇ ਕੀਨੀਆ 'ਚ ਉੱਥਲ ਪੁੱਥਲ ਪੈਦਾ ਕਰ ਦਿੱਤੀ। ਅਧਿਕਾਰੀਆਂ ਨੇ ਤਾਂ ਕੁਝ ਸਮੇਂ ਲਈ ਯਕੀਨ ਕਰ ਲਿਆ ਕਿ ਮਾਤਿਗਰੀ ਇਕ ਅਸਲੀ ਵਿਅਕਤੀ ਹੈ ਅਤੇ ਉਹਨਾਂ ਨੇ ਉਸ ਦੀ ਤਲਾਸ਼ ਵੀ ਸ਼ੁਰੂ ਕਰ ਦਿੱਤੀ।

1995 'ਚ ਨਗੂਗੀ ਨੇ ਬੱਚਿਆਂ ਲਈ ਦੋ ਕਿਤਾਬਾਂ ਲਿਖੀਆਂ 'ਨਜਾਬੰਾ ਨੇਨੇ ਐਂਡ ਫਲਾਇੰਗ ਬੱਸ' ਅਤੇ 'ਨਾਜਾਬੰਾ ਨੇਨੇ ਜ ਪਿਸਟਲ'। ਇਹ ਪੁਸਤਕਾਂ ਅਫ਼ਰੀਕਾ ਤੋਂ ਇਲਾਵਾ ਪੱਛਮੀ ਦੁਨੀਆਂ 'ਚ ਵੀ ਕਾਫੀ ਲੋਕਪ੍ਰਿਆ ਹੋਈਆਂ। 1992 'ਚ ਨਗੂਗੀ ਨਿਊਯਾਰਕ ਯੂਨੀਵਰਸਿਟੀ 'ਚ ਏਰਿਕ ਮਾਰਿਆ ਰੇਮਾਰਕ ਚੇਅਰ 'ਤੇ ਨਿਯੁਕਤ ਹੋਏ ਅਤੇ ਤੁਲਨਾਤਮਕ ਸਾਹਿਤ ਅਤੇ 'ਪਰਫਾਰਮੇਂਸ ਸੱਟਡੀਜ' ਦੇ ਪ੍ਰੋਫੈਸਰ ਦੇ ਰੂਪ 'ਚ ਸਿੱਖਿਆ ਕਾਰਜ ਕਰਨ ਲੱਗੇ। ਇਸ ਸਮੇਂ ਉਹ ਕੈਲੀਫੋਰਨੀਆ ਯੂਨੀਵਰਸਿਟੀ 'ਚ 'ਲੇਖਣੀ ਅਤੇ ਅਨੁਵਾਦ ਦੇ ਕੌਮਾਂਤਰੀ ਕੇਂਦਰ' ਦੇ ਨਿਰਦੇਸ਼ਕ ਦੇ ਤੌਰ 'ਤੇ ਕੰਮ ਕਰਨ ਦੇ ਨਾਲ਼ ਹੀ ਅੰਗਰੇਜੀ ਅਤੇ ਤੁਲਨਾਤਮਕ ਸਾਹਿਤ ਦੇ ਪ੍ਰੋਫੈਸਰ ਦੀ ਜ਼ਿੰਮੇਵਾਰੀ ਵੀ ਸੰਭਾਲ ਰਹੇ ਸਨ।

ਡੈਨਿਅਲ ਅਰਾਇ ਮੋਈ ਦੀ ਤਾਨਾਸ਼ਾਹ ਸੱਤ੍ਹਾ ਦੇ ਪਤਨ ਮਗਰੋਂ ਆਪਣਾ ਦੇਸ਼ ਨਿਕਾਲਾ ਖਤਮ ਕਰਕੇ ਨਗੂਗੀ 8 ਅਗਸਤ 2004 ਨੂੰ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਮਗਰੋਂ ਕੀਨੀਆ ਪਰਤੇ। ਇਹ ਵਾਪਸੀ ਪੂਰਬੀ ਅਫ਼ਰੀਕਾ ਦੇ ਇਕ ਮਹੀਨੇ ਲੰਮੇ ਉਹਨਾਂ ਦੇ ਦੌਰੇ ਦਾ ਹਿੱਸਾ ਸੀ। 11 ਅਗਸਤ ਨੂੰ ਉਹਨਾਂ ਦੇ ਅਪਾਰਟਮੇਂਟ 'ਚ ਕੁਝ ਗੁੰਡੇ ਆਣ ਵੜੇ।" ਨਗੂਗੀ ਦਾ ਕੰਪਿਊਟਰ ਅਤੇ ਪੈਸੇ ਲੁੱਟਣ ਨਾਲ ਹੀ ਉਹਨਾਂ ਨੇ ਉਹਨਾਂ ਨਲ਼ ਕੁੱਟ-ਮਾਰ ਕੀਤੀ ਅਤੇ ਉਹਨਾਂ ਦੀ ਪਤਨੀ ਨਾਲ਼ ਬਲਾਤਕਾਰ ਕੀਤਾ। ਉਸ ਸਮੇਂ ਇਹ ਚਰਚਾ ਆਮ ਸੀ ਕਿ ਇਹ ਘਟਨਾ ਸੱਤ੍ਹਾ ਰਾਹੀਂ ਪਲਾਨਡ ਸੀ। ਇਸ ਘਟਨਾ ਮਗਰੋਂ ਦੀਆਂ ਹਾਲਤਾਂ ਤੋਂ ਵੀ ਸਾਫ਼ ਹੋ ਗਿਆ ਕਿ ਕੀਨੀਆ ਦੀ ਚੁਣੀ ਗਈ ਪੂੰਜੀਵਾਦੀ ਸਰਕਾਰ ਨੂੰ ਵੀ ਨਗੂਗੀ ਦਾ ਢਾਂਚਾ ਵਿਰੋਧੀ ਸੁਰ ਬਰਦਾਸ਼ਤ ਨਹੀਂ ਅਤੇ ਉਹਨਾਂ ਦੀ ਸਥਿਤੀ ਪਹਿਲਾ ਦੀ ਤਾਨਾਸ਼ਾਹੀ ਤੋਂ ਜ਼ਿਆਦਾ ਭਿੰਨ ਨਹੀਂ ਹੈ। ਇਸ ਘਟਨਾ ਮਗਰੋਂ ਨਗੂਗੀ ਅਮਰੀਕਾ ਵਾਪਸ ਪਰਤ ਗਏ ਅਤੇ ਤਦ ਤੋਂ ਉੱਥੇ ਰਹਿ ਰਹੇ ਹਨ।

2004 'ਚ ਗਿਕੂ ਭਾਸ਼ਾ 'ਚ ਨਗੂਗੀ ਦਾ ਨਾਵਲ 'ਮੁਰੋਗੀ ਵਾ ਕਾਗੋਗਾ' ਲਗਭਗ ਦੋ ਦਹਾਕੇ ਮਗਰੋਂ ਪ੍ਰਕਾਸ਼ਿਤ ਹੋਣ ਵਾਲੀ ਉਹਨਾਂ ਦਾ ਨਵਾਂ ਨਾਵਲ ਸੀ। ਫਿਰ ਇਸ ਦਾ ਗਿਕੂ ਤੋਂ ਅੰਗਰੇਜ਼ੀ 'ਚ ਉਹਨਾਂ ਨੇ ਖੁਦ ਅਨੁਵਾਦ ਕੀਤਾ ਜਿਹੜਾ 2006 'ਚ 'ਵਿਜ਼ਰਡ ਆਫ਼ ਦਿ ਕਰੋ' ਨਾਂ ਨਾਲ਼ ਛਪਿਆ।

ਨਗੂਗੀ ਵਾ ਥਯੌਂਗੋ ਸਿਸਟਮ ਵਿਰੋਧੀ, ਲੋਕ ਪੱਖੀ ਲੇਖਕਾਂ ਦੀ ਉਸ ਸ਼ਾਨਾਮੱਤੀ ਪਰੰਪਰਾ ਦੀ ਲੜੀ ਹੈ, ਜਿਹੜੇ ਹਰ ਕੀਮਤ ਚੁੱਕਾ ਕੇ ਵੀ ਪੂੰਜੀਵਾਦੀ ਸੱਤ੍ਹਾ ਦੇ ਅਦਾਰਿਆਂ ਅਤੇ ਸਮਾਜਿਕ ਢਾਂਚੇ 'ਚ ਸਮਾਏ ਅਨਿਆਈ ਚਰਿੱਤਰ ਨੂੰ ਉਜਾਗਰ ਕਰਦੇ ਰਹੇ, ਜਿਨ੍ਹਾਂ ਨੂੰ ਦਹਿਸ਼ਤ ਅੱਗੇ ਕਦੇ ਗੋਡੇ ਨਹੀਂ ਟੇਕੇ ਅਤੇ ਲੋਕਾਂ ਦਾ ਪੱਖ ਕਦੇ ਨਹੀਂ ਛੱਡਿਆ। ਕਲਾ ਸਾਹਿਤ ਦੇ ਖੇਤਰ 'ਚ ਅੱਜ ਹਰ ਥਾਂ ਮੌਜੂਦ ਮੌਕਾਪ੍ਰਸਤੀ ਦੇ ਮਾਹੌਲ 'ਚ ਉਹਨਾਂ ਦਾ ਜੀਵਨ ਅਤੇ ਕਾਰਜ ਲਗਾਤਾਰ ਜਲਦੀ ਇਕ ਮਸ਼ਾਲ ਵਾਂਗ ਹੈ। ਬਸਤੀਵਾਦ ਅਤੇ ਸਮਕਾਲੀਨ ਸਾਮਰਾਜਵਾਦ ਦੀ ਸੱਭਿਆਚਾਰਕ ਨੀਤੀ ਅਤੇ ਭਾਸ਼ਾ ਨੀਤੀ ਦਾ ਅਤੇ ਉੱਤਰ-ਬਸਤੀਵਾਦੀ ਸਮਾਜਾਂ ਦੇ ਹਾਕਮ ਪੂੰਜੀਪਤੀ ਜਮਾਤ ਦੀ ਸਿਆਸਤ, ਅਰਥਨੀਤੀ ਅਤੇ ਸੱਭਿਆਚਾਰ ਦਾ ਉਹਨਾਂ ਦਾ ਵਿਸ਼ਲੇਸ਼ਣ ਆਪਣੀ ਕੁਸ਼ਾਗਰਤਾ ਅਤੇ ਮੌਲਿਕਤਾ ਦੀ ਦ੍ਰਿਸ਼ਟੀ ਤੋਂ ਨਿਵੇਕਲਾ ਹੈ। ਇਹ ਬਹੁਤ ਚੰਗੀ ਗੱਲ ਹੈ ਕਿ ਨਗੂਗੀ ਉਸੇ ਨਿਵੇਕਲੀ ਵਿਚਾਰਕ ਨਿਸ਼ਠਾ ਨਾਲ਼ ਅੱਜ ਸਾਡੇ ਵਿਚ ਮੌਜੂਦ ਹਨ ਅਤੇ ਨਿਰੰਤਰ ਸਿਰਜਣਸ਼ੀਲ ਹਨ।

* * * * * *

ਹੱਸੋ ਤਾਂ ਫਸੋ !

- ਮਨਬਹਿਕੀ ਲਾਲ

ਦੇਸ਼ ਹੱਸ ਰਿਹਾ ਹੈ। ਪਾਰਕਾਂ ਵਿੱਚ 'ਲਾਫਟਰ ਕਲੱਬ' ਅਤੇ 'ਲਾਫ਼ਟਰ ਯੋਗਾ' ਵਾਲੇ ਤਾੜੀਆਂ ਮਾਰ-ਮਾਰ ਹੱਸ ਰਹੇ ਹਨ। 'ਆਸਥਾ' ਚੈਨਲ 'ਤੇ ਬਾਬਾ ਰਾਮਦੇਵ ਹੱਸ ਰਹੇ ਹਨ। ਨਾ ਸਿਰਫ਼ ਮਨੋਰੰਜਨ ਚੈਨਲ ਸਗੋਂ ਖਬਰਾਂ ਦੇ ਚੈਨਲਾਂ 'ਤੇ ਵੀ ਹੱਸਣ ਦਾ ਬਾਜ਼ਾਰ ਗਰਮ ਹੈ – ਕਿਤੇ 'ਲਾਫ਼ਟਰ ਕੇ ਫਟਕੇ' ਹਨ ਤੇ ਕਿਤੇ 'ਹੱਸੀ ਕਾ ਤੜਕਾ' ਜਾਂ ਫੇਰ 'ਕਾਮੇਡੀ ਕਾ ਡੇਲੀ ਡੋਜ'।

ਇਲੈਕਟ੍ਰੌਨਿਕ ਮੀਡੀਆ ਵਿੱਚ ਆਪਰਾਧ, ਤੰਤਰ-ਮੰਤਰ ਅਤੇ ਔਰਤ ਵਿਰੋਧੀ (ਭਾਵੇਂ ਉਹ ਸੱਸ-ਨੂੰਹ ਦੇ ਸੀਰੀਅਲ ਹੋਣ ਜਾਂ ਅਸ਼ਲੀਲ ਯੌਨ ਹਿੰਸਕ, ਔਰਤ ਦਾ ਜਿਣਸੀਕਰਨ ਕਰਨ ਵਾਲੇ ਗੀਤ-ਗਾਣੇ ਅਤੇ ਹੋਰ ਪ੍ਰੋਗਰਾਮ) ਪ੍ਰੋਗਰਾਮਾਂ ਦੇ ਨਾਲ਼ ਸਭ ਤੋਂ ਗਰਮ ਮੰਡੀ ਹੱਸਣ-ਹਸਾਉਣ ਦੀ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਹੱਸਣ ਹਸਾਉਣ ਦਾ ਵਿਸ਼ਾ ਵੀ ਅਕਸਰ ਔਰਤ ਹੀ ਹੁੰਦੀ ਹੈ - ਉਸਦੀਆਂ "ਬੇਵਫਾਈਆਂ", ਉਸਦੀਆਂ "ਬੇਵਕੂਫੀਆਂ-ਚਲਾਕੀਆਂ" ਜਾਂ ਉਸਦਾ "ਮੂਰਖਤਾਪੁਣਾ"। ਜੋ ਸਮਾਜ ਲੁਟੀਦਿਆਂ ਅਤੇ ਬੇਵਸਾਂ-ਮਜ਼ਦੂਰਾਂ 'ਤੇ ਹੱਸਦਾ ਹੈ, ਜੋ ਦੱਬਿਆ-ਕੁਚਲਿਆਂ ਦਾ ਮਖੌਲ ਉਡਾਉਂਦਾ ਹੈ, ਉਸ ਸਮਾਜ ਦੇ ਤਾਣੇ-ਬਾਣੇ ਵਿੱਚ ਮਨੁੱਖਤਾਵਾਦ ਅਤੇ ਜਮਹੂਰੀਅਤ ਦੇ ਰੇਸ਼ੇ-ਧਾਗੇ ਬਹੁਤ ਥੋੜੇ ਹੁੰਦੇ ਹਨ। ਯਾਦ ਕਰੋ, ਪਿੰਡਾਂ ਦੇ ਨਾਚ-ਨਾਟਕਾਂ ਵਿੱਚ ਹੋਣ ਵਾਲੇ ਕੁਝ ਵਿਅੰਗਾਂ ਵਿੱਚ ਪਹਿਲਾਂ ਦਲਿਤਾਂ, ਪਛੜੀਆਂ ਅਤੇ ਔਰਤਾਂ ਦਾ ਕਿਸ ਕਦਰ ਮਖੌਲ ਉਡਾਇਆ ਜਾਂਦਾ ਸੀ ਇਹ ਜਗੀਰੂ ਨਿਰੰਕੁਸ਼ਤਾ ਦਾ ਸੱਭਿਆਚਾਰ ਸੀ। ਹੁਣ ਅਸੀਂ ਇਕ ਸਰਵ-ਵਿਆਪੀ ਪੂੰਜੀਵਾਦੀ ਨਿਰੰਕੁਸ਼ਤਾ ਦੇ ਸੱਭਿਆਚਾਰ ਦੇ ਰੂ-ਬ-ਰੂ ਹਾਂ। ਬਸਤੀਆਂ (ਗੁਲਾਮ) ਰਹਿ ਚੁੱਕੇ ਸਮਾਜਾਂ ਦਾ ਜੋ ਬਿਮਾਰ, ਬੌਣਾਂ ਪੂੰਜੀਵਾਦ ਹੈ, ਇਸ ਕੋਲ ਮਨੁੱਖਤਾਵਾਦ ਅਤੇ ਜਮਹੂਰੀਅਤ ਦੀਆਂ ਸਿਹਤਮੰਦ ਹਾਂ-ਪੱਖੀ ਕਦਰਾਂ-ਕੀਮਤਾਂ ਹਨ ਹੀ ਨਹੀਂ, ਕਿਉਂਕਿ ਇਹ ਪੁਨਰ-ਜਾਗਰਣ – ਪ੍ਰਬੋਧਨ ਇਨਕਲਾਬ ਦਾ ਵਾਰਿਸ ਨਹੀਂ ਹੈ।

ਫਿਲਹਾਲ, ਵਿਸ਼ੇ ਦੀ ਗੰਭੀਰਤਾ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੈ। ਹੱਸੋ। ਸਾਰੇ ਹੱਸ ਰਹੇ ਹਨ। ਟੀ. ਵੀ. 'ਤੇ ਹੱਸ ਰਹੇ ਹਨ। ਸਿਨੇਮੇ 'ਚ ਹੱਸ ਰਹੇ ਹਨ (ਸਾਲਾਨਾ ਬਣਨ ਵਾਲੀਆਂ ਹੱਸਣ-ਹਸਾਉਣ ਵਾਲੀਆਂ ਫਿਲਮਾਂ ਦਾ ਕਾਰੋਬਾਰ ਤਾਂ ਵੇਖੋ!)।

ਹੱਸੋ ਕਿ ਠੰਡ ਦੇ ਕਹਿਰ ਨਾਲ਼ ਦੇਸ਼ 'ਚ ਮਰਨ ਵਾਲਿਆਂ ਦਾ ਅੰਕੜਾ ਪੰਜ ਸੌ ਤੋਂ ਪਾਰ ਚਲੇ ਜਾਣ ਦਾ ਡਰ ਹੈ। ਹੱਸੋ ਇਹ ਜਾਣ ਕੇ ਕਿ ਇਸ ਠੰਡ ਵਿੱਚ ਦਿੱਲੀ ਪੁਲਿਸ ਨੇ ਕਿੰਨੀਆਂ ਝੁੱਗੀਆਂ ਬਸਤੀਆਂ ਉਜਾੜ ਸੁੱਟੀਆਂ। ਨਾ ਸਿਰਫ਼ ਅਰਹਰ ਦੀ ਦਾਲ ਦੀ ਕੀਮਤ ਸੌ ਰੁਪਏ ਕਿਲੋ ਤੋਂ ਉਪਰ ਜਾ ਪਹੁੰਚੀ ਹੈ ਸਗੋਂ ਪਿਆਜ, ਆਲੂ, ਚੌਲ, ਆਟਾ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ, ਹੱਸੋ। ਬਾਲਕੋ ਦੀ ਚਿਮਨੀ ਡਿੱਗਣ ਨਾਲ਼ ਕਿੰਨੇ ਮਜ਼ਦੂਰ ਮਰੇ ਅਤੇ ਚੰਬਲ ਨਦੀ 'ਤੇ ਬਣਦੇ ਪੁਲ ਦੇ ਢਹਿਣ ਨਾਲ਼ ਕਿੰਨੇ ਮਰੇ, ਇਹ ਜਾਣੋ ਅਤੇ ਹੱਸੋ। ਹਿੰਦੋਸਤਾਨ ਵਿਚ ਹਰ ਇੱਕ ਮਿੰਟ ਕਿੰਨੀਆਂ ਔਰਤਾਂ ਨਾਲ਼ ਬਲਾਤਕਾਰ ਹੁੰਦਾ ਹੈ ਅਤੇ ਕਿੰਨੀਆਂ ਸਾੜੀਆਂ ਜਾਂਦੀਆਂ ਹਨ, ਪਤਾ ਚਲਾਓ ਅਤੇ ਹੱਸੋ। ਹਰ ਸਾਲ ਆਪਣੀ ਜਗਾ-ਜ਼ਮੀਨ ਤੋਂ ਉਜੜਨ ਵਾਲਿਆਂ ਦੀ ਗਿਣਤੀ ਦਾ ਪਤਾ ਲਗਾਓ ਅਤੇ ਹੱਸੋ। ਪੰਜਾਹ ਸੱਠ ਰੁਪਏ ਵਿੱਚ ਹੱਡ ਗਲਾਉਣ ਵਾਲੇ ਦਿਹਾੜੀਦਾਰ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਅਤੇ ਹਾਲਾਤਾਂ ਦਾ ਪਤਾ ਕਰੋ ਅਤੇ ਹੱਸੋ। ਹੱਸੋ ਕਿ ਹਸਾਉਣ ਲਈ ਮਸਾਲੇ ਬਹੁਤ ਹਨ। ਅਰਚਨਾ ਪੂਰਨ ਸਿੰਘ, ਨਵਜੋਤ ਸਿੰਘ ਸਿੱਧੂ ਨੂੰ ਵੇਖੋ, ਕਿੰਨਾ ਮੂੰਹ ਫਾੜ ਕੇ ਹੱਸ ਰਹੇ ਹਨ। ਸੋਨੀਆਂ ਗਾਂਧੀ, ਮਨਮੋਹਨ ਸਿੰਘ, ਚਿਦੰਬਰਮ, ਅਡਵਾਨੀ ਮੁਸਕੁਰਾਹਟ ਅਤੇ ਹਲਕੇ ਹਾਸੇ ਨਾਲ਼ ਕੰਮ ਚਲਾ ਲੈਂਦੇ ਹਨ। ਉਹ ਵੱਡੇ ਲੋਕ ਹਨ। ਤੁਸੀਂ ਮਾਮੂਲੀ ਆਦਮੀ ਹੋ, ਇਸ ਲਈ ਜਬਾੜੇ ਫਾੜ ਕੇ ਹੱਸੋ। ਤੁਹਾਡੇ ਲਈ ਅਰਬਾਂ ਦੀ ਲਾਗਤ ਨਾਲ ਹਾਸੇ ਦੀ ਏਨੀ ਵੱਡੀ ਮੰਡੀ ਲੱਗੀ ਹੈ। ਹੱਸੋ। ਹੱਸਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਥੱਲੇ ਆਏਗਾ, ਚੈਨਲ ਦੀ ਟੀ. ਆਰ. ਪੀ. ਰੇਟਿੰਗ ਉੱਪਰ ਹੋ ਜਾਏਗੀ। ਕਰ ਭਲਾ, ਹੋ ਭਲਾ।

ਏਨਾ ਹੱਸੋ ਕਿ ਸੋਚਣ ਲਈ ਨਾ ਸਮਾਂ ਬਚੇ, ਨਾ ਦਿਮਾਗ। ਅੱਖਾਂ ਮੀਚ ਕੇ ਹੱਸੋ ਤਾਂ ਕਿ ਆਸਪਾਸ ਦੀ ਕੋਈ ਚੀਜ਼ ਵਿਖਾਈ ਹੀ ਨਾ ਦੇਵੇ। ਟੀ. ਵੀ. 'ਤੇ ਹਾਸਾ-ਮਜ਼ਾਕ ਹੈ। ਟੀ. ਵੀ. ਪ੍ਰੋਗਰਾਮਾਂ ਦੀ ਸਮੀਖਿਆ ਲਿਖਦੇ ਹੋਏ ਸੁਧੀਸ਼ ਪਚੌਰੀ ਭਾਸ਼ਾ ਨਾਲ਼ ਖੇਡਾਂ ਕਰਦੇ ਹੋਏ ਹੱਸ ਰਹੇ ਹਨ। ਉਹਨਾਂ ਦੀ ਭਾਸ਼ਾ ਹੱਸ ਰਹੀ ਹੈ। ਸੈਮਸੰਗ ਦੇ ਸਹਿਯੋਗ ਨਾਲ਼ ਟੈਗੋਰ ਸਾਹਿਤ ਪੁਰਸਕਾਰ ਦੇਣ ਦਾ ਐਲਾਨ ਕਰਦੇ ਹੋਏ ਸਾਹਿਤ ਅਕਾਦਮੀ ਦਾ ਚੇਅਰਮੈਨ ਅਤੇ ਸੈਮਸੰਗ ਦਾ ਨੁੰਮਾਇਦਾ ਹੱਸ ਰਹੇ ਹਨ।

ਟੀ. ਵੀ. ਤੋਂ ਲੱਗਦਾ ਹੈ ਕਿ ਪੂਰਾ ਦੇਸ਼ ਹੱਸ ਰਿਹਾ ਹੈ। ਪਰ ਵੀਹ ਰੁਪਏ ਤੋਂ ਥੱਲੇ ਜਿਉਣ ਵਾਲੇ 84 ਕਰੋੜ ਲੋਕ ਅਤੇ ਉਹਨਾਂ ਵਿਚੋਂ ਵੀ ਖਾਸਕਰ ਗਿਆਰਾਂ ਰੁਪਏ ਰੋਜ਼ਾਨਾ 'ਤੇ ਜੀਣ ਵਾਲੇ 27 ਕਰੋੜ ਲੋਕ ਪਤਾ ਨਹੀਂ ਕਿਵੇਂ ਅਤੇ ਕਿੰਨਾਂ ਹੱਸ ਰਹੇ ਹੋਣਗੇ! 25 ਕਰੋੜ ਬੇਰੁਜ਼ਗਾਰ ਕਿਵੇਂ ਹੱਸ ਰਹੇ ਹੋਣਗੇ। ਕੁਪੋਸ਼ਣ ਅਤੇ ਭੁੱਖ ਦਾ ਸ਼ਿਕਾਰ ਕਰੋੜਾਂ ਬੱਚਿਆਂ ਦੀਆਂ ਮਾਵਾਂ ਕਿੰਨਾ ਹੱਸ ਸਕ ਰਹੀਆਂ ਹੋਣਗੀਆਂ। ਪਰ ਉਪਰਲੇ ਜਿਨ੍ਹਾਂ 15 ਕਰੋੜ ਲੋਕਾਂ ਲਈ ਸਾਰੀਆਂ ਚੀਜ਼ਾਂ ਦੀ ਹੱਸਦੀ ਹੋਈ ਮੰਡੀ ਹੈ, ਉਹ ਖਾ ਰਹੇ ਹਨ ਅਤੇ ਹੱਸ ਰਹੇ ਹਨ। ਪਦ ਮਾਰ ਰਹੇ ਹਨ ਅਤੇ ਹੱਸ ਰਹੇ ਹਨ। ਕਦੇ-ਕਦੇ ਸੇਅਰਾਂ ਦੇ ਭਾਅ ਡਿੱਗਣ ਨਾਲ ਉਹਨਾਂ ਦਾ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ, ਤਾਂ ਉਹਨਾਂ ਦਾ ਹਾਸਾ ਰੁਕ ਜਾਂਦਾ ਹੈ। ਫੇਰ ਉਹ 'ਲਾਫ਼ਟਰ ਯੋਗਾ' ਕਰਨ ਲੱਗਦੇ ਹਨ ਅਤੇ ਜਬਰਦਸਤੀ ਹੱਸਣ ਲਗਦੇ ਹਨ। ਜੋ ਨਿਚਲੇ ਲੋਕ ਹਨ, ਉਹ ਵੀ ਕਦੇ-ਕਦੇ ਤਣਾਅ ਅਤੇ ਮੁਸੀਬਤਾਂ ਦਾ ਬੋਝ ਹਲਕਾ ਕਰਨ ਲਈ ਹੱਸ ਲੈਂਦੇ ਹਨ। ਪਰ ਓਨਾ ਨਹੀਂ, ਜਿੰਨਾ ਹੱਸਣ ਲਈ ਟੀ. ਵੀ. ਕਹਿ ਰਿਹਾ

ਹੈ। ਉਹਨਾਂ ਨੂੰ ਹਾਸਾ ਖਰੀਦਣਾ ਨਹੀਂ ਪੈਂਦਾ। ਇਸ ਲਈ ਉਹਨਾਂ ਨੂੰ ਹਾਸੇ ਦੀ ਮੰਡੀ ਦੀ ਲੋੜ ਨਹੀਂ। ਇਕ ਵਿਚਕਾਰ ਆਦਮੀ ਹੈ, ਜੋ ਨਾ ਥੱਲੜਿਆਂ ਵਾਂਗ ਹੱਸ ਪਾਉਂਦਾ ਹੈ, ਨਾ ਉਪਰਲਿਆਂ ਵਾਂਗ। ਉਹ ਟੀ. ਵੀ. ਦੇ ਹਾਸੇ ਤੋਂ ਪ੍ਰਭਾਵਿਤ ਹੋ ਕੇ ਹੱਸਣਾ ਚਾਹੁੰਦਾ ਹੈ, ਓਦੋਂ ਤੱਕ ਉਸਦਾ ਧਿਆਨ ਆਪਣੇ ਸਸਤੇ ਪੁਰਾਣੇ ਟੈਲੀਵੀਜ਼ਨ 'ਤੇ ਅਤੇ ਫੇਰ ਆਸਪਾਸ ਦੀਆਂ ਚੀਜ਼ਾਂ 'ਤੇ ਚਲਾ ਜਾਂਦਾ ਹੈ ਅਤੇ ਉਸਦਾ ਹਾਸਾ ਘੁੱਟਿਆਂ ਜਾਂਦਾ ਹੈ। ਉਹ ਲਾਫ਼ਟਰ ਕਲੱਬ ਵਾਲਿਆਂ ਵਿੱਚ ਜਾ ਕੇ ਹੱਸਣਾ ਚਾਹੁੰਦਾ ਹੈ, ਪਰ ਉਹਨਾਂ 'ਚ ਸ਼ਾਮਲ ਬੁੱਢਿਆਂ ਦੀਆਂ ਲਾਲ-ਲਾਲ ਗੱਲ੍ਹਾਂ ਦੇਖ ਕੇ ਕੁੰਠਿਤ ਹੋ ਜਾਂਦਾ ਹੈ। ਤੁਰੰਤ ਉਸਦਾ ਧਿਆਨ ਜਾਂਦਾ ਹੈ ਕਿ ਉਸਦੇ ਨਾ ਹੱਸਣ 'ਤੇ ਲੋਕਾਂ ਦਾ ਧਿਆਨ ਜਾ ਰਿਹਾ ਹੈ ਅਤੇ ਉਹ ਅਜੀਬੋ-ਗਰੀਬ ਅਵਾਜ਼ਾਂ ਕੱਢਦਾ ਹੋਇਆ ਜਬਰਦਸਤੀ ਹੱਸਣ ਲੱਗਦਾ ਹੈ।

ਹਾਂ ਸ਼੍ਰੀਮਾਨ/ਸ਼੍ਰੀਮਤੀ ਜੀ, ਜੇਕਰ ਤੁਸੀਂ ਸਧਾਰਨ ਵਿਅਕਤੀ ਹੋ ਅਤੇ ਨਹੀਂ ਹੱਸ ਪਾ ਰਹੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਸੋਚ ਰਹੇ ਹੋ। ਜਾਂ ਫੇਰ ਤੁਸੀਂ ਉਹਨਾਂ ਨਾਲ਼ ਖੜੇ ਹੋ ਜੋ ਚਾਹ ਕੇ ਵੀ ਓਨਾ ਅਤੇ ਉਸ ਕਦਰ ਨਹੀਂ ਹੱਸ ਸਕਦੇ, ਜਿਸ ਤਰ੍ਹਾਂ ਰਾਜੂ ਸ਼੍ਰੀਵਾਸਤਵ ਦੇ ਚੁਟਕਲਿਆਂ 'ਤੇ ਸਿੱਧੂ ਹੱਸਦੇ ਹਨ। ਜਾਂ ਤੁਸੀਂ ਉਹਨਾਂ 'ਚੋਂ ਹੋ ਜੋ ਜ਼ਿਆਦਾ ਭਾਰ ਅਤੇ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਨਾ ਹੋਣ ਵਜੋਂ 'ਲਾਫ਼ਟਰ ਯੋਗਾ' ਦੀ ਜ਼ਰੂਰਤ ਅਤੇ ਮਹੱਤਤਾ ਨਹੀਂ ਸਮਝਦੇ। ਇਸ ਲਈ ਜੇਕਰ ਤੁਸੀਂ ਨਹੀਂ ਹੱਸ ਰਹੇ ਤਾਂ ਤੁਹਾਨੂੰ ਇਕ ਖਤਰਨਾਕ ਅਤੇ ਅਸਮਾਜਿਕ ਤੱਤ ਜਾਂ ਨਕਸਲੀ ਤੱਕ ਸਮਝਿਆ ਜਾ ਸਕਦਾ ਹੈ। ਤੁਹਾਡਾ 'ਐਨਕਾਊਂਟਰ' ਤੱਕ ਹੋ ਸਕਦਾ ਹੈ। ਇਸ ਲਈ ਹੱਸੋ, ਜਿਵੇਂ ਕਿ ਰਘੁਵੀਰ ਸਹਾਇ ਨੇ ਕਾਫ਼ੀ ਪਹਿਲਾਂ ਹੀ ਸਾਵਧਾਨ ਕਰਦੇ ਹੋਏ ਕਹਿ ਦਿੱਤਾ ਸੀ:

"ਹੱਸੋ ਹੱਸੋ ਜਲਦੀ ਹੱਸੋ
ਹੱਸੋ ਤੁਹਾਡੇ 'ਤੇ ਨਿਗ੍ਹਾ ਰੱਖੀ ਜਾ ਰਹੀ ਹੈ
ਹੱਸੋ ਆਪਣੇ 'ਤੇ ਨਾ ਹੱਸਣਾ ਕਿਉਂਕਿ ਉਸ ਦੀ ਕੁੜੱਤਣ
ਫੜ ਲਈ ਜਾਵੇਗੀ
ਅਤੇ ਤੁਸੀਂ ਮਾਰੇ ਜਾਓਗੇ
ਐਵੇਂ ਹੱਸੋ ਕਿ ਬਹੁਤੇ ਖੁਸ਼ ਨਾ ਲੱਗੋ
ਨਹੀਂ ਤਾਂ ਸ਼ੱਕ ਹੋਵੇਗਾ ਕਿ ਸ਼ਖਸ ਸ਼ਰਮ ਵਿੱਚ ਸ਼ਾਮਲ ਨਹੀਂ
ਅਤੇ ਮਾਰੇ ਜਾਓਗੇ
ਹੱਸਦੇ-ਹੱਸਦੇ ਕਿਸੇ ਨੂੰ ਜਾਣਨ ਨਾ ਦਿਓ ਕਿ ਕਿਸ 'ਤੇ ਹੱਸਦੇ ਹੋ
ਸਭ ਨੂੰ ਮੰਨਣ ਦਿਓ ਕਿ ਤੁਸੀਂ ਸਭ ਦੀ ਤਰ੍ਹਾਂ ਹਾਰ ਕੇ
ਇਕ ਅਪਣਾਪੇ ਦਾ ਹਾਸਾ ਹੱਸਦੇ ਹੋ
ਜਿਵੇਂ ਸਾਰੇ ਹੱਸਦੇ ਹਨ ਬੋਲਣ ਦੀ ਬਜਾਏ
ਜਿੰਨੀ ਦੇਰ ਉੱਚਾ ਗੋਲ ਗੁਬੰਦ ਗੂੰਜਦਾ ਰਹੇ, ਓਨੀ ਦੇਰ
ਤੁਸੀਂ ਬੋਲ ਸਕਦੇ ਹੋ ਆਪਣੇ ਨਾਲ਼
ਗੂੰਜ ਧੀਮੀ ਪੈਂਦੇ ਪੈਂਦੇ ਫਿਰ ਹੱਸਣਾ
ਕਿਉਂਕਿ ਤੁਸੀਂ ਚੁੱਪ ਮਿਲੇ ਤਾਂ ਵਿਰੋਧ ਦੇ ਜ਼ੁਰਮ ਵਿੱਚ ਫਸੋ
ਅੰਤ 'ਚ ਹੱਸੇ ਤਾਂ ਤੁਹਾਡੇ 'ਤੇ ਸਾਰੇ ਹੱਸਣਗੇ
ਅਤੇ ਤੁਸੀਂ ਬਚ ਜਾਓਗੇ
ਹੱਸੋ ਪਰ ਚੁਟਕਲਿਆਂ ਤੋਂ ਬਚੋ
ਉਹਨਾਂ 'ਚ ਸ਼ਬਦ ਹਨ
ਕਿਤੇ ਉਹਨਾਂ 'ਚ ਉਹ ਅਰਥ ਨਾ ਹੋਣ
ਜੋ ਕਿਸੇ ਨੇ ਸੌ ਸਾਲ ਪਹਿਲਾਂ ਦਿੱਤੇ ਹੋਣ
ਬੇਹਤਰ ਹੈ ਕਿ ਜਦੋਂ ਕੋਈ ਗੱਲ ਕਰੋ ਉਦੋਂ ਹੱਸੋ
ਤਾਂ ਕਿ ਕਿਸੇ ਗੱਲ ਦਾ ਕੋਈ ਮਤਲਬ ਨਾ ਰਹੇ
ਅਤੇ ਅਜਿਹੇ ਮੌਕਿਆਂ 'ਤੇ ਹੱਸੋ
ਜੋ ਕਿ ਜ਼ਰੂਰੀ ਨਾ ਹੋਣ
ਜਿਵੇਂ ਗਰੀਬ 'ਤੇ ਕਿਸੇ ਤਕੜੇ ਦੀ ਮਾਰ
ਜਿੱਥੇ ਕੋਈ ਕੁਝ ਨਹੀਂ ਕਰ ਸਕਦਾ
ਉਸ ਗਰੀਬ ਤੋਂ ਛੁੱਟ
ਅਤੇ ਉਹ ਵੀ ਅਕਸਰ ਹੱਸਦਾ ਹੈ
ਹੱਸੋ ਹੱਸੋ ਜਲਦੀ ਹੱਸੋ
ਇਸ ਤੋਂ ਪਹਿਲਾਂ ਕਿ ਉਹ ਚਲੇ ਜਾਣ
ਉਹਨਾਂ ਨਾਲ਼ ਹੱਥ ਮਿਲਾਉਂਦੇ ਹੋਏ
ਨਜ਼ਰਾਂ ਝੁਕਾਈਂ
ਉਸਨੂੰ ਯਾਦ ਦਿਲਾਉਂਦੇ ਹੱਸੋ
ਕਿ ਕੱਲ ਤੂੰ ਵੀ ਹੱਸਿਆ ਸੀ।

ਕਵੀ ਰਘੁਵੀਰ ਸਹਾਇ ਨੂੰ ਪੂੰਜੀਵਾਦੀ ਸਮਾਜ ਵਿੱਚ ਹਾਸਿਆਂ ਦੀਆਂ ਕਿਸਮਾਂ ਬਾਰੇ। ਉਸਦੀ ਜ਼ਰੂਰਤ ਅਤੇ ਮਜ਼ਬੂਰੀ ਬਾਰੇ ਸਭ ਤੋਂ ਡੂੰਘੀ ਜਾਣਕਾਰੀ ਸੀ। ਜੇਕਰ ਤੁਸੀਂ ਨਿਮਨ-ਮੱਧਵਰਗ ਦੇ ਆਮ ਆਦਮੀ ਹੋ ਅਤੇ ਅਧਿਐਨ ਜਾਂ ਕੰਮਕਾਰ ਲਈ ਅਕਾਦਮਿਕ ਦੁਨੀਆਂ, ਸੱਭਿਆਚਾਰਕ ਦੁਨੀਆਂ, ਮੀਡੀਆ, ਐਨ. ਜੀ. ਓ. ਦੇ ਦਫ਼ਤਰਾਂ 'ਚ ਤੁਹਾਡਾ ਆਉਣਾ ਜਾਣਾ ਹੁੰਦਾ ਹੋਵੇ ਅਤੇ ਉਥੋਂ ਦੇ ਖੁਦ ਨੂੰ ਸੱਭਿਅਕ-ਸੰਵੇਦਨਸ਼ੀਲ ਦਿਖਾਉਣ ਵਾਲੇ ਸ਼ਕਤੀਸ਼ਾਲੀ-ਪ੍ਰਭਾਵਸ਼ਾਲੀ ਖਾਧੇ-ਪੀਦੇ ਲੋਕਾਂ ਦੀਆਂ ਮੰਡਲੀਆਂ ਬੈਠਕਾਂ 'ਚ ਕਦੇ ਉੱਠਣ-ਬੈਠਣ ਦਾ ਮੌਕਾ ਮਿਲ ਜਾਵੇ ਤਾਂ ਰਘੁਵੀਰ ਸਹਾਇ ਦੀ ਇਹ ਕਵਿਤਾ ਤੁਹਾਨੂੰ ਜ਼ਰੂਰ ਯਾਦ ਆਏਗੀ:

ਗਰੀਬ ਲੋਕਾਂ ਦੀ ਲੁੱਟ ਹੈ
ਕਹਿ ਕੇ ਤੁਸੀਂ ਹੱਸੋ
ਲੋਕਤੰਤਰ ਦਾ ਆਖਰੀ ਪਲ ਹੈ
ਕਹਿ ਕੇ ਤੁਸੀਂ ਹੱਸੋ
ਸਾਰੇ ਦੇ ਸਾਰੇ ਭ੍ਰਿਸ਼ਟਾਚਾਰੀ
ਕਹਿ ਕੇ ਤੁਸੀਂ ਹੱਸੋ
ਚਾਰ-ਚੁਫੇਰੇ ਬੜੀ ਬੇਵਸੀ
ਕਹਿ ਕੇ ਤੁਸੀਂ ਹੱਸੋ
ਕਿੰਨੇ ਤੁਸੀਂ ਸੁਰੱਖਿਅਤ ਹੋਵੋਗੇ
ਮੈਂ ਸੋਚਣ ਲੱਗਿਆ
ਅਚਾਨਕ ਮੈਨੂੰ ਇਕੱਲਾ ਵੇਖ
ਫਿਰ ਤੋਂ ਤੁਸੀਂ ਹੱਸੋ

ਅਜਿਹੀ ਹੀ ਇੱਕ ਬੈਠਕ ਵਿੱਚ ਕਈ ਵੱਡੇ ਸਰਕਾਰੀ ਅਧਿਕਾਰੀ, ਕਵੀ-ਲੇਖਕ, ਕੁਝ ਸੀਨੀਅਰ ਪੱਤਰਕਾਰ, ਕੁਝ

ਪ੍ਰੋਫੈਸਰ ਅਤੇ ਕੁਝ ਐਨ. ਜੀ. ਓ. ਚਲਾਉਣ ਵਾਲੇ ਬੈਠ ਕੇ ਸਕੌਚ ਦੀਆਂ ਚੁਸਕੀਆਂ ਨਾਲ਼ ਦੇਸ਼ ਦੀ ਹਾਲਤ 'ਤੇ ਗੱਲਬਾਤ ਕਰ ਰਹੇ ਸਨ। ਉਹਨਾਂ ਦਾ ਮੰਨਣਾ ਸੀ ਕਿ ਇਸ ਦੇਸ਼ ਵਿੱਚ ਇਕ "ਸੋਸ਼ਲ ਰੈਵੂਲਿਊਸ਼ਨ" ਬੇਹੱਦ ਜ਼ਰੂਰੀ ਹੈ। ਮੈਨੂੰ ਕਿਸੇ ਕੰਮ ਵਜੋਂ ਉਸ ਵਿੱਚ ਘੁਸ ਕੇ ਬੈਠਣ ਦਾ ਮੌਕਾ ਮਿਲਿਆ। ਲਗਾਤਾਰ ਮੈਨੂੰ ਰਘੁਵੀਰ ਸਹਾਇ ਦੀ ਉਪਰੋਕਤ ਕਵਿਤਾ ਯਾਦ ਆਉਂਦੀ ਰਹੀ। ਸਤਾਉਂਦੀ ਰਹੀ।

ਦਿੱਲੀ ਵਿੱਚ ਜਦੋਂ ਵੀ ਕਦੇ ਕਿਸੇ ਸ਼ਾਨਦਾਰ ਸਭਾ ਭਵਨ ਵਿੱਚ ਰਾਜਨੀਤਕ-ਸਮਾਜਿਕ ਵਿਸ਼ਿਆਂ 'ਤੇ ਵਿਚਾਰ-ਚਰਚਾ ਦੇ ਨਾਲ਼ ਖਾਣ-ਪੀਣ ਦਾ ਮਾਹੌਲ ਦਿਖਦਾ ਹੈ ਤਾਂ ਰਘੁਵੀਰ ਸਹਾਇ ਦੀ ਇਕ ਹੋਰ ਕਵਿਤਾ ਆਪਣੇ ਆਪ ਜਿਹਨ ਵਿਚ ਘੁਸ ਕੇ ਉਛਲਣਾ-ਕੁਦਣਾ ਸ਼ੁਰੂ ਕਰ ਦਿੰਦੀ ਹੈ:

ਨਵਾਂ ਹਾਸਾ
ਮਹਾਂ ਸੰਘ ਦਾ ਢਿਡਲ ਪ੍ਰਧਾਨ
ਰੱਖਿਆ ਹੋਇਆ ਗੱਦੀ 'ਤੇ ਖੁਜਲਾਉਂਦਾ ਹੈ ਢਿੱਡ
ਸਿਰ ਨਹੀਂ
ਹਰ ਸਵਾਲ ਦਾ ਉੱਤਰ ਦੇਣ ਲਈ ਤਿਆਰ
ਵੀਹ ਵੱਡੇ ਅਖ਼ਬਾਰਾਂ ਦੇ ਪ੍ਰਤੀਨਿੱਧ ਪੁੱਛਣ ਪੱਚੀ ਵਾਰ
ਕੀ ਹੋਇਆ ਸਮਾਜਵਾਦ ਦਾ
ਕਹਿਣ ਮਹਾਂਸੰਘਪਤੀ ਪੱਚੀ ਵਾਰ ਅਸੀਂ ਕਰਾਂਗੇ ਵਿਚਾਰ
ਅੱਖ ਮਾਰ ਕੇ ਪੱਚੀ ਵਾਰ ਉਹ, ਹੱਸੇ ਉਹ, ਪੱਚੀ ਵਾਰ
ਹੱਸਣ ਵੀਹ ਅਖ਼ਬਾਰ
ਇਕ ਨਵੇਂ ਤਰ੍ਹਾਂ ਦਾ ਹਾਸਾ ਇਹ ਹੈ
ਪਹਿਲਾਂ ਭਾਰਤ ਵਿੱਚ ਸਮੂਹਕ ਹਾਸਾ-ਮਖੌਲ ਤਾਂ ਨਹੀਂ ਹੀ ਸੀ।
ਜੋ ਅੱਖ ਨਾਲ਼ ਅੱਖ ਮਿਲਾ ਹੱਸ ਲੈਂਦੇ ਸਨ
ਇਸ ਵਿੱਚ ਸਭ ਲੋਕ ਸੱਜੇ-ਖੱਬੇ ਝਾਕਦੇ ਹਨ
ਅਤੇ ਇਹ ਮੂੰਹ ਫਾੜ ਕੇ ਹੱਸਿਆ ਜਾਂਦਾ ਹੈ।
ਕੌਮ ਨੂੰ ਮਹਾਂਸੰਘ ਦਾ ਇਹ ਸੰਦੇਸ਼ ਹੈ
ਜਦੋਂ ਮਿਲੋ ਤਿਵਾਰੀ ਨੂੰ - ਹੱਸੋ - ਕਿਉਂਕਿ ਤੁਸੀਂ ਵੀ ਤਿਵਾਰੀ ਹੋ
ਜਦੋਂ ਮਿਲੋ ਸਰਮਾ ਨੂੰ - ਹੱਸੋ - ਕਿਉਂਕਿ ਉਹ ਵੀ ਤਿਵਾਰੀ ਹੈ
ਜਦੋਂ ਮਿਲੋ ਮੁਸੱਦੀ ਨੂੰ
ਸਰਮਿੰਦਾ ਹੋਵੋ
ਜਾਤ ਪਾਤ ਤੋਂ ਪਰ੍ਹਾਂ
ਰਿਸਤਾ ਅਟੁੱਟ ਹੈ
ਕੌਮੀ ਸ਼ਰਮ ਦਾ।

ਪਾਸ਼ ਦੀ ਕਵਿਤਾ ਦੇ ਕੁਝ ਸ਼ਬਦਾਂ ਨੂੰ ਬਦਲ ਦੇ ਮੈਂ ਇੰਝ ਕਹਿਣਾ ਚਾਹਾਂਗਾ: 'ਸਭ ਤੋਂ ਖ਼ਤਰਨਾਕ ਹੁੰਦਾ ਹੈ ਵਿਚਾਰਹੀਣ ਹਾਸੇ ਦਾ ਹੋਣਾ।' ਜੇਕਰ ਤੁਸੀਂ ਵਿਚਾਰਹੀਣ ਹਾਸਾ ਹੱਸਦੇ ਹੋ ਤਾਂ ਤੁਸੀਂ ਆਪਣੇ ਆਸ-ਪਾਸ ਦੇ ਮਾਹੌਲ ਤੋਂ ਟੁੱਟੇ ਇਕ ਪੂਰੀ ਤਰ੍ਹਾਂ ਆਤਮਕੇਂਦਰਤ ਅਤੇ ਸਵੈ-ਇੱਛਾਚਾਰੀ ਸੁਭਾਅ ਦੇ ਵਿਅਕਤੀ ਹੋ। ਜਿੱਥੇ ਤੱਕ ਤੁਹਾਡੀ ਔਕਾਤ ਹੋਵੇਗੀ, ਤੁਸੀਂ ਤਾਨਾਸ਼ਾਹੀ ਕਰੋਗੇ ਅਤੇ ਤਾਨਾਸ਼ਾਹ ਦੀ ਸੱਤ੍ਹਾ ਨੂੰ ਖੁਸ਼ੀ-ਖੁਸ਼ੀ ਕਬੂਲ ਕਰੋਗੇ। ਇਸ ਲਈ ਮੇਰੇ ਵੀਰੋ, ਹੱਸੋ। ਹੱਸਣਾ ਤਾਂ ਮਨੁੱਖੀ ਗੁਣ ਹੈ। ਪਰ ਇਕ ਵਿਚਾਰਹੀਣ ਹਾਸਾ ਨਾ ਹੱਸੋ। ਵਿਚਾਰਹੀਣ ਹਾਸਾ ਨਿਰੰਕੁਸ਼ ਸਵੈਇੱਛਾਚਾਰ ਦੀ ਹਾਜ਼ਰੀ ਦਾ, ਜਾਂ ਫਿਰ ਆਪਣੀ ਹੀ ਹੋਣੀ ਤੋਂ ਅਣਜਾਣ ਸ਼ਤਰਮੁਰਗ ਪ੍ਰਵਿਰਤੀ ਦਾ ਅਹਿਸਾਸ ਦਿਲਾਉਂਦੀ ਹੈ। ਵਿਚਾਰਹੀਣ ਹਾਸਾ ਡਰਾਉਂਦਾ ਹੈ, ਜਿਵੇਂ ਕਿ ਕਾਤਿਆਇਨੀ ਦੀ ਇਹ ਕਵਿਤਾ ਦੱਸਦੀ ਹੈ:

ਉਹਨਾਂ ਦਾ ਹੱਸਣਾ
ਸਾਡੇ-ਤੁਹਾਡੇ ਵਰਗੇ ਹੀ ਲੋਕ ਸਨ
ਉਹ
ਜੋ ਹੱਸ ਰਹੇ ਸਨ।
ਉਂਝ ਵੀ ਕਿੱਥੇ ਹੱਸਣਾ ਮਿਲਦਾ ਹੈ
ਇਹਨੀ ਦਿਨੀਂ
ਇਸ ਤਰ੍ਹਾਂ ਇਕੱਠੇ।
ਉਹ ਹੱਸ ਰਹੇ ਸਨ
ਤਾਂ
ਸਾਨੂੰ ਵੀ ਹੱਸਣਾ ਚਾਹੀਦਾ ਸੀ
ਜਾਂ
ਘਟੋ ਘਟ ਖੁਸ਼ ਹੋਣਾ ਚਾਹੀਦਾ ਸੀ
ਕਿ
ਉਹ ਹੱਸ ਰਹੇ ਸਨ।
ਪਰ ਡਰਾ ਰਹੇ ਸਨ ਉਹ
ਕੰਬਣੀ ਜਿਹੀ ਛਿੜ ਰਹੀ ਸੀ
ਰੀੜ ਦੀ ਹੱਡੀ ਵਿੱਚ।
ਉੱਥੋਂ ਆ ਜਾਣ 'ਤੇ ਵੀ
ਇਕ ਡੂੰਘੀ ਉਦਾਸੀ ਨੇ ਜਕੜੀ ਰੱਖਿਆ
ਆਤਮਾ ਤੱਕ ਨੂੰ ਕਾਲ਼ਾ ਕਰਦੀ ਹੋਈ
ਵਿੱਚ ਵਿੱਚ ਨੂੰ
ਗੁੱਸਾ ਬੇਹਿਸਾਬ।
ਚਿੰਤਾ ਨਿਰ-ਉਪਾਅ।
ਯਾਦ ਕਰਕੇ ਵੀ ਉਹ ਦ੍ਰਿਸ਼
ਕੰਬਣੀ ਛਿੜ ਜਾਂਦੀ ਸੀ
ਕਿ
ਉਹ ਹੱਸ ਰਹੇ ਹਨ
ਅਤੇ
ਹੱਸਦੇ ਹੋਏ ਉਹਨਾਂ ਦੀਆਂ ਅੱਖਾਂ ਨਹੀਂ ਸਨ।

ਹਾਸੇ ਪਿੱਛੇ ਜੇ ਨਜ਼ਰੀਆ ਹੋਵੇ, ਜੇਕਰ ਤੁਸੀਂ ਪ੍ਰਬੰਧ ਦੀਆਂ ਵਿਰੋਧਤਾਈਆਂ ਕਰੂਰਤਾਵਾਂ ਅਤੇ ਪੂੰਜੀਵਾਦੀ ਸਮਾਜ ਵਿੱਚ ਆਮ ਆਦਮੀ ਦੀ ਤ੍ਰਾਸਦ ਹੋਣੀ ਨੂੰ ਸਾਹਮਣੇ ਲਿਆਓ ਜਾਂ ਕਲਾਤਮਕ ਦੁਨੀਆਂ ਵਿੱਚ ਹਾਸਾ ਇਕ ਹਥਿਆਰ ਹੋ ਸਕਦਾ ਹੈ। ਜਿਵੇਂ ਚਾਰਲੀ ਚੈਪਲਿਨ ਦੀ 'ਗੋਲ਼ਡ ਰਸ਼', 'ਮਾਡਰਨ ਟਾਈਮਜ' ਅਤੇ 'ਦਿ ਗ੍ਰੇਟ ਡਿਕਟੇਟਰ' ਜਿਹੀਆਂ ਫਿਲਮਾਂ। ਸੱਤ੍ਹਾ

(**ਬਾਕੀ ਪੰਨਾ 25 'ਤੇ**)

ਹਾਕਮ ਜਮਾਤ ਦੀ ਸੁਰ ਵਿੱਚ ਸੁਰ ਮਿਲਾਉਂਦੀ ਹੈ ਲੋਕ ਮੋਰਚਾ ਦੀ ਫਿਲਮ ਸਮੀਖਿਆ

— ਨੀਰਜ

ਇਸ ਸਾਲ ਦੇ ਸ਼ੁਰੂ ਵਿੱਚ ਰਾਜ ਕੁਮਾਰ ਹਿਰਾਨੀ ਦੁਆਰਾ ਨਿਰਦੇਸ਼ਤ ਫਿਲਮ 'ਥ੍ਰੀ ਇਡੀਅਟਸ' ਦੀ ਚਰਚਾ ਜ਼ੋਰਾਂ 'ਤੇ ਸੀ। ਇਸ ਫਿਲਮ ਨੇ ਸਫਲਤਾ ਦੇ ਸਾਰੇ ਰਿਕਾਰਡ ਤੋੜ ਦਿੱਤੇ ਭਾਵ ਇਸ ਨੇ ਖੂਬ ਮੁਨਾਫਾ ਕਮਾਇਆ। ਪੂੰਜੀਵਾਦੀ ਪ੍ਰਬੰਧ ਵਿੱਚ ਸਫਲਤਾ ਦਾ ਇਹੋ ਤਾਂ ਇੱਕੋ ਇੱਕ ਪੈਮਾਨਾ ਹੈ।

ਹੁਣ ਭਾਵੇਂ ਇਸ ਫਿਲਮ ਦੀ ਚਰਚਾ ਮੱਧਮ ਪੈ ਚੁੱਕੀ ਹੈ, ਪਰ ਫਿਰ ਵੀ ਜਾਰੀ ਹੈ। ਇਸ ਫਿਲਮ ਦੀਆਂ ਅਨੇਕਾਂ ਸਮੀਖਿਆਵਾਂ ਲਿਖੀਆਂ ਗਈਆਂ। 'ਲਲਕਾਰ' ਦੇ ਪਾਠਕ ਇਸ ਦੇ ਪਿਛਲੇ ਅੰਕ (ਅਪ੍ਰੈਲ–ਜੂਨ 2010) ਵਿੱਚ ਇਸ ਫਿਲਮ ਦੀ ਸਮੀਖਿਆ ਪੜ੍ਹ ਚੁੱਕੇ ਹਨ। ਇਸ ਫਿਲਮ ਦੀ ਇੱਕ ਹੋਰ ਸਮੀਖਿਆ 'ਲੋਕ ਮੋਰਚਾ ਭਾਰਤ ਦੀ ਦੂਜੀ ਜੰਗੇ ਆਜ਼ਾਦੀ ਦਾ ਤਰਜ਼ਮਾਨ' ਨਾਮਕ ਮੈਗਜ਼ੀਨ ਦੇ ਮਾਰਚ 2010 ਅੰਕ ਵਿੱਚ 'ਮਨੋਰੰਜਨ ਅਤੇ ਸੰਦੇਸ਼ ਦਾ ਸੁਮੇਲ ਹੈ 'ਥ੍ਰੀ ਇਡੀਅਟਸ' ਪ੍ਰਗਟ ਹੋਈ ਹੈ। ਇਸ ਫਿਲਮ ਬਾਰੇ 'ਲਲਕਾਰ' ਅਤੇ 'ਦੂਜੀ ਜੰਗੇ ਆਜ਼ਾਦੀ ਦੇ ਤਰਜ਼ਮਾਨ' ਦਾ ਸਟੈਂਡ ਇੱਕ ਦੂਸਰੇ ਦੇ ਠੀਕ ਉਲਟ ਹੈ। ਜਿਥੇ ਲਲਕਾਰ ਵਿੱਚ ਅਸੀਂ ਇਸ ਫਿਲਮ ਦੁਆਰਾ ਪ੍ਰਤੱਖ ਅਤੇ ਬਰੀਕੀ ਵਿੱਚ ਕੀਤੇ ਲੋਕਾਂ ਦੀ ਚੇਤਨਾ 'ਤੇ ਹਮਲੇ ਦਾ ਪਾਜ ਉਘਾੜਿਆ ਅਤੇ ਇਹ ਨਤੀਜਾ ਕੱਢਿਆ ਹੈ ਕਿ ਇਹ ਫਿਲਮ ਲੋਕ ਮਨਾਂ ਉੱਪਰ ਪੂੰਜੀਵਾਦੀ ਢਾਂਚੇ ਦੀ ਵਿਚਾਰਧਾਰਕ ਸੱਭਿਆਚਾਰਕ ਹੇਜਮਨੀ ਨੂੰ ਮੁੜ ਸਥਾਪਤ ਕਰਦੀ ਹੈ, ਉੱਥੇ ਲੋਕ ਮੋਰਚਾ ਨੇ ਇਸ ਫਿਲਮ ਦੇ ਰੱਜ ਕੇ ਸੋਹਲੇ ਗਾਏ ਹਨ। ਤਰਜ਼ਮਾਨ ਦੇ ਸ਼ਬਦਾਂ ਵਿੱਚ ਇਸ ਫਿਲਮ ਨੇ "ਤਪਦੇ ਮਾਰੂਥਲ ਵਿੱਚ ਠੰਢੀਆਂ ਫੁਹਾਰਾਂ ਦਾ ਅਹਿਸਾਸ ਪੈਦਾ" ਕੀਤਾ ਹੈ।

'ਥ੍ਰੀ ਇਡੀਅਟਸ' ਰੂਪ ਪੱਖੋਂ ਬੇਹੱਦ ਸ਼ਾਨਦਾਰ ਫਿਲਮ ਹੈ। ਫਿਲਮ ਦੀ ਕਹਾਣੀ ਵਿੱਚ ਰਵਾਨੀ ਹੈ ਅਤੇ ਫਿਲਮ ਸ਼ੁਰੂ ਤੋਂ ਅੰਤ ਤੱਕ ਦਰਸ਼ਕਾਂ ਨੂੰ ਬੰਨ੍ਹੀ ਰੱਖਦੀ ਹੈ। ਬਿਨਾਂ ਸ਼ੱਕ ਆਮਿਰ ਖਾਨ, ਬੋਮਨ ਇਰਾਨੀ ਬਿਹਤਰੀਨ ਅਦਾਕਾਰ ਹਨ। ਇਸ ਫਿਲਮ ਵਿੱਚ ਵੀ ਉਹਨਾਂ ਆਪਣੀ ਅਦਾਕਾਰੀ ਦੇ ਚੰਗੇ ਜੌਹਰ ਦਿਖਾਈ ਹਨ। ਫਿਲਮ ਦੇ ਬਾਕੀ ਕਲਾਕਾਰ ਵੀ ਆਪੋ–ਆਪਣੀਆਂ ਭੂਮਿਕਾਵਾਂ ਨਾਲ਼ ਇਨਸਾਫ ਕਰਦੇ ਨਜ਼ਰ ਆਉਂਦੇ ਹਨ। ਬਿਨਾਂ ਸ਼ੱਕ ਫਿਲਮ ਦੀ ਕਾਮਯਾਬੀ ਪਿਛੇ ਇਸ ਦੇ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਦਾ ਵੀ ਵੱਡਾ ਹੱਥ ਹੈ। ਫਿਲਮ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਉਣ ਦੇ ਤੌਰ ਤਰੀਕਿਆਂ ਉੱਪਰ ਕਰਾਰੀ ਚੋਟ ਕਰਦੀ ਹੈ, ਇਸ ਲਈ ਨੌਜਵਾਨਾਂ ਦੇ ਇੱਕ ਹਿੱਸੇ ਨੂੰ ਵਿਸ਼ੇਸ਼ ਖਿੱਚ ਪਾਉਂਦੀ ਹੈ। ਕਹਾਣੀ ਦੀ ਰਵਾਨਗੀ, ਬਿਹਤਰੀਨ ਅਦਾਕਾਰੀ ਅਤੇ ਨਿਰਦੇਸ਼ਨ ਆਦਿ ਮਿਲ ਕੇ ਦਰਸ਼ਕਾਂ 'ਤੇ ਜ਼ਬਰਦਸਤ ਪ੍ਰਭਾਵ ਪਾਉਂਦੇ ਹਨ ਅਤੇ ਉਹ ਵਾਹ–ਵਾਹ ਕਰਦੇ ਹੋਏ ਸਿਨੇਮਾਘਰ 'ਚੋਂ ਬਾਹਰ ਆਉਂਦੇ ਹਨ। ਇਹਨਾਂ ਵਿੱਚ ਖੱਬੀ ਲਹਿਰ ਦੇ ਕਾਰਕੁੰਨਾਂ ਅਤੇ ਲੀਡਰ ਵੀ ਸ਼ਾਮਲ ਹਨ। ਇਸ ਫਿਲਮ ਦੇ ਇਸ ਜ਼ਬਰਦਸਤ ਵਹਾਅ ਵਿੱਚ ਮਾਰਕਸਵਾਦੀ ਵਿਚਾਰਧਾਰਾ ਦੇ ਕਈ ਪੈਰੋਕਾਰ ਵੀ ਵਹਿ ਗਏ। 'ਲੋਕ ਮੋਰਚਾ' ਵਾਲੇ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ।

ਇਹ ਫਿਲਮ ਰੂਪ ਪੱਖੋਂ ਜਿੰਨੀ ਉੱਤਮ ਹੈ ਆਪਣੇ ਤੱਤ ਪੱਖੋਂ ਓਨੀ ਹੀ ਪਿਛਾਖੜੀ ਹੈ। ਕੋਈ ਕਲਾ ਕਿਰਤ ਜੇਕਰ ਤੱਤ ਪੱਖੋਂ ਪਿਛਾਖੜੀ ਹੋਵੇ ਅਤੇ ਰੂਪ ਪੱਖੋਂ ਵਧੇਰੇ ਉੱਤਮ ਹੋਵੇ ਤਾਂ ਇਹ ਲੋਕ ਮਨਾਂ 'ਤੇ ਵਧੇਰੇ ਖਤਰਨਾਕ ਅਸਰ ਪਾਉਂਦੀ ਹੈ। ਇਹੋ 'ਥ੍ਰੀ ਇਡੀਅਟਸ' ਬਾਰੇ ਵੀ ਸੱਚ ਹੈ। ਇੱਥੇ ਅਸੀਂ ਇਸ ਫਿਲਮ ਦੀ ਮੁੜ ਤੋਂ ਸਮੀਖਿਆ ਨਹੀਂ ਲਿਖਾਂਗੇ ਅਤੇ ਨਾ ਹੀ ਇਸ ਫਿਲਮ ਦੀ ਕਹਾਣੀ ਦੇ ਵਿਸਥਾਰ ਵਿੱਚ ਜਾਵਾਂਗੇ। ਕਿਉਂਕਿ ਇਹ ਕੰਮ ਅਸੀਂ 'ਲਲਕਾਰ' ਦੇ ਪਿਛਲੇ ਅੰਕ ਵਿੱਚ ਕਰ ਚੁੱਕੇ ਹਾਂ। ਫਿਰ ਵੀ ਕੁਝ ਨੁਕਤਿਆਂ ਉੱਪਰ ਸੰਖੇਪ ਚਰਚਾ ਜ਼ਰੂਰੀ ਹੈ। ਪਹਿਲਾਂ ਇਸ ਫਿਲਮ ਦੁਆਰਾ ਪਰੋਸੇ ਗਏ ਮਨੋਰੰਜਨ ਦੀ ਗੱਲ ਕਰਦੇ ਹਾਂ। ਵੈਸੇ ਤਾਂ ਇਹ ਸਾਰੀ ਫਿਲਮ ਹੀ ਬਹੁਤ ਹਲਕੀ ਫੁਲਕੀ ਅਤੇ ਤਣਾਅ ਮੁਕਤ ਹੈ। ਪਰ ਇਸ ਫਿਲਮ ਦੀਆਂ ਕੁਝ ਘਟਨਾਵਾਂ ਅਜਿਹੀਆਂ ਹਨ ਜਿਹਨਾਂ 'ਤੇ ਹੱਸ–ਹੱਸ ਕੇ ਦਰਸ਼ਕਾਂ ਦੇ ਢਿੱਡੀ ਪੀੜਾਂ ਪੈਂਦੀਆਂ ਹਨ। ਫਿਲਮ ਵਿੱਚ ਇੱਕ ਥਾਂ ਇੱਕ ਦੱਖਣ ਭਾਰਤੀ ਵਿਦਿਆਰਥੀ ਨੇ ਜੋ ਹਿੰਦੀ ਨਹੀਂ ਸਮਝਦਾ ਇੱਕ ਸਮਾਰੋਹ ਵਿੱਚ ਆਏ ਮਹਿਮਾਨਾਂ ਲਈ ਸਵਾਗਤ ਪੱਤਰ ਪੜ੍ਹਨਾ ਹੁੰਦਾ ਹੈ। ਉਹ ਹਿੰਦੀ ਭਾਸ਼ਾ ਦਾ ਭਾਸ਼ਣ ਰੋਮਨ ਲਿਪੀ ਵਿੱਚ ਲਿਖਵਾ ਕੇ ਰੱਟਾ ਮਾਰ ਲੈਂਦਾ ਹੈ। ਪਰ ਆਮਿਰ ਖਾਨ ਇਸ ਭਾਸ਼ਨ ਵਿੱਚ ਚਮਤਕਾਰ ਸ਼ਬਦ ਦੀ ਥਾਂ ਬਲਾਤਕਾਰ ਅਤੇ ਧਨ ਦੀ ਥਾਂ ਥਣ ਸ਼ਬਦ ਲਿਖ ਦਿੰਦਾ ਹੈ। ਇਸ ਸੀਨ ਤੇ ਪਾਏ ਹਾਸੇ ਨਾਲ਼ ਪੂਰਾ ਸਿਨੇਮਾ ਹਾਲ ਗੂੰਜਣ ਲਗਦਾ ਹੈ।

ਬਲਾਤਕਾਰ ਔਰਤਾਂ ਵਿਰੁੱਧ ਸਭ ਤੋਂ ਘਿਨਾਉਣਾ ਅਪਰਾਧ ਹੈ। ਪਰ ਫਿਲਮ ਨਿਰਦੇਸ਼ਕ ਲਈ ਇਹ ਵੀ ਮਨੋਰੰਜਨ ਦਾ ਜ਼ਰੀਆ ਹੈ। 'ਬਲਾਤਕਾਰ' ਅਤੇ 'ਥਣ' ਆਦਿ ਸ਼ਬਦਾਂ 'ਤੇ ਦਰਸ਼ਕਾਂ ਨੂੰ ਹਸਾ ਕੇ ਦਰਅਸਲ ਇਹ ਫਿਲਮ ਸਮਾਜ ਅੰਦਰ ਔਰਤਾਂ ਪ੍ਰਤੀ ਸੰਵੇਦਨਹੀਣਤਾ ਵਧਾਉਂਦੀ ਹੈ।

ਫਿਲਮ ਵਿੱਚ ਦੂਸਰਾ ਹਾਸੋਹੀਣਾ ਦ੍ਰਿਸ਼ ਹੈ ਰਾਜੂ ਰਸਤੋਗੀ ਜੋ ਕਿ ਨਿਮਨ ਮੱਧ–ਵਰਗੀ ਪਰਿਵਾਰ 'ਚੋਂ ਆਉਂਦਾ ਹੈ, ਦੇ ਘਰ ਪਰਿਵਾਰ ਦਾ ਚਿੱਤਰਣ। ਉਸਦੇ ਪਰਿਵਾਰ ਦਾ ਦ੍ਰਿਸ਼ ਆਉਂਦੇ ਹੀ ਫਿਲਮ ਬਲੈਕ ਐਂਡ ਵਾਈਟ ਹੋ ਜਾਂਦੀ ਹੈ। ਫਿਲਮ ਵਿੱਚ ਰਾਜੂ ਰਸਤੋਗੀ ਦੇ ਪਰਿਵਾਰ ਦੀ ਗਰੀਬੀ ਦਾ ਮਜ਼ਾਕ ਉਡਾ ਕੇ ਦਰਸ਼ਕਾਂ ਨੂੰ ਖੂਬ ਹਸਾਇਆ ਜਾਂਦਾ ਹੈ। ਇਸੇ ਤਰ੍ਹਾਂ ਦਾ ਹੀ 'ਮਨੋਰੰਜਨ' ਪੂਰੀ ਫਿਲਮ ਵਿੱਚ ਪਰੋਸਿਆ ਜਾਂਦਾ ਹੈ। 'ਭਾਰਤ ਦੀ ਦੂਸਰੀ ਜੰਗੇ ਆਜ਼ਾਦੀ ਦਾ ਤਰਜ਼ਮਾਨ' (ਲੋਕ ਮੋਰਚਾ) ਵੀ ਇਸ

ਮਨੋਰੰਜਨ ਤੇ ਫਿਦਾ ਹੈ। ਪਤਾ ਨਹੀਂ ਇਹ 'ਤਰਜ਼ਮਾਨ' ਕਿਹੜੇ ਲੋਕਾਂ ਲਈ 'ਆਜ਼ਾਦੀ ਦੀ ਦੂਜੀ ਜੰਗ' ਲੜਨਾ ਚਾਹੁੰਦਾ ਹੈ ਕਿਉਂਕਿ ਭਾਰਤ ਦੇ 80 ਫੀਸਦੀ ਗਰੀਬਾਂ ਅਤੇ ਔਰਤਾਂ ਖਿਲਾਫ਼ ਘਿਨਾਉਂਣੇ ਅਪਰਾਧਾਂ ਦੇ ਮਜ਼ਾਕ ਉਡਾਏ ਜਾਣ 'ਚੋਂ ਤਾਂ ਇਹ ਮਨੋਰੰਜਨ ਹਾਸਲ ਕਰਦਾ ਹੈ।

ਫਿਲਮ 'ਥ੍ਰੀ ਇਡੀਅਟਸ' ਵਲੋਂ ਮੌਜੂਦਾ ਵਿਦਿਅਕ ਢਾਂਚੇ ਉੱਪਰ ਕੀਤੀ ਗਈ 'ਚੋਟ' ਉੱਪਰ ਫਿਦਾ ਹੁੰਦਿਆਂ 'ਦੂਜੀ ਜੰਗੇ ਆਜ਼ਾਦੀ ਦਾ ਤਰਜ਼ਮਾਨ' ਲਿਖਦਾ ਹੈ, "ਰਾਜ ਕੁਮਾਰ ਹਿਰਾਨੀ ਆਪਣੀਆਂ ਫਿਲਮਾਂ ਵਿੱਚ ਮਨੋਰੰਜਨ ਅਤੇ ਸੁਨੇਹੇ ਦਾ ਸੁਮੇਲ ਪੈਦਾ ਕਰਨ ਲਈ ਜਾਣੇ ਜਾਂਦੇ ਹਨ। .....ਫਿਲਮ 'ਥ੍ਰੀ ਇਡੀਅਟਸ' ਵਿੱਚ ਉਹਨਾਂ ਦੀ ਇਹ ਪ੍ਰਤਿਭਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ਼ ਸਾਹਮਣੇ ਆਈ ਹੈ। ਇਸ ਫਿਲਮ ਨੇ ਭਾਰਤ ਦੇ ਸਿੱਖਿਆ ਢਾਂਚੇ ਉੱਪਰ ਕਰਾਰਾ ਵਿਅੰਗ ਕੀਤਾ ਹੈ। ....ਵਿਦਿਅਕ ਖੇਤਰ ਦੇ ਸੰਕਟ ਨੂੰ ਰਾਜ ਕੁਮਾਰ ਹਿਰਾਨੀ ਨੇ ਆਪਣੀ ਫਿਲਮ ਦਾ ਮੁੱਖ ਮੁੱਦਾ ਬਣਾਇਆ ਹੈ।" ਸਾਡੇ ਦੇਸ਼ ਦਾ ਮੌਜੂਦਾ ਵਿਦਿਅਕ ਢਾਂਚਾ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਨਹੀਂ ਕਰਦਾ ਅਤੇ ਨਾ ਹੀ ਇਹ ਉਸਦਾ ਉਦੇਸ਼ ਹੈ। ਵਿਦਿਅਕ ਢਾਂਚਾ ਉਸਾਰ ਢਾਂਚੇ ਦਾ ਹੀ ਇਕ ਅੰਗ ਹੁੰਦਾ ਹੈ। ਪੂੰਜੀਵਾਦੀ ਉਸਾਰ ਢਾਂਚੇ ਦੇ ਅੰਗ ਵਜੋਂ ਵਿਦਿਅਕ ਢਾਂਚੇ ਦਾ ਕੰਮ ਕੁਸ਼ਲ ਮਜ਼ਦੂਰ ਅਤੇ ਸਿਸਟਮ ਦੇ ਪੁਰਜੇ ਨੌਕਰਸ਼ਾਹ ਅਤੇ ਹੋਰ ਅਧਿਕਾਰੀ ਪੈਦਾ ਕਰਨਾ ਹੁੰਦਾ ਹੈ। ਨਾਲ਼ ਹੀ ਇਹ ਵਿਦਿਅਕ ਢਾਂਚਾ ਹਾਕਮ ਜਮਾਤ ਲਈ ਲਾਭਕਾਰੀ ਵਿਚਾਰ ਲੋਕਾਂ ਦੇ ਮਨਾਂ ਵਿੱਚ ਭਰਨ ਦੇ ਕਈ ਮਾਧਿਅਮਾਂ ਵਿੱਚੋਂ ਇੱਕ ਮਾਧਿਅਮ ਹੈ। ਇਹ ਲੁਟੇਰੇ ਪ੍ਰਬੰਧਾਂ ਦੀ ਉਮਰ ਲੰਬੀ ਕਰਨ ਵਿਚ ਸਹਾਈ ਹੁੰਦਾ ਹੈ। ਇਸ ਲਈ ਮੌਜੂਦਾ ਵਿਦਿਅਕ ਢਾਂਚੇ ਤੋਂ ਬਹੁਤੀਆਂ ਉਮੀਦਾਂ ਰੱਖਣਾ ਵੀ ਮੂਰਖਤਾ ਹੀ ਹੈ।

ਫਿਲਮ 'ਥ੍ਰੀ ਇਡੀਅਟਸ' ਪੂਰੇ ਵਿਦਿਅਕ ਢਾਂਚੇ ਨੂੰ ਆਪਣੇ 'ਕਰਾਰੇ ਵਿਂਅਗ' ਦਾ ਨਿਸ਼ਾਨਾ ਨਹੀਂ ਬਣਾਉਂਦੀ। ਨਾ ਹੀ ਵਿਦਿਅਕ ਢਾਂਚੇ ਦਾ ਸਮੁੱਚੇ ਸਮਾਜੀ ਆਰਥਿਕ ਪ੍ਰਬੰਧ ਨਾਲ਼ ਕੋਈ ਸਬੰਧ ਹੀ ਦਰਸਾਉਂਦੀ ਹੈ। ਇਹ ਫਿਲਮ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਕਰਾਉਣ ਦੇ ਤਰੀਕੇ ਤੇ ਵਿਅੰਗ ਕਰਦੀ ਹੈ ਅਤੇ ਠੀਕ ਹੀ ਕਰਦੀ ਹੈ। ਫਿਲਮ ਦਿਖਾਉਂਦੀ ਹੈ ਕਿ ਮੌਜੂਦਾ ਵਿਦਿਅਕ ਢਾਂਚਾ ਵਿਦਿਆਰਥੀ ਦੀ ਰਚਨਾਤਮਕ ਪ੍ਰਤਿਭਾ ਦਾ ਵਿਕਾਸ ਕਰਨ ਦੀ ਬਜਾਏ ਸਿਰਫ਼ ਰੱਟਾ ਮਾਰਨ ਦੀ ਯੋਗਤਾ ਦਾ ਵਿਕਾਸ ਹੀ ਕਰਦਾ ਹੈ। ਅਜਿਹੀਆਂ ਹੀ ਗੱਲਾਂ ਅੱਜ ਭਾਰਤ ਦੇ ਹਾਕਮ ਵੀ ਕਰ ਰਹੇ ਹਨ। ਅਜਿਹਾ ਕਿਉਂ ?

1991 ਤੋਂ ਜਦੋਂ ਤੋਂ ਭਾਰਤੀ ਹਾਕਮਾਂ ਨੇ ਨਵੀਂ ਆਰਥਕ ਨੀਤੀ ਅਪਣਾਈ ਹੈ ਦੇਸ਼ ਵਿੱਚ ਨਿੱਜੀਕਰਨ ਦੀ ਹਨ੍ਹੇਰੀ ਝੁੱਲ ਰਹੀ ਹੈ। 1947 ਦੀ ਆਜ਼ਾਦੀ ਤੋਂ ਬਾਅਦ ਪਬਲਿਕ ਸੈਕਟਰ ਨੇ ਭਾਰਤ ਵਿੱਚ ਪੂੰਜੀਵਾਦੀ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਈ ਸੀ ਅਤੇ ਇਹ ਭਾਰਤੀ ਅਰਥਚਾਰੇ ਦਾ ਸਭ ਤੋਂ ਵੱਡਾ ਸੈਕਟਰ ਵੀ ਰਿਹਾ ਹੈ। ਸਭ ਜਾਣਦੇ ਹਨ ਕਿ ਬਾਅਦ 'ਚ ਇਹ ਪਬਲਿਕ ਸੈਕਟਰ ਭ੍ਰਿਸ਼ਟਾਚਾਰ ਦਾ ਅੱਡਾ ਬਣ ਗਿਆ। ਪਬਲਿਕ ਸੈਕਟਰ 'ਚ ਨੌਕਰੀ ਵਧੇਰੇ ਸੁਰੱਖਿਅਤ ਸੀ/ਹੈ ਅਤੇ ਤਨਖਾਹਾਂ ਵੀ ਚੰਗੀਆਂ ਸਨ/ਹਨ। ਨੌਕਰਸ਼ਾਹ ਪੂੰਜੀਵਾਦ ਦੇ ਇਸ ਖੇਤਰ ਵਿੱਚ ਨੌਕਰੀ ਲੈਣ ਲਈ ਕਿਸੇ ਯੋਗਤਾ ਤੋਂ ਵੱਧ ਰਿਸ਼ਵਤ ਅਤੇ ਸਿਫਾਰਿਸ਼ ਦੀ ਜ਼ਰੂਰਤ ਪੈਂਦੀ ਸੀ/ਹੈ। ਪਰ ਹੁਣ ਪ੍ਰਾਈਵੇਟ ਕਾਰਪੋਰੇਟ ਪੂੰਜੀਵਾਦ ਦਾ ਜ਼ਮਾਨਾ ਹੈ। ਪਬਲਿਕ ਸੈਕਟਰ ਦੇ ਟੁਕੜੇ-ਟੁਕੜੇ ਕਰਕੇ ਕੌਡੀਆਂ ਦੇ ਭਾਅ ਨਿੱਜੀ ਪੂੰਜੀਪਤੀਆਂ ਨੂੰ ਸੌਂਪੇ ਜਾ ਰਹੇ ਹਨ।

ਨਿੱਜੀ ਖੇਤਰ ਵਿੱਚ ਰੁਜ਼ਗਾਰ ਹਾਸਲ ਕਰਨ ਲਈ ਡਿਗਰੀ ਤੋਂ ਵਧੇਰੇ ਜ਼ਰੂਰੀ ਹੈ ਕਿ ਵਿਅਕਤੀ ਉਹ ਕੰਮ ਜਾਣਦਾ ਹੋਵੇ ਜਿਸ ਕੰਮ ਲਈ ਉਹ ਭਰਤੀ ਹੋ ਰਿਹਾ ਹੈ। ਹੁਣ ਰੱਟਾ ਮਾਰ ਪੜ੍ਹਾਈ ਨਾਲ਼ ਕੰਮ ਨਹੀਂ ਚੱਲ ਸਕਦਾ। ਅੱਜ ਪੇਸ਼ਾਵਰ ਵਿਦਿਅਕ ਸੰਸਥਾਵਾਂ 'ਚੋਂ ਜਿਹੜੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਕੰਪਨੀਆਂ ਭਰਤੀ ਕਰਦੀਆਂ ਹਨ, ਉਹਨਾਂ ਵਿਦਿਆਰਥੀਆਂ ਨੂੰ ਕੰਪਨੀਆਂ ਨੂੰ ਮੁੜ ਤੋਂ ਟਰੇਨਿੰਗ ਦੇਣੀ ਪੈਂਦੀ ਹੈ। ਇਸ ਲਈ ਹਾਕਮ ਜਮਾਤ ਮੌਜੂਦਾ ਵਿਦਿਅਕ ਢਾਂਚੇ 'ਚ ਤਬਦੀਲੀ ਚਾਹੁੰਦੀ ਹੈ। ਇਹਨਾਂ ਹੀ 'ਰੈਡੀਕਲ' ਤਬਦੀਲੀਆਂ ਦਾ ਝੰਡਾ ਅੱਜ ਕੱਲ ਮਨੁੱਖੀ ਸਰੋਤ ਵਿਕਾਸ ਮੰਤਰੀ ਸ਼੍ਰੀ ਕਪਿਲ ਸਿੱਬਲ ਨੇ ਚੁੱਕਿਆ ਹੋਇਆ ਹੈ। ਫਿਲਮ 'ਥ੍ਰੀ ਇਡੀਅਟਸ' ਵਿੱਚ ਤਾਂ ਬੱਸ ਹਾਕਮ ਜਮਾਤ ਦੀਆਂ ਇਹਨਾਂ ਲੋੜਾਂ ਦਾ ਕਲਾਤਮਕ ਪ੍ਰਗਟਾਅ ਹੀ ਹੋਇਆ ਹੈ।

'ਪ੍ਰਤਿਭਾਵਾਨ' ਫਿਲਮ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਨੇ ਵਿਦਿਅਕ ਢਾਂਚੇ 'ਤੇ ਜਿਹੜਾ 'ਕਰਾਰਾ ਵਿਅੰਗ' ਕੀਤਾ ਹੈ ਉਸ ਨਾਲ਼ ਵਿਦਿਅਕ ਢਾਂਚੇ ਵਿੱਚ ਕੋਈ ਇਨਕਲਾਬ ਨਹੀਂ ਹੋਣ ਜਾ ਰਿਹਾ, ਜਿਹਾ ਕਿ 'ਦੂਜੀ ਜੰਗੇ ਆਜ਼ਾਦੀ ਦੇ ਤਰਜ਼ਮਾਨ' ਨੂੰ ਲਗਦਾ ਹੈ। ਬੱਸ ਵੱਧ ਤੋਂ ਵੱਧ ਹੋਵੇਗਾ ਇਹ ਕਿ ਉੱਚ ਉਸਾਰ ਦੇ ਇੱਕ ਅੰਗ ਵਿਦਿਅਕ ਢਾਂਚੇ ਦੀਆਂ ਕੁਝ ਵਿਸੰਗਤੀਆਂ ਨੂੰ ਦੂਰ ਕਰਕੇ ਅਧਾਰ (ਉਤਪਾਦਨ ਸਬੰਧ) ਦੇ ਵਧੇਰੇ ਅਨੁਕੂਲ ਬਣਾਇਆ ਜਾਵੇਗਾ। ਉਹ ਵੀ ਸ਼੍ਰੀ ਹਿਰਾਨੀ ਦੀ ਪ੍ਰਤਿਭਾ ਕਾਰਨ ਨਹੀਂ, ਸਗੋਂ ਹਾਕਮ ਜਮਾਤ ਦੀ ਜ਼ਰੂਰਤ ਕਾਰਨ।

ਇਸ ਫਿਲਮ ਵਿੱਚ ਜੋ ਦੂਸਰੀ ਸਮੱਸਿਆ ਉਠਾਈ ਗਈ ਹੈ ਜਿਸ ਉੱਪਰ 'ਦੂਜੀ ਜੰਗੇ ਆਜ਼ਾਦੀ ਦਾ ਤਰਜ਼ਮਾਨ' ਫਿਦਾ ਹੈ ਉਹ ਇਹ ਹੈ ਕਿ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਦੇ ਦਬਾਅ ਅਧੀਨ ਕੋਈ ਕਿੱਤਾ ਨਹੀਂ ਚੁਣਨਾ ਚਾਹੀਦਾ, ਸਗੋਂ ਉਹੀ ਕਿੱਤਾ ਚੁਣਨਾ ਚਾਹੀਦਾ ਹੈ, ਜੋ ਉਹਨਾਂ ਦੇ ਮਨ ਭਾਉਂਦਾ ਹੋਵੇ। ਇਸ ਫਿਲਮ ਵਿੱਚ ਫਰਹਾਨ ਕੁਰੈਸ਼ੀ (ਆਰ. ਮਾਧਵਨ) ਇੱਕ ਵਾਈਲਡ ਲਾਈਫ ਫੋਟੋਗ੍ਰਾਫਰ ਬਣਨਾ ਚਾਹੁੰਦਾ ਹੈ, ਪਰ ਉਸ ਦੇ ਪਿਤਾ ਉਸ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਹਨ। ਰਾਂਚੋਂ (ਆਮਿਰ ਖਾਨ) ਦੀ ਪ੍ਰੇਰਨਾ ਸਦਕਾ ਫਰਹਾਨ ਆਪਣੇ ਪਿਤਾ ਨੂੰ ਮਨਾ ਲੈਂਦਾ ਹੈ। ਫਰਹਾਨ ਦੇ ਪਿਤਾ ਉਸ ਨੂੰ ਲੈਪਟਾਪ ਦੀ ਥਾਂ ਕੈਮਰਾ ਖਰੀਦ ਕੇ ਦਿੰਦੇ ਹਨ।

ਹਰ ਵਿਅਕਤੀ ਨੂੰ ਉਹ ਕਿੱਤਾ ਚੁਣਨਾ ਚਾਹੀਦਾ ਹੈ, ਜੋ ਉਸ ਨੂੰ ਪਸੰਦ ਹੋਵੇ। ਆਪਣੇ ਆਪ ਵਿੱਚ ਇਹ ਕੋਈ ਗਲਤ ਗੱਲ ਨਹੀਂ ਹੈ, ਪਰ ਮੌਜੂਦਾ ਸਮਾਜੀ-ਆਰਥਿਕ ਢਾਂਚੇ ਵਿੱਚ ਇਹ ਇੱਕ ਬੇਹੱਦ ਬਚਕਾਨਾ ਗੱਲ ਹੈ। ਇਸ ਦੇਸ਼ ਦੇ ਅੱਸੀ ਫੀਸਦੀ ਲੋਕ ਗਰੀਬ ਕਿਰਤੀ ਹਨ। ਉਹ ਪੂੰਜੀ ਦੇ ਗੁਲਾਮ ਹਨ। ਬੱਚਿਆਂ

ਦੇ ਰੂਪ ਵਿੱਚ ਉਹ ਗੁਲਾਮਾਂ ਦੀ ਨਵੀਂ ਪੀੜ੍ਹੀ ਤਿਆਰ ਕਰਦੇ ਹਨ। ਗੁਲਾਮਾਂ ਦੀ ਇਸ ਨਵੀਂ ਪੀੜ੍ਹੀ ਲਈ ਕਿੱਤੇ ਦੀ ਚੋਣ ਕੋਈ ਸਵਾਲ ਹੀ ਨਹੀਂ ਹੈ। ਕਿੱਤਾ (ਉਜ਼ਰਤੀ ਗੁਲਾਮੀ) ਉਹਨਾਂ ਨੂੰ ਵਿਰਸੇ ਵਿੱਚ ਮਿਲਦਾ ਹੈ। ਮਨਭਾਉਂਦਾ ਕਿੱਤਾ ਚੁਣ ਸਕਣ ਦੇ ਮੌਕੇ ਬਹੁਤ ਥੋੜ੍ਹਿਆਂ ਨੂੰ ਹੀ ਉਪਲੱਬਧ ਹਨ।

ਪਰ 'ਦੂਜੀ ਜੰਗੇ ਆਜ਼ਾਦੀ ਦੇ ਤਰਜ਼ਮਾਨ' ਲਈ ਸਮਾਜੀ-ਆਰਥਿਕ ਹਾਲਤਾਂ ਦਾ ਕੋਈ ਮਹੱਤਵ ਨਹੀਂ ਹੈ। ਉਹ ਸਮਾਜਿਕ-ਆਰਥਿਕ ਹਾਲਤਾਂ ਨੂੰ ਦਰਕਿਨਾਰ ਕਰਕੇ ਮੱਧਵਰਗੀ ਹੱਠ ਨਾਲ਼ ਆਪਣੇ ਲਈ ਇਹ ਕਾਰਜ ਤੈਅ ਕਰਦਾ ਹੈ ਕਿ, "ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਵਿਦਿਆਰਥੀਆਂ ਦੀਆਂ ਇਛਾਵਾਂ ਨੂੰ ਦਰਕਿਨਾਰ ਕਰਕੇ ਜ਼ਿੰਦਗੀ ਦੇ ਰਵਾਇਤੀ ਰਾਹਾਂ ਤੇ ਤੁਰਨ ਲਈ ਉਹਨਾਂ ਨੂੰ ਮਜਬੂਰ ਕਰਨ ਦੀ ਥਾਂ ਸਾਨੂੰ ਮਨੋਵਿਗਿਆਨਕ ਤੌਰ 'ਤੇ ਆਪੋ-ਆਪਣੇ ਬੱਚਿਆਂ ਨੂੰ ਸਮਝਣ ਅਤੇ ਉਹਨਾਂ ਦੀਆਂ ਰੁਚੀਆਂ ਮੁਤਾਬਕ ਉਹਨਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।"

'ਦੂਜੀ ਜੰਗੇ ਆਜ਼ਾਦੀ ਦਾ ਤਰਜ਼ਮਾਨ' ਇਸ ਫਿਲਮ ਤੋਂ ਏਨਾ ਆਸਵੰਦ ਹੈ ਕਿ ਉਸ ਨੂੰ ਲਗਦਾ ਹੈ ਕਿ ਇਸ ਫਿਲਮ ਕਾਰਨ ਬਾਲੀਵੁੱਡ 'ਚ ਸਾਰਥਕ ਫਿਲਮਾਂ ਬਣਨ ਦੀ ਨਵੀਂ ਲਹਿਰ ਚੱਲੇਗੀ। ਉਸ ਦਾ ਕਹਿਣਾ ਹੈ, "ਇਸ ਫਿਲਮ ਦੀ ਸਫਲਤਾ ਮੁੰਬਈ ਦੀ ਫਿਲਮ ਸਨਅਤ 'ਤੇ ਵੀ ਗਹਿਰਾ ਪ੍ਰਭਾਵ ਪਾਏਗੀ। ਹੋ ਸਕਦਾ ਹੈ ਕਿ ਫਿਲਮਾਂ ਵਿਚੋਂ ਅਲੋਪ ਹੁੰਦੀ ਜਾ ਰਹੀ ਸਾਰਥਿਕਤਾ ਇੱਕ ਵਾਰ ਮੁੜ ਪਰਤ ਆਵੇ ਅਤੇ ਹੋਰ ਵਧੇਰੇ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਦੀ ਤਰ੍ਹਾਂ ਫਿਲਮਾਂ ਨੂੰ ਸਾਰਥਿਕ ਅਰਥ ਦੇਣ ਲਈ ਪ੍ਰੇਰਿਤ ਹੋਣ।"

ਪਰ ਲਗਦਾ ਹੈ ਕਿ 'ਤਰਜ਼ਮਾਨ' ਭੁੱਲ ਗਿਆ ਹੈ ਕਿ ਮੌਜੂਦਾ ਲੁਟੇਰੇ ਢਾਂਚੇ ਵਿੱਚ ਕਲਾ ਵੀ ਲੋਕ ਮਨਾਂ ਉੱਪਰ ਹਾਕਮ ਜਮਾਤ ਦੀ ਵਿਚਾਰਧਾਰਕ ਹੇਜਮਨੀ ਨੂੰ ਮੁੜ ਸਥਾਪਿਤ ਕਰਨ ਦਾ ਜ਼ਰੀਆ ਹੁੰਦੀ ਹੈ। ਬਾਲੀਵੁੱਡ ਬਾਰੇ ਵੀ ਇਹ ਸੱਚ ਹੈ। ਛੋਟ ਵਜੋਂ ਹੀ ਇੱਥੇ ਕੋਈ ਲੋਕ ਪੱਖੀ ਫਿਲਮ ਬਣ ਸਕਦੀ ਹੈ। ਪਰ ਹਾਂ 'ਥ੍ਰੀ ਇਡੀਅਟਸ' ਜਿਹੀਆਂ ਹੋਰ ਸਾਰਥਿਕ ਫਿਲਮਾਂ ਤਾਂ ਇੱਥੇ ਬਣ ਹੀ ਸਕਦੀਆਂ ਹਨ। 'ਤਰਜ਼ਮਾਨ' ਨੂੰ ਇਹੋ ਜਿਹੀਆਂ ਫਿਲਮਾਂ ਹੀ ਤਾਂ ਪਸੰਦ ਹਨ। ਫਿਲਮ ਵਿੱਚ ਪਰੋਸਿਆ ਗਿਆ ਮਨੋਰੰਜਨ ਬੇਹੱਦ ਭੱਦਾ ਹੈ ਅਤੇ ਫਿਲਮ ਦਾ ਕੇਂਦਰੀ ਸੰਦੇਸ਼ ਇਹ ਹੈ ਕਿ ਹਾਕਮ ਜਮਾਤ ਦੇ ਨਜ਼ਰੀਏ ਤੋਂ ਵੱਖ-ਵੱਖ ਚੀਜ਼ਾਂ ਨੂੰ ਵੇਖੋ। ਇਹਨਾਂ ਅਰਥਾਂ ਵਿੱਚ ਇਹ ਫਿਲਮ ਵਾਕਈ 'ਮਨੋਰੰਜਨ ਅਤੇ ਸੰਦੇਸ਼ ਦਾ ਸੁਮੇਲ' ਹੈ। 'ਤਰਜ਼ਮਾਨ' ਨੂੰ ਇਹ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਕਿਹੜਾ ਸਮਾਂ ਸੀ ਜਦੋਂ ਬਾਲੀਵੁੱਡ ਦੀਆਂ ਫਿਲਮਾਂ ਸਾਰਥਿਕ ਹੁੰਦੀਆਂ ਸਨ ? ਉਹ ਕਿਹੜੀ ਸਾਰਥਿਕਤਾ ਹੈ ਜਿਹੜੀ ਬੰਬਈਆਂ ਫਿਲਮਾਂ 'ਚੋ ਅਲੋਪ ਹੁੰਦੀ ਜਾ ਰਹੀ ਹੈ ? ਉਹ ਕਿਹੜੀ ਸਾਰਥਿਕਤਾ ਹੈ ਜਿਹੜੀ ਹੁਣ ਪਰਤ ਆਵੇਗੀ ? ਜਾਪਦਾ ਹੈ ਸਾਡੇ ਅਤੇ 'ਲੋਕ ਮੋਰਚਾ' ਲਈ ਸਾਰਥਿਕਤਾ ਦੇ ਅਰਥ ਹੀ ਵੱਖ ਵੱਖ ਹਨ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਵੀ ਨਹੀਂ ਹੈ। ਵੱਖ ਵੱਖ ਜਮਾਤੀ ਪੋਜ਼ੀਸ਼ਨਾਂ ਤੇ ਖਲੋਣ ਵਾਲਿਆਂ ਲਈ ਇੱਕੋਂ ਚੀਜ਼ ਦੇ ਅਰਥ ਵੀ ਵੱਖ ਵੱਖ ਹੋ ਹੋਣਗੇ।

ਅੰਤ ਵਿੱਚ 'ਭਾਰਤ ਦੀ ਦੂਜੀ ਜੰਗੇ ਆਜ਼ਾਦੀ ਦੇ ਤਰਜ਼ਮਾਨ ਲੋਕ ਮੋਰਚਾ' ਨੂੰ ਅਸੀਂ ਪੁੱਛਣਾ ਚਾਹਾਂਗੇ ਕਿ ਆਰਥਿਕਤਾ, ਸਿਆਸਤ, ਧਰਮ, ਜਾਤ, ਕਲਾ ਆਦਿ ਹਰ ਸਵਾਲ 'ਤੇ ਹਾਕਮ ਜਮਾਤ ਦੇ ਸੁਰ ਵਿੱਚ ਸੁਰ ਮਿਲਾ ਕੇ ਤੁਸੀਂ ਕਿਹੋ ਜਿਹੀ ਆਜ਼ਾਦੀ ਦੀ ਦੂਜੀ ਜੰਗ ਵਿੱਢਣਾ ਚਾਹੁੰਦੇ ਹੋ ? ਤੁਸੀਂ ਤਾਂ ਵਿਚਾਰਾਂ ਦੇ ਖੇਤਰ ਵਿੱਚ ਲੋਕਾਂ ਖਿਲਾਫ਼ ਹੀ ਜੰਗ ਵਿੱਢ ਰੱਖੀ ਹੈ। ♦

(ਪੰਨਾ 22 ਦਾ ਬਾਕੀ)

ਧਾਰੀ ਦਾ ਮਖੌਲ ਉਡਾਉਂਦੇ ਹੋਏ ਹੱਸਣਾ ਬਹਾਦਰੀ ਦਾ ਸਬੂਤ ਹੈ। ਆਪਣੀ ਤ੍ਰਾਸਦ ਹੋਣੀ 'ਤੇ, ਬਿਨਾਂ ਤਰਸ ਦਾ ਪਾਤਰ ਬਣੇ ਹੱਸਣਾ, ਸਮਝਦਾਰੀ ਦਾ ਸਬੂਤ ਹੈ। ਇਹ ਸਾਨੂੰ ਸੋਚਣ ਦੀ ਹੋਰ ਉੱਨਤ ਮੰਜਲ ਤੱਕ ਜਾਣ ਲਈ ਪ੍ਰੇਰਿਤ ਕਰਦਾ ਹੈ। ਇਹ 'ਕੈਥਾਰਸਿਸ' ਦੀ ਮਾਨਸਿਕ ਸਥਿਤੀ ਬਣਾਉਂਦਾ ਹੈ।

ਵਿਚਾਰਹੀਣ ਹਾਸੇ ਦੀ ਅਤਿ ਸਾਨੂੰ ਨੰਗੇ ਰਾਜੇ ਦੇ ਜਾਲਮ ਰਾਜ ਨੂੰ ਸਵੀਕਾਰ ਕਰਨ ਲਈ ਤਿਆਰ ਕਰਦੀ ਹੈ। ਇਹ ਹੇਜਮਨੀ ਦੀ ਰਾਜਨੀਤੀ ਦਾ ਇਕ ਸੱਭਿਆਚਾਰਕ ਏਜੰਡਾ ਹੈ। ਕਿਸੇ ਦਿਨ ਜਦੋਂ ਕੋਈ ਬੱਚੇ ਜਿਹੀ ਸਾਦਗੀ ਨਾਲ਼ ਰਾਜੇ ਨੂੰ ਨੰਗਾ ਕਹਿੰਦੇ ਹੋਏ ਹੱਸ ਪਏਗਾ ਤਾਂ ਸਾਰੇ ਲੋਕ ਹੱਸ ਪੈਣਗੇ ਅਤੇ ਰਾਜੇ ਦੇ ਏਨੀਆਂ ਕੁਤਕਤਾੜੀਆਂ ਕੱਢਣਗੇ ਕਿ ਰਾਜਾ ਹੱਸਦੇ ਹੱਸਦੇ ਮਰ ਜਾਵੇਗਾ। ਇਹ ਵੀ ਹਾਸੇ ਦਾ ਇਕ ਰੂਪ ਹੈ। ਅਜਿਹਾ ਪੀੜੀਆਂ ਪਿਛੋਂ ਹੋਇਆ ਕਰਦਾ ਹੈ। ਪਰ ਇਸ ਦੀ ਸਿਰਫ਼ ਕਲਪਨਾ ਤੋਂ ਵੀ ਉਹ ਡਰਦੇ ਹਨ ਜੋ ਆਮ ਲੋਕਾਂ ਨੂੰ ਵਿਚਾਰਹੀਣ ਹਾਸਾ ਹਸਾਉਂਦੇ ਰਹਿਣ ਲਈ ਅੱਜ ਹਾਸੇ ਦੀ ਮੰਡੀ ਹਰ ਪਾਸੇ ਫਲਾਉਂਦੇ ਹਨ ਅਤੇ ਆਪਣੀ ਚਾਲ ਨੂੰ ਸਫ਼ਲ ਹੁੰਦੇ ਵੇਖ ਆਮ ਲੋਕਾਂ 'ਤੇ ਹੱਸਦੇ ਹਨ। ♦

(ਪੰਨਾ 29 ਦਾ ਬਾਕੀ)

ਅੰਕੜਿਆ ਮੁਤਾਬਿਕ ਜੇ ਪਾਸਕੋ ਦਾ ਪ੍ਰਾਜੈਕਟ ਲਾਗੂ ਹੁੰਦਾ ਹੈ ਤਾਂ ਇਸ ਨਾਲ਼ ਧਿਨਕੀਆ, ਨੁਆਗਾਓਂ, ਗਦਕਨਜੰਗ ਪਿੰਡਾਂ ਦੇ ਤਕਰੀਬਨ 20,000 ਲੋਕ ਪ੍ਰਭਾਵਿਤ ਹੋਣਗੇ ਅਤੇ ਆਪਣੀ ਰੋਜ਼ੀ-ਰੋਟੀ ਦਾ ਸਾਧਨ ਗਵਾ ਦੇਣਗੇ।

ਪੀੜ੍ਹਤਾਂ ਨੇ ਇਸ ਮਸਲੇ ਨਾਲ਼ ਨਜਿੱਠਣ ਲਈ 'ਪਾਸਕੋ-ਪ੍ਰਤੀਰੋਧ ਸਮਿਤੀ' ਬਣਾਈ ਹੈ, ਜੋ ਕਿ ਜੂਨ, 2005 ਤੋਂ ਇਸ ਸੰਘਰਸ਼ ਵਿੱਚ ਸ਼ਾਮਲ ਹੈ, ਜਦੋਂ ਤੋਂ ਰਾਜ ਸਰਕਾਰ ਅਤੇ ਪਾਸਕੋ ਕੰਪਨੀ ਵਿੱਚ ਸਮਝੌਤਾ ਹੋਇਆ।

ਇਸ ਤਰ੍ਹਾਂ ਰਾਜ ਸਰਕਾਰ ਦੁਆਰਾ ਸੰਗਰਾਮੀ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਅਤੇ ਉਹਨਾਂ ਦੀਆਂ ਜ਼ਮੀਨਾਂ ਹਥਿਆਉਣ ਦੇ ਪੂਰੇ ਯਤਨ ਚੱਲ ਰਹੇ ਹਨ। ਪਰ ਸ਼ਾਇਦ ਮੁੱਖ-ਮੰਤਰੀ ਨਵੀਨ ਪਟਨਾਇਕ ਇਹ ਭੁੱਲ ਗਏ ਹਨ ਕਿ ਲੋਕਾਂ ਨਾਲ਼ ਕੀਤੀ ਇਹ ਬਦਸਲੂਕੀ ਸੰਘਰਸ਼ ਨੂੰ ਖੁੰਢਾ ਨਹੀਂ ਸਗੋਂ ਹੋਰ ਧਾਰਦਾਰ ਬਣਾਏਗੀ। ♦

ਜੇ ਸੋਕਾ ਏਹੀ ਸੜਦੇ ਨੇ, ਜੇ ਡੋਬਾ ਏਹੀ ਮਰਦੇ ਨੇ

— ਕਰਮਜੀਤ

ਇਸ ਸਾਲ (2009-10) ਬਹੁਤ ਭਿਆਨਕ ਠੰਡ ਪਈ। ਇਸ ਸਰਦੀ ਨੇ ਪਿਛਲੇ ਕਈ ਸਾਲਾਂ ਦੇ ਰਿਕਾਰਡ ਤੋੜੇ। ਸਰਕਾਰੀ ਅੰਕੜਿਆਂ ਮੁਤਾਬਕ ਇਸ ਸਰਦੀ ਨੇ ਲਗਭਗ 450 ਲੋਕਾਂ ਦੀ ਜਾਨ ਲਈ। ਸਭ ਤੋਂ ਵੱਧ ਮੌਤਾਂ ਉੱਤਰ-ਪ੍ਰਦੇਸ਼ ਵਿੱਚ ਹੋਈਆਂ। ਜਿਹੜੇ ਮਰਨ ਵਾਲੇ ਸਰਕਾਰ ਦੀ ਨਜ਼ਰ 'ਚ ਨਹੀਂ ਆਏ ਉਹ ਇਸ ਗਿਣਤੀ ਤੋਂ ਵਖਰੇ ਹਨ। ਹਰ ਥੋੜ੍ਹੇ ਵੀ ਚੇਤੰਨ ਨਾਗਰਿਕ ਨੂੰ ਪਤਾ ਹੈ ਕਿ ਸਰਕਾਰੀ ਅੰਕੜੇ ਅਜਿਹੇ ਮਾਮਲਿਆਂ ਵਿੱਚ ਕਦੇ ਵੀ ਹਾਲਤ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਇਸ ਲਈ ਇਹ ਮੰਨਣਾ ਕੋਈ ਗਲਤ ਨਹੀਂ ਹੋਵੇਗਾ ਕਿ ਮਰਨ ਵਾਲਿਆਂ ਦੀ ਅਸਲ ਗਿਣਤੀ ਸਰਕਾਰੀ ਅੰਕੜੇ ਤੋਂ ਕਾਫ਼ੀ ਜ਼ਿਆਦਾ ਹੀ ਹੋਵੇਗੀ।

ਇਸ ਸਾਲ ਅਪ੍ਰੈਲ ਦੇ ਸ਼ੁਰੂ ਹੁੰਦੇ ਹੀ ਗਰਮੀ ਅਚਾਨਕ ਵਧੀ। ਸਰਕਾਰੀ ਅੰਕੜਿਆਂ ਮੁਤਾਬਕ ਸਿਰਫ ਅਪ੍ਰੈਲ ਮਹੀਨੇ ਵਿਚ ਹੀ ਗਰਮੀ ਨੇ 80 ਲੋਕਾਂ ਦੀ ਜਾਨ ਲੈ ਲਈ। ਹੁਣ ਮਈ ਮਹੀਨਾ ਚੱਲ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਕੁਝ ਥਾਵਾਂ ਤੇ ਬਾਰਿਸ਼ ਹੋਣ ਨਾਲ਼ (ਖਾਸ ਕਰ ਉੱਤਰ ਭਾਰਤ 'ਚ) ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ ਸੀ। ਪਰ ਹੁਣ ਜਿਵੇਂ ਹੀ ਗਰਮੀ ਵਧੀ ਹੈ ਫਿਰ ਤੋਂ ਲੋਕਾਂ ਦੀਆਂ ਮੌਤਾਂ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਆਉਣ ਵਾਲੇ ਦਿਨਾਂ ਵਿੱਚ ਜੇਕਰ ਗਰਮੀ ਹੋਰ ਵਧਦੀ ਹੈ ਤਾਂ ਮਰਨ ਵਾਲਿਆਂ ਦੀ ਗਿਣਤੀ ਵੀ ਨਿਸ਼ਚਿਤ ਹੀ ਵਧੇਗੀ।

ਪੂੰਜੀਵਾਦੀ ਮੀਡੀਆਂ ਵਿੱਚ ਗਰਮੀ ਜਾਂ ਸਰਦੀ ਨਾਲ਼ ਮਰਨ ਵਾਲਿਆਂ ਦੀ ਖਬਰ ਤਾਂ ਆ ਜਾਂਦੀ ਹੈ ਪਰ ਇਹ ਮੀਡੀਆ ਇਸ ਤੱਥ ਉੱਪਰ ਪਰਦਾ ਪਾ ਦਿੰਦਾ ਹੈ ਕਿ ਇਹ ਮਰਨ ਵਾਲੇ ਆਖਿਰ ਕੌਣ ਹਨ ? ਦਰਅਸਲ ਗਰਮੀ ਜਾਂ ਸਰਦੀ ਨਾਲ਼ ਮਰਨ ਵਾਲੇ ਸਾਡੇ ਦੋ ਧੜਿਆਂ ਵਿੱਚ ਵੰਡੇ ਸਮਾਜ ਦੀ ਬਹੁਗਿਣਤੀ ਨਾਲ ਸਬੰਧ ਰੱਖਦੇ ਹਨ। ਭਾਵ ਗਰੀਬ ਆਬਾਦੀ ਨਾਲ। ਦੇਸ਼ ਦੇ ਸਭ ਸ੍ਰੋਤਾਂ-ਸਾਧਨਾਂ ਸਭ ਸੁੱਖ-ਸਹੂਲਤਾਂ ਤੇ ਕਾਬਜ਼ ਵਿਹਲੜ ਅਮੀਰਾਂ ਨੂੰ ਤਾਂ ਗਰਮੀ ਜਾਂ ਸਰਦੀ ਦਾ ਅਹਿਸਾਸ ਤੱਕ ਵੀ ਨਹੀਂ ਹੁੰਦਾ। ਇਹ ਏਅਰ ਕੰਡੀਸ਼ਨਡ ਘਰ 'ਚੋਂ ਨਿਕਲਦੇ ਹਨ ਤਾਂ ਏਅਰ ਕੰਡੀਸ਼ਨਡ ਗੱਡੀ ਵਿੱਚ ਜਾ ਬੈਠਦੇ ਹਨ, ਗੱਡੀਓਂ ਉੱਤਰ ਕੇ ਇਹ ਏਅਰਕੰਡੀਸ਼ਨਡ ਦਫ਼ਤਰ ਵਿੱਚ ਜਾ ਬੈਠਦੇ ਹਨ। ਇਸ ਲਈ ਇਹ ਮੌਸਮ ਦੇ ਮਿਜ਼ਾਜ ਤੋਂ ਅਕਸਰ ਬੇਖਬਰ ਰਹਿੰਦੇ ਹਨ। ਉਂਝ ਵੀ ਮੌਜਸ ਦੇ ਪ੍ਰਭਾਵਾਂ ਨਾਲ਼ ਲੜਨ ਲਈ ਇਹਨਾਂ ਕੋਲ ਚੋਖੀਆਂ ਸਹੂਲਤਾਂ ਹਰ ਵਕਤ ਰਹਿੰਦੀਆਂ ਹਨ। ਇਹ ਸਰਦੀਆਂ ਸਮੁੰਦਰੀ ਬੀਚਾਂ 'ਤੇ ਅਤੇ ਗਰਮੀਆਂ ਦੇਸ਼-ਵਿਦੇਸ਼ ਦੇ ਠੰਡੇ-ਬਰਫੀਲੇ ਪਹਾੜੀ ਇਲਾਕਿਆਂ 'ਚ ਵੀ ਗੁਜ਼ਾਰਦੇ ਹਨ। ਕੋਈ ਛੋਟ ਵਜੋਂ ਹੀ ਇਹਨਾਂ ਚੋਂ ਮੌਸਮ ਦੀ ਬੇਰਹਿਮੀ ਦਾ ਸ਼ਿਕਾਰ ਹੁੰਦਾ ਹੈ। ਕਦੇ ਮਜਬੂਰੀ ਵਸ ਹੀ ਇਹਨਾਂ ਨੂੰ ਖਰਾਬ ਮੌਸਮ 'ਚ ਬਾਹਰ ਨਿਕਲਣਾ ਪੈ ਸਕਦਾ ਹੈ। ਅਥਾਹ ਸੁੱਖ ਸਹੂਲਤਾਂ ਭਰਪੂਰ ਜ਼ਿੰਦਗੀ ਜਿਉਂਦਿਆਂ ਇਹਨਾਂ ਦੇ ਸਰੀਰ ਇੰਨੇ ਕੂਲੇ ਹੋ ਜਾਂਦੇ ਹਨ ਕਿ ਮੌਸਮ ਦੀ ਜ਼ਰਾ ਜਿੰਨੀ ਦਾਬ ਵੀ ਨਹੀਂ ਝੱਲ ਪਾਉਂਦੇ। ਜਿਵੇਂ ਪਿਛਲੇ ਦਿਨੀਂ ਦਿੱਲੀ ਵਿਖੇ ਇਕ ਰੈਲੀ ਸਮੇਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਗਡਕਰੀ ਨੂੰ ਧੁੱਪ ਵਿੱਚ ਜ਼ਰਾ ਜਿੰਨਾ ਚੱਲਣਾ ਪੈ ਗਿਆ ਤਾਂ ਉਹ ਚੱਕਰ ਖਾ ਕੇ ਡਿੱਗ ਪਿਆ ਸੀ। ਪਰ ਅਮੀਰ ਛੋਟ ਵਜੋਂ ਹੀ ਅਜਿਹੀਆਂ ਗਲਤੀਆਂ ਕਰਦੇ ਹਨ।

ਦੂਜੇ ਪਾਸੇ ਦੇਸ਼ ਦੀ ਅੱਸੀ ਫੀਸਦੀ ਗਰੀਬ ਜਨਤਾ ਹੈ। ਦਿਨ ਰਾਤ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਵੀ ਇਹ ਲੋਕ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਕਰ ਸਕਣ ਦੇ ਅਸਮੱਰਥ ਹਨ। ਇਹਨਾਂ ਦੇ ਸਿਰ ਤੇ ਛੱਤ ਨਹੀਂ (ਜੇ ਹੈ ਵੀ ਤਾਂ ਉਹ ਇਨਸਾਨਾਂ ਦੇ ਰਹਿਣ ਲਾਇਕ ਨਹੀਂ) ਖਾਣ ਲਈ ਪੂਰਾ ਭੋਜਨ ਨਹੀਂ, ਪਹਿਨਣ ਲਈ ਪੂਰੇ ਕੱਪੜੇ ਨਹੀਂ, ਪੀਣ ਲਈ ਸਾਫ ਪਾਣੀ ਨਹੀਂ, ਬਿਮਾਰੀ ਸਮੇਂ ਠੀਕ ਇਲਾਜ ਨਹੀਂ। ਉੱਪਰੋਂ ਹੱਡ ਭੰਨਵੀਂ ਮਿਹਨਤ ਇਹਨਾਂ ਦੇ ਜੀਉਂਦੇ ਰਹਿਣ ਦੀ ਬੁਨਿਆਦੀ ਸ਼ਰਤ ਹੈ। ਮੌਸਮ ਦਾ ਮਿਜ਼ਾਜ ਕੁਝ ਵੀ ਹੋਵੇ ਚੁੱਲ੍ਹਾ ਬਲਦਾ ਰੱਖਣ ਲਈ ਕੰਮ ਤਾਂ ਕਰਨਾ ਹੀ ਪੈਂਦਾ ਹੈ।

ਸਰਦੀ ਵਧਦੀ ਹੈ ਤਾਂ ਅਮੀਰ ਮੌਸਮ ਦੀ ਖ਼ੂਬਸੂਰਤੀ 'ਤੇ ਅਸ਼-ਅਸ਼ ਕਰ ਉੱਠਦੇ ਹਨ। ਪਰ ਇਹੋ ਮੌਸਮ ਕਰੋੜਾਂ ਗਰੀਬਾਂ ਲਈ ਮੁਸੀਬਤ ਬਣ ਕੇ ਬਹੁੜਦਾ ਹੈ। ਜਿਨ੍ਹਾਂ ਕੋਲ ਸਰਦੀ ਤੋਂ ਬਚਣ ਲਈ ਪੂਰੇ ਕਪੜੇ ਨਹੀਂ ਤੇ ਸਿਰ 'ਤੇ ਛੱਤ ਨਹੀਂ ਉਹ ਇਸ ਮੌਸਮ 'ਚ ਗਿਣ ਗਿਣ ਕੇ ਦਿਨ ਕਟਦੇ ਹਨ। ਪੰਜਾਬ ਦੇ ਪਿੰਡਾਂ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ (ਇਹਨਾਂ ਸਕੂਲਾਂ ਵਿੱਚ ਪੜ੍ਹਨ ਵਾਲਿਆਂ ਦੀ ਵੱਡੀ ਬਹੁਗਿਣਤੀ ਪੇਂਡੂ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਹੁੰਦੀ ਹੈ) ਪੈਰੋਂ ਨੰਗੇ, ਗਰਮ ਕੱਪੜਿਆਂ ਤੋਂ ਵਾਂਝੇ ਬੱਚੇ ਵੇਖੇ ਜਾ ਸਕਦੇ ਹਨ। ਜੇ ਪੰਜਾਬ (ਜਿਸ ਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ) 'ਚ ਇਹ ਹਾਲ ਹੈ ਤਾਂ ਸਹਿਜੇ ਹੀ ਬਾਕੀ ਹਿੰਦੋਸਤਾਨ ਦੀ ਹਾਲਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਦੇਸ਼ ਦੇ ਸ਼ਹਿਰਾਂ 'ਚ ਕਰੋੜਾਂ ਲੋਕ ਬੇਘਰੇ ਹਨ, ਜੋ ਭਿਆਨਕ ਸਰਦੀਆਂ ਵਿੱਚ ਵੀ ਸੜਕਾਂ ਕਿਨਾਰੇ ਹੀ ਰਾਤਾਂ ਗੁਜ਼ਾਰਦੇ ਹਨ। ਸਰਦੀ ਨਾਲ਼ ਮਰਨ ਵਾਲੇ ਵੀ ਜ਼ਿਆਦਾਤਰ ਇਹਨਾਂ ਗਰੀਬਾਂ ਵਿਚੋਂ ਹੀ ਹੁੰਦੇ ਹਨ।

ਇਸ ਤਰ੍ਹਾਂ ਗਰਮੀ ਨਾਲ਼ ਮਰਨ ਵਾਲਿਆਂ 'ਚ ਵੀ ਜ਼ਿਆਦਾਤਰ ਰਿਕਸ਼ਾ-ਚਾਲਕ, ਭੱਠਾ-ਮਜ਼ਦੂਰ, ਖੇਤ ਮਜ਼ਦੂਰ, ਗਰੀਬ ਕਿਸਾਨ, ਨਿਰਮਾਣ ਮਜ਼ਦੂਰ, ਢੋਆ-ਢੁਆਈ ਦਾ ਕੰਮ ਕਰਨ ਵਾਲੇ ਮਜ਼ਦੂਰ ਅਤੇ ਹੋਰ ਕਿਰਤੀ ਹੁੰਦੇ ਹਨ, ਜਿਹਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ 'ਚ, ਵਗਦੀਆਂ ਲੂਆਂ 'ਚ ਵੀ ਕੰਮ ਕਰਨਾ ਪੈਂਦਾ ਹੈ।

ਪੂੰਜੀਵਾਦੀ ਮੀਡੀਆ ਅਤੇ ਸਰਕਾਰ ਇਹਨਾਂ ਗਰਮੀ ਅਤੇ ਸਰਦੀ ਨਾਲ਼ ਮਰਨ ਵਾਲਿਆਂ ਦੇ ਅੱਧ ਪਚੱਧੇ ਅੰਕੜੇ ਦਿੰਦੇ ਹਨ। ਦੂਜਾ ਇਹ ਇਹਨਾਂ ਮੌਤਾਂ ਲਈ ਮੌਸਮ ਨੂੰ ਹੀ ਮੁੱਖ ਜ਼ਿੰਮੇਵਾਰ ਬਣਾ ਕੇ ਪੇਸ਼ ਕਰਦੇ ਹਨ। ਪਰ ਮੌਸਮ ਦੀ ਕਰੋਪੀ ਨਾਲ਼ ਗਰੀਬ ਹੀ ਕਿਉਂ ਮਰਦੇ ਹਨ ਅਮੀਰ ਕਿਉਂ ਨਹੀਂ ? ਸਪੱਸ਼ਟ ਹੈ ਕਿ ਇਹਨਾਂ ਮੌਤਾਂ ਲਈ ਮੁੱਖ ਜ਼ਿੰਮੇਵਾਰ ਮੌਸਮ ਨਹੀਂ ਸਗੋਂ ਗਰੀਬੀ ਹੈ ਅਤੇ ਇਸ ਗਰੀਬੀ ਨੂੰ ਜਨਮ ਦੇਣ ਵਾਲਾ ਅਤੇ ਉਸ ਨੂੰ ਕਾਇਮ ਰੱਖਣ ਵਾਲਾ ਪੂੰਜੀਵਾਦੀ ਪ੍ਰਬੰਧ ਇਹਨਾਂ ਮੌਤਾਂ ਲਈ ਜ਼ਿੰਮੇਵਾਰ ਹੈ। ਦਰਅਸਲ ਇਹ ਮੌਤਾਂ ਨਹੀਂ, ਇਹ ਪੂੰਜੀਵਾਦੀ ਪ੍ਰਬੰਧ ਦੁਆਰਾ ਕੀਤੇ ਜਾਣ ਵਾਲੇ ਗਰੀਬਾਂ ਦੇ ਕਤਲ ਹਨ।

ਪੁਲਿਸ ਹਿਰਾਸਤ ਵਿੱਚ ਵੱਧ ਰਹੀ ਮੌਤਾਂ ਦੀ ਗਿਣਤੀ

- ਨਮਿਤਾ

ਦੇਸ਼ ਦੀ ਸੇਵਕ, ਲੋਕਾਂ ਦੀ ਰੱਖਿਆ ਕਰਨ ਵਾਲੀ, ਮੁਲਜਮਾਂ ਨੂੰ ਸਜਾ ਦਵਾਉਣ ਵਾਲੀ, ਅਮਨ ਕਾਨੂੰਨ ਬਣਾਈ ਰਖਣ ਵਾਲੀ ਪੁਲਿਸ, ਇਹ ਕੁਝ ਵਿਸ਼ੇਸ਼ਣ ਜਿਹੜੇ ਅਕਸਰ ਪੁਲਿਸ ਮੁਲਾਜਮਾਂ ਲਈ ਇਸਤੇਮਾਲ ਹੁੰਦੇ ਹਨ। ਪਰ ਕੀ ਸਹੀ ਮਾਇਨੇ ਵਿੱਚ ਇਸੇ ਤਰ੍ਹਾਂ ਹੀ ਹੈ ਜਾਂ ਇਸ ਤੋਂ ਬਿਲਕੁੱਲ ਉਲਟ। ਰੋਜ਼ਾਨਾ ਦੀਆਂ ਘਟਨਾਵਾਂ ਤੋਂ ਅੱਜ ਇਕ ਆਮ ਆਦਮੀ ਵੀ ਆਪਣੇ ਤਜਰਬੇ ਤੋਂ ਜਾਣਦਾ ਹੈ ਕਿ ਇਹ ਲੋਕਾਂ ਦੇ ਰਾਖੇ ਨਹੀਂ ਸਗੋਂ ਵਰਦੀਧਾਰੀ ਗੁੰਡੇ ਹਨ।

ਜੇਲ੍ਹਾਂ ਵਿੱਚ ਕੈਦੀਆਂ ਨਾਲ਼ ਅਣਮਨੁੱਖੀ ਵਿਵਹਾਰ, ਝੂਠੇ ਮਾਮਲਿਆਂ ਵਿੱਚ ਲੋਕਾਂ ਨੂੰ ਫਸਾ ਦੇਣਾ, ਹਿਰਾਸਤ 'ਚ ਹੱਦੋ ਵੱਧ ਤਸੀਹਿਆਂ ਨਾਲ਼ ਲੋਕਾਂ ਦੀ ਜਾਨ ਲੈਣੀ, ਇਹ ਆਮ ਵਰਤਾਰਾ ਹੈ। ਇਸ ਲਈ ਤਾਂ ਹਾਈਕੋਰਟ ਦੇ ਇਕ ਪ੍ਰਸਿੱਧ ਵਕੀਲ ਨੇ ਕਿਹਾ ਸੀ ਕਿ 'ਇਸ ਦੇਸ਼ ਦੀ ਪੁਲਿਸ ਇਕ ਜਥੇਬੰਦਕ ਸਰਕਾਰੀ ਗੁੰਡਾ ਗਿਰੋਹ ਹੈ।'

ਹਿਰਾਸਤ ਵਿੱਚ ਮੌਤਾਂ ਦੀ ਖ਼ਬਰ ਅਸੀਂ ਆਏ ਦਿਨ ਪੜ੍ਹਦੇ ਹਾਂ। ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ ਦੀ ਪਿਛੇ ਜਿਹੇ ਜਾਰੀ ਇਕ ਰਿਪੋਰਟ ਮੁਤਾਬਕ ਲੰਘੇ ਦਹਾਕੇ ਵਿੱਚ ਭਾਰਤ 'ਚ ਹਿਰਾਸਤ ਵਿੱਚ ਮਰਨ ਵਾਲਿਆਂ ਦੀ ਫੀਸਦੀ ਵਧੀ ਹੈ।

2000 ਤੋਂ 2008 ਤੱਕ ਜੇਲ੍ਹ ਵਿੱਚ ਕੈਦੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ 54.02 ਫੀਸਦੀ ਵਧੀਆਂ ਸੀ ਅਤੇ ਪੁਲਿਸ ਹਿਰਾਸਤ ਵਿੱਚ ਮੌਤਾਂ ਦੀ ਗਿਣਤੀ 19.88 ਫੀਸਦੀ ਵਧ ਗਈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਸਰਕਾਰੀ ਵਿਭਾਗ ਦੀ ਰਿਪੋਰਟ ਮੁਤਾਬਕ 2000 ਤੋਂ 2008 ਵਿਚਕਾਰ ਜੇਲ੍ਹ ਵਿੱਚ ਮਰਨ ਵਾਲਿਆਂ ਦੀ ਗਿਣਤੀ 10,721 ਸੀ ਜਦੋਂ ਕਿ ਪੁਲਿਸ ਹਿਰਾਸਤ ਵਿੱਚ 1,345।

ਅੱਖਾਂ ਖੋਲ੍ਹ ਦੇਣ ਵਾਲਾ ਇਹ ਅੰਕੜਾ 2010 ਵਿੱਚ ਉਸ ਸਮੇਂ ਸਾਹਮਣੇ ਆਇਆ, ਜਦੋਂ ਸਰਕਾਰ ਤਸੀਹੇ ਵਿਰੋਧੀ ਬਿੱਲ ਲਿਆਉਣ ਬਾਰੇ ਫੈਸਲਾ ਕਰ ਰਹੀ ਹੈ। ਜਦ ਕਿ ਕਿਹੜਾ ਨਹੀਂ ਜਾਣਦਾ ਕਿ ਸਰਕਾਰ ਦਾ ਸਹੀ ਇਰਾਦਾ ਤਸੀਹਿਆਂ ਨੂੰ ਰੋਕਣਾ ਨਹੀਂ, ਸਗੋਂ ਆਲਮੀ ਪੱਧਰ 'ਤੇ ਭਾਰਤ ਦੀ ਦਿਖ ਸੁਧਾਰਨਾ ਹੈ। ਜੇ ਇਹ ਬਿੱਲ ਸੰਸਦ ਵਿੱਚ ਪਾਸ ਹੋ ਜਾਂਦਾ ਹੈ ਤਾਂ ਆਲਮੀ ਪੱਧਰ 'ਤੇ ਮਨੁੱਖੀ ਹੱਕਾਂ ਲਈ ਫਿਕਰਮੰਦ ਦੇਸ਼ ਵਜੋਂ ਭਾਰਤ ਦੀ ਦਿਖ ਵੀ ਪੱਕੀ ਹੋਵੇਗੀ।

ਇਸ ਦੇਸ਼ ਵਿੱਚ ਕਾਨੂੰਨਾਂ ਦੀ ਕਮੀ ਨਹੀਂ। ਕਿੰਨੇ ਮਨੁੱਖੀ ਅਧਿਕਾਰ ਕਾਨੂੰਨ ਵੀ ਬਣੇ ਨੇ ਪਰ ਫੇਰ ਵੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਹਜਾਰਾਂ ਬੇਗੁਨਾਹੇ ਸਾਲਾਂ ਬੱਧੀ ਜੇਲ੍ਹੀਂ ਸੜ੍ਹਦੇ ਰਹਿੰਦੇ ਹਨ। ਸਿਰਫ਼ ਮਸ਼ਕੂਕ ਹੋਣ ਦੇ ਅਧਾਰ 'ਤੇ ਫੜੇ ਅਤੇ ਪਰੇਸ਼ਾਨ ਕਰਨ ਦੀਆਂ ਘਟਨਾਵਾਂ ਵੀ ਆਮ ਵਰਤਾਰਾ ਹੈ।

ਗੌਰਕਰਨਯੋਗ ਤੱਥ ਇਹ ਵੀ ਹੈ ਕਿ ਪੁਲਿਸ ਹਿਰਾਸਤ ਵਿੱਚ ਆਮ ਤੌਰ 'ਤੇ ਗਰੀਬ ਲੋਕ ਹੀ ਮਾਰੇ ਜਾਂਦੇ ਹਨ। ਉਹਨਾਂ ਨੂੰ ਹੀ ਸਰੀਰਕ ਤੇ ਮਾਨਸਿਕ ਤਸੀਹੇ ਦੇ ਕੇ ਮਾਰਿਆ ਜਾਂਦਾ ਹੈ। ਅਮੀਰਾਂ ਲਈ ਜੇਲ੍ਹਾਂ ਵਿੱਚ ਵੀ ਸਹੂਲਤਾਂ ਦੀ ਘਾਟ ਨਹੀਂ।

ਕਹਿਣ ਨੂੰ ਤਾਂ ਜੇਲ੍ਹਾਂ ਅਪਰਾਧਾਂ ਨੂੰ ਰੋਕਣ ਲਈ ਨੇ ਪਰ ਜਿਸ ਤਰ੍ਹਾਂ ਬੇਗੁਨਾਹੇ ਲੋਕਾਂ ਨੂੰ ਜੇਲ੍ਹਾਂ ਵਿੱਚ ਤੰਗ ਕੀਤਾ ਜਾਂਦਾ ਹੈ ਉਹ ਉਹਨਾਂ ਨੂੰ ਪੱਕਾ ਅਪਰਾਧੀ ਬਣਨ ਲਈ ਮਜਬੂਰ ਕਰਦਾ ਹੈ।

ਸਾਡੇ ਲਈ ਸਾਡੇ ਨਾਲ਼ ਹੋਣ ਦਾ ਦਮ ਭਰਨ ਵਾਲੀ ਪੁਲਿਸ ਵੱਲੋਂ ਅਮਨ-ਕਾਨੂੰਨ ਦੇ ਨਾਂ 'ਤੇ ਆਮ ਸਿੱਧੇ-ਸਾਦੇ ਲੋਕਾਂ 'ਤੇ ਦਹਿਸ਼ਤ ਦਾ ਜੰਗਲਰਾਜ ਕਾਇਮ ਕੀਤਾ ਜਾਂਦਾ ਹੈ। ਜਬਰ ਅਤੇ ਅਨਿਆਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਪੁਲਿਸ ਦੇ ਕਹਿਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਰ ਸੋਚਣ ਦੀ ਗੱਲ ਇਹ ਹੈ ਕਿ ਕੀ ਪੁਲਿਸ ਵਾਲੇ ਇੰਨੇ ਜਾਲਮ ਅਤੇ ਵਹਿਸ਼ੀ ਜਨਮ ਤੋਂ ਹੁੰਦੇ ਨੇ ਜਾਂ ਉਹਨਾਂ ਨੂੰ ਅਜਿਹਾ ਬਣਾਇਆ ਜਾਂਦਾ ਹੈ। ਇਹ ਢਾਂਚਾ ਉਹਨਾਂ ਨੂੰ ਅਜਿਹਾ ਬਣਾਉਂਦਾ ਹੈ ਤਾਂ ਜੋ ਆਮ ਲੋਕਾਂ ਵਿੱਚ ਭੈਅ ਅਤੇ ਦਹਿਸ਼ਤ ਫੈਲਾ ਕੇ ਨਿਰੰਕੁਸ਼ ਪੂੰਜੀਵਾਦੀ ਲੁੱਟ ਨੂੰ ਬਣਾਈ ਰੱਖਿਆ ਜਾ ਸਕੇ। ਜਿਸ ਢੰਗ ਨਾਲ਼ ਸਮਾਜ ਵਿੱਚ ਆਮ ਬੇਰੁਜ਼ਗਾਰਾਂ ਦੀ ਫੌਜ ਮੌਜੂਦ ਹੈ, ਉਹਨਾਂ ਵਿੱਚੋਂ ਤਨਖਾਹੀਏ ਭਰਤੀ ਕੀਤੇ ਜਾਂਦੇ ਨੇ ਅਤੇ ਤਜਰਬੇਕਾਰ ਘਾਗ ਨੌਕਰਸ਼ਾਹਾਂ ਦੀ ਦੇਖਰੇਖ ਹੇਠ ਸਮਾਜ ਤੋਂ ਪੂਰੀ ਤਰ੍ਹਾਂ ਕਟ ਕੇ ਉਹਨਾਂ ਦਾ ਅਣਮਨੁੱਖੀਕਰਨ ਕਰ ਦਿੱਤਾ ਜਾਂਦਾ ਹੈ ਅਤੇ ਇਸ ਢਾਂਚੇ ਰੂਪੀ ਮਸ਼ੀਨ ਦੇ ਕਲ-ਪੁਰਜੇ ਬਣਾ ਦਿੱਤਾ ਜਾਂਦਾ ਹੈ।

ਇਸ ਗੱਲ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਉਂ ਅੱਜ ਤੱਕ ਬਹੁਤ ਹੀ ਘੱਟ ਪੁਲਿਸ ਮੁਲਾਜਮਾਂ ਨੂੰ ਸਖਤ ਸਜਾ ਮਿਲੀ ਹੈ। ਸੌਖੇ ਹੀ ਸਮਝਿਆਂ ਜਾ ਸਕਦਾ ਹੈ ਕਿ ਜੇ ਇਸ ਤਰ੍ਹਾਂ ਹੋਇਆ ਤਾਂ ਉਹਨਾਂ ਦਾ ਮਨੋਬਲ ਡਿੱਗ ਸਕਦਾ ਹੈ ਅਤੇ ਉਹ ਢਾਂਚੇ ਦੇ ਵਫਾਦਾਰ ਨੌਕਰ ਨਹੀਂ ਬਣੇ ਰਹਿ ਸਕਦੇ।

1999-2009 ਦੌਰਾਨ ਪੁਲਿਸ ਹਿਰਾਸਤ ਵਿੱਚ ਮੌਤਾਂ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਰਹਿਣ ਵਾਲੇ ਸੂਬੇ

ਮਹਾਰਾਸ਼ਟਰ - 246, ਉਤਰਪ੍ਰਦੇਸ਼ - 165, ਗੁਜਰਾਤ - 139, ਪੱਛਮੀ ਬੰਗਾਲ - 112, ਆਂਧਰਾ ਪ੍ਰਦੇਸ਼ - 99। ♦

ਗੋਦਾਮਾਂ 'ਚ ਸੜਦਾ ਅਨਾਜ ਤੇ ਭੁੱਖੇ ਮਰਦੇ ਲੋਕ

—ਪਰਮਿੰਦਰ

ਪੰਜਾਬ! ਭਾਰਤ ਦੇ ਕੁੱਲ ਖੇਤਰਫਲ ਦਾ 1.5 ਫੀਸਦੀ ਹੈ। ਪਰ ਪੈਦਾਵਾਰ ਦੇ ਮਾਮਲੇ ਵਿੱਚ ਪੂਰੇ ਦੇਸ਼ ਦੀ ਕੁੱਲ ਕਣਕ ਦੀ ਪੈਦਾਵਾਰ ਵਿੱਚ 20 ਫੀਸਦੀ ਤੇ ਚਾਵਲ ਦੀ 12 ਫੀਸਦੀ ਪੰਜਾਬ ਵਿੱਚ ਹੁੰਦੀ ਹੈ। ਦੇਸ਼ ਦੇ ਰਿਜ਼ਰਵ ਸਟੋਕ ਵਿੱਚ 60 ਫੀਸਦੀ ਕਣਕ ਤੇ 40 ਫੀਸਦੀ ਚਾਵਲ ਪੰਜਾਬ ਰਾਜ ਦੇ ਹਿੱਸੇ ਹੈ। ਪਰ ਇਹ ਸਾਰੀ ਪੈਦਾਵਾਰ ਲੋਕਾਂ ਤੱਕ ਨਹੀਂ ਪਹੁੰਚਦੀ ਕਿਉਂਕਿ ਬਹੁਤ ਸਾਰੀ ਤਾਂ ਗੋਦਾਮਾਂ 'ਚ ਪਈ ਪਈ ਹੀ ਸੜ ਜਾਂਦੀ ਹੈ।

ਸਰਕਾਰੀ ਸੂਤਰਾਂ, ਅਖ਼ਬਾਰਾਂ ਤੇ ਭਾਰਤ ਖੁਰਾਕ ਨਿਗਮ ਤੋਂ ਮਿਲੀ ਜਾਣਕਾਰੀ ਮੁਤਾਬਕ ਪਿਛਲੇ ਦਸ ਸਾਲਾਂ ਵਿੱਚ ਭਾਰਤ ਦੇ ਗੋਦਾਮਾਂ ਵਿੱਚ 13,00,000 ਟਨ ਅਨਾਜ ਸੜ ਗਿਆ ਭਾਵ ਵਰਤੋਂ ਯੋਗ ਨਹੀਂ ਰਿਹਾ ਤੇ ਇਸ ਕੁੱਲ ਬਰਬਾਦੀ ਵਿੱਚ 50 ਫੀਸਦੀ ਪੰਜਾਬ ਵਿੱਚ ਹੋਈ ਹੈ। ਭਾਰਤੀ ਖੁਰਾਕ ਨਿਗਮ ਵਲੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿੱਚ 1997-2010 ਤੱਕ, 13 ਸਾਲਾਂ ਵਿੱਚ, 57 ਮਿਟਰਕ ਟਨ ਅਨਾਜ ਸੜ ਗਿਆ ਜਿਸ ਦੀ ਕੀਮਤ ਲਗਭਗ 600 ਕਰੋੜ ਦੇ ਕਰੀਬ ਹੈ। ਹਰ ਸਾਲ ਲਗਾਤਾਰ ਹੋ ਰਹੇ ਇਸ ਭਾਰੀ ਨੁਕਸਾਨ ਦੇ ਬਾਵਜੂਦ ਇਸ ਦੇ ਸਰਕਾਰ ਵੱਲੋਂ ਕੋਈ ਖਾਸ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਜੇ ਇਹ ਅਨਾਜ ਸਾਂਭ ਲਿਆ ਜਾਂਦਾ ਤਾਂ ਦੇਸ਼ ਦੇ 1 ਕਰੋੜ ਲੋਕਾਂ ਦੀ ਇਕ ਸਾਲ ਲਈ ਅੰਨ ਦੀ ਕਮੀ ਦੂਰ ਕੀਤੀ ਜਾ ਸਕਦੀ ਸੀ। ਇਸ ਤੋਂ ਵੱਡੀ ਤਰਾਸਦੀ ਇਹ ਹੈ ਕਿ ਦੇਸ਼ ਦੇ ਇਕ ਜਿਲ੍ਹੇ ਬਲਾਂਗੀਰ (ਉੜੀਸਾ) ਵਿੱਚ ਲੋਕਾਂ ਤੇ ਭੁੱਖਮਰੀ ਦਾ ਕਹਿਰ ਹੈ ਦੂਜੇ ਪਾਸੇ ਪੰਜਾਬ ਸਰਕਾਰ ਵਾਢੀ ਤੋਂ ਬਾਅਦ ਅਨਾਜ ਦੀ ਬਹੁਤਾਤ ਤੋਂ ਪਰੇਸ਼ਾਨ ਹੈ ਕਿ ਇਸ ਨੂੰ ਸੰਭਾਲੇ ਕਿਥੇ। ਕਿ ਰਿਪੋਰਟ ਮੁਤਾਬਕ ਬਲਾਂਗੀਰ ਜਿਲ੍ਹੇ ਵਿੱਚ ਛੇ ਸਾਲ ਦੀ ਉਮਰ ਤੋਂ ਘੱਟ 4 ਬੱਚਿਆਂ ਦੀ ਮੌਤ ਹਰ ਰੋਜ਼ ਹੋ ਰਹੀ ਹੈ। ਇਕ ਪਾਸੇ ਵਾਧੂ ਪੈਦਾਵਾਰ ਦਾ ਸੰਕਟ ਤੇ ਦੂਜੇ ਪਾਸੇ ਧੁੜ ਇਸ ਢਾਂਚੇ ਦੀ ਦਰਿੰਦਗੀ ਦਾ ਕਰੂਪ ਚਿਹਰਾ ਉਜਾਗਰ ਕਰਦਾ ਹੈ।

ਜਵਾਬਦੇਹੀ ਲਈ ਭਾਵੇਂ ਸਰਕਾਰੀ ਮੁਲਾਜਮ ਹੋਣ ਸਿਆਸਤਦਾਨ ਹੋਣ ਜਾਂ ਏਜੰਸੀਆਂ ਦੇ ਮਾਲਕ ਸਾਰੇ ਇਕ ਦੂਸਰੇ ਦਾ ਬਹਾਨਾ ਲਗਾ ਕੇ ਸੱਚਾਈ ਤੋਂ ਆਪਣਾ ਪੱਲਾ ਝਾੜਦੇ ਲਗਦੇ ਹਨ।

ਭਾਰਤੀ ਖੁਰਾਕ ਨਿਗਮ ਵਾਲੇ ਵੱਖ-ਵੱਖ ਰਾਜਾਂ ਦੀਆਂ ਏਜੰਸੀਆਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾ ਰਹੇ ਹਨ ਤੇ ਏਜੰਸੀਆਂ ਗੁਦਾਮਾਂ ਦੀ ਘਾਟ ਦਾ ਰੋਣਾ ਰੋ ਰਹੀਆਂ ਹਨ। ਮਨਪ੍ਰੀਤ ਬਾਦਲ ਦਾ ਬਿਆਨ ਆਉਂਦਾ ਹੈ ਕਿ ਕੇਂਦਰ ਸਰਕਾਰ ਕੋਲ ਅਨਾਜ ਦੂਜੇ ਰਾਜਾਂ ਤੱਕ ਲਿਜਾਣ ਲਈ ਸਾਧਨ ਨਹੀਂ ਇਸ ਲਈ ਉਹ ਕੁਝ ਨਹੀਂ ਕਰ ਸਕਦੇ। ਕੇਂਦਰ ਸਰਕਾਰ ਵੱਲੋਂ ਹਾਲਤ ਨੂੰ ਸੁਧਾਰਨ ਦੇ ਫੋਕੇ ਦਾਅਵਿਆਂ ਦੀ ਲੜੀ ਪਹਿਲਾਂ ਹੀ ਤਿਆਰ ਹੁੰਦੀ ਹੈ। ਮਾਮਲਾ ਭਾਵੇਂ ਚੀਨੀ ਦੀ ਜਮ੍ਹਾਖੋਰੀ ਦਾ ਹੋਵੇ ਜਾਂ ਭਾਵੇਂ ਗੋਦਾਮਾਂ 'ਚ ਸੜਦੇ ਅਨਾਜ ਦਾ ਇਸ ਸਾਰੇ ਨੁਕਸਾਨ ਦਾ ਬੋਝ ਆਮ ਲੋਕਾਂ ਨੂੰ ਹੀ ਝਲਣਾ ਪੈਂਦਾ ਹੈ। ਅੱਜ ਵੀ ਲੱਖਾਂ ਟਨ ਅਨਾਜ ਗੋਦਾਮਾਂ ਦੇ ਬਾਹਰ ਪਿਆ ਹੈ ਜਾਂ ਮੰਡੀਆਂ 'ਚ ਰੁਲ ਰਿਹਾ ਹੈ ਤੇ ਜੇਕਰ ਇਸ ਨੂੰ ਸਾਂਭਿਆਂ ਨਾ ਗਿਆ ਤਾਂ ਇਹ ਲੋਕਾਂ ਦੇ ਕੀ ਜਾਨਵਰਾਂ ਦੇ ਖਾਣ ਲਾਇਕ ਵੀ ਨਹੀਂ ਬਚੇਗਾ।

ਹੁਣ ਇਕ ਸਵਾਲ ਉੱਠਦਾ ਹੈ ਕਿ ਕੀ ਪੈਦਾਵਾਰ ਦੀ ਕਮੀ ਹੈ ਜੋ ਲੋਕ ਭੁੱਖੇ ਮਰ ਰਹੇ ਨੇ ? ਨਹੀਂ! ਪਰ ਜੇ ਤੁਸੀਂ ਇਹ ਸੋਚਦੇ ਹੋ ਕੀ ਸਾਧਨਾਂ ਦੀ ਕਮੀ ਹੈ ਤਾਂ ਵੀ ਇਹ ਸੱਚ ਨਹੀਂ! ਨਾ ਪੈਦਾਵਾਰ ਦੀ ਕਮੀ ਹੈ ਨਾ ਹੀ ਇਸ ਦੀ ਵੰਡ ਪ੍ਰਣਾਲੀ ਦੇ ਸਾਧਨਾ ਦੀ ਕਮੀ।

ਅਨਾਜ ਦਾ ਸਾਂਭੇ ਜਾਣਾ ਜਾਂ ਕਹਿ ਲਓ ਸਹੀ ਵਰਤੋਂ ਵਿੱਚ ਲਿਆਂਦੇ ਜਾਣਾ ਇਕ ਅਹਿਮ ਮੁੱਦਾ ਹੈ ਪਰ ਅਰਾਜਕਤਾ ਦੇ ਇਸ ਢਾਂਚੇ ਦਾ ਲਾਜ਼ਮੀ ਲੱਛਣ ਹੈ। 'ਮੁਨਾਫੇ' ਦੀ ਹਵਸ ਦੇ ਭੁੱਖੇ ਭੇੜੀਏ ਆਪਣਾ ਮੁਨਾਫਾ ਵਧਾਉਣ ਲਈ ਅਨਾਜ ਨੂੰ ਜਮ੍ਹਾ ਵੀ ਕਰਦੇ ਨੇ ਤੇ ਸੜਨ ਲਈ ਵੀ ਛੱਡ ਦਿੰਦੇ ਹਨ। ਜਮ੍ਹਾਖੋਰੀ ਜਾਂ ਅਨਾਜ ਦੇ ਸੜ ਜਾਣ ਨਾਲ਼ ਮੰਡੀ ਵਿੱਚ ਅਨਾਜ ਦੀ ਘਾਟ ਪੈਦਾ ਹੁੰਦੀ ਹੈ ਤੇ ਘਾਟ ਹੋਣ ਕਾਰਨ ਅਨਾਜ ਦੇ ਰੇਟਾਂ ਵਿੱਚ ਵਾਧਾ ਹੁੰਦਾ ਹੈ ਤੇ ਅਨਾਜ ਦੀ ਥੁੜ ਦਾ ਭਾਰ ਗਰੀਬ ਤਬਕੇ ਨੂੰ ਝੱਲਣਾ ਪੈਂਦਾ ਹੈ, ਜੋ ਕਿ ਪਹਿਲਾਂ ਹੀ ਸਰਕਾਰ ਦੀਆਂ ਖੂਨ ਚੂਸਣ ਵਾਲੀਆਂ ਨੀਤੀਆਂ ਤੋਂ ਪਰੇਸ਼ਾਨ ਹੈ।

ਭੁੱਖਮਰੀ ਕਾਰਨ ਹੋਣ ਵਾਲੀਆਂ ਮੌਤਾਂ ਦੀ ਕੋਈ ਅਦਾਲਤ ਨਹੀਂ, ਕੋਈ ਸੁਣਵਾਈ ਨਹੀਂ, ਕੋਈ ਇਨਸਾਫ਼ ਨਹੀਂ। ਇਹ ਮੌਤਾਂ ਇਸ ਗੰਦੇ ਢਾਂਚੇ ਦਾ ਨਤੀਜਾ ਹਨ।

ਅੱਜ ਜਦੋਂ ਤਕਨੀਕ ਦਾ ਇੰਨਾ ਵਿਕਾਸ ਹੋ ਚੁੱਕਾ ਹੈ, ਕਮੀ ਗੋਦਾਮਾਂ ਦੀ ਨਹੀਂ, ਕਮੀ ਯਾਤਾਯਾਤ ਦੇ ਸਾਧਨਾਂ ਦੀ ਨਹੀਂ, ਕਮੀ ਪੈਦਾਵਾਰ ਦੀ ਨਹੀਂ, ਕਮੀ ਲੋਕਾਂ ਦੀ ਮਿਹਨਤ ਕਰਨ ਦੀ ਸਮੱਰਥਾ ਦੀ ਨਹੀਂ, ਸਗੋਂ ਕਮੀ ਹੈ ਤਾਂ ਇਸ ਢਾਂਚੇ ਦੀ, ਕਮੀ ਹੈ ਇਹਨਾਂ ਸਾਧਨਾਂ ਦੀ ਸਹੀ ਵਰਤੋਂ ਦੀ, ਪਰ ਪੂੰਜੀਵਾਦੀ ਢਾਂਚੇ ਵਿੱਚ ਇਹ ਸੰਭਵ ਨਹੀਂ। ਜ਼ਰੂਰਤ ਹੈ ਮਨੁੱਖਤਾ 'ਤੇ ਬੋਝ ਬਣ ਚੁੱਕੇ ਪੂੰਜੀਵਾਦੀ ਢਾਂਚੇ ਦਾ ਫਸਤਾ ਵੱਢਿਆ ਜਾਵੇ। ♦

ਲੋਕਾਂ ਦੀਆਂ ਲੋਥਾਂ 'ਤੇ ਚੱਲ ਕੇ ਹੋਵੇਗਾ ਉੜੀਸਾ ਦਾ 'ਸ਼ਾਂਤੀਪੂਰਨ' ਸਨਅਤੀਕਰਨ

— ਛਿੰਦਰਪਾਲ

ਉੜੀਸਾ ਰਾਜ ਜਿਸ ਵਿੱਚ ਦੋ ਤਿਹਾਈ ਤੋਂ ਵੱਧ ਦਿਹਾਤੀ ਪਰਿਵਾਰ ਗਰੀਬੀ ਦੀ ਰੇਖਾਂ ਤੋਂ ਹੇਠਾਂ ਰਹਿੰਦੇ ਹਨ ਅਤੇ ਆਪਣੇ ਗੁਜ਼ਾਰੇ ਲਈ ਦੋ ਸਮੇਂ ਦਾ ਖਾਣਾ ਵੀ ਬਹੁਤ ਮੁਸ਼ਕਿਲ ਨਾਲ਼ ਜੁਟਾਉਂਦੇ ਹਨ। ਪਰ ਲੱਗਦਾ ਹੈ ਕਿ ਸਾਡੀ ਮੁਨਾਫਾਖੋਰ ਸਰਕਾਰ ਨੂੰ ਇਹ ਵੀ ਮਨਜ਼ੂਰ ਨਹੀਂ ਹੈ। ਇਸ ਲਈ ਉਹ ਆਪਣੇ ਮੁਨਾਫੇ ਲਈ ਕਰੋੜਪਤੀ ਕੰਪਨੀਆਂ ਨਾਲ਼ ਗੰਢ-ਤੁੱਪ ਕਰਕੇ ਲੋਕਾਂ ਤੋਂ ਉਹਨਾਂ ਦੀ ਰੋਜ਼ੀ ਰੋਟੀ ਦਾ ਇਕੋ ਇੱਕ ਸਾਧਨ ਜ਼ਮੀਨ, ਜਿਸ 'ਤੇ ਉਹ ਖੇਤੀ ਕਰਦੇ ਹਨ, ਉਹ ਵੀ ਖੋਹ ਲੈਣਾ ਚਾਹੁੰਦੀ ਹੈ। ਉੜੀਸਾ ਦੇ ਜਗਤ ਸਿੰਘਪੁਰ ਜ਼ਿਲ੍ਹੇ ਦੇ ਬਾਲੀਥੁਥਾ ਪਿੰਡ ਵਿੱਚ ਪਾਸਕੋ ਸਟੀਲ ਕੰਪਨੀ ਆਪਣਾ ਪ੍ਰਾਜੈਕਟ ਲਗਾਉਣਾ ਚਾਹੁੰਦੀ ਹੈ। ਇਸ ਦੇ ਲਈ ਲੋਕਾਂ ਕੋਲੋਂ ਜ਼ਮੀਨ ਹਥਿਆਉਣ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ਼ ਪ੍ਰਸ਼ਾਸਨ ਚਲਾ ਰਿਹਾ ਹੈ। ਪਰ ਲੋਕਾਂ ਨੂੰ ਇਹ ਮਨਜ਼ੂਰ ਨਹੀਂ। ਇਸ ਲਈ ਉਹਨਾਂ 26 ਜਨਵਰੀ, 2010 ਤੋਂ ਸਾਊਥ ਕੋਰੀਅਨ ਕੰਪਨੀ ਪਾਸਕੋ ਅੱਗੇ ਧਰਨਾ ਲਗਾ ਰੱਖਿਆ ਹੈ, ਜਿਸ ਨੂੰ ਰੋਕਣ ਲਈ 15 ਮਈ ਨੂੰ ਪੁਲਿਸ ਨੇ ਪ੍ਰਸ਼ਾਸਨ ਦੀ ਸ਼ਹਿ 'ਤੇ ਭਾਰੀ ਭੀੜ 'ਤੇ ਰਬੜ ਦੀਆਂ ਗੋਲੀਆਂ ਚਲਾਈਆਂ ਅਤੇ ਲੋਕਾਂ 'ਤੇ ਲਾਠੀਚਾਰਜ ਕੀਤਾ। ਜਿਸ ਨੂੰ ਰਾਜ ਦੇ ਮੁੱਖ-ਮੰਤਰੀ ਨਵੀਨ ਪਟਨਾਇਕ 'ਸ਼ਾਂਤੀਪੂਰਨ ਸਨਅਤੀਕਰਨ' ਦਾ ਨਾਂ ਦਿੰਦੇ ਹਨ। ਭਲਾ ਜੇ ਕੋਈ ਉਹਨਾਂ ਨੂੰ ਪੁੱਛਣ ਵਾਲਾ ਹੋਵੇ ਕਿ "ਜਨਾਬ! ਜੇ ਇਹ ਸ਼ਾਂਤੀਪੂਰਨ ਸਨਅਤੀਕਰਨ ਹੈ ਤਾਂ ਫਿਰ ਜੰਗਲ ਰਾਜ ਕਿਸ ਨੂੰ ਕਹਿੰਦੇ ਹਨ?"

ਸਾਰੇ ਰਾਜ ਵਿੱਚ ਇਹਨਾਂ ਕਰੋੜਪਤੀ ਕੰਪਨੀਆਂ ਜਿਵੇਂ ਟਾਟਾ ਸਟੀਲ, ਵੇਦਾਂਤਾਂ ਐਲੂਮੀਨੀਅਮ ਅਤੇ ਪਾਸਕੋ ਸਟੀਲ ਆਦਿ ਨੂੰ ਲੋਕਾਂ ਦੇ ਭਾਰੀ ਵਿਦਰੋਹ ਦਾ ਸਾਹਮਣਾ ਕਰਨਾ ਪਿਆ ਹੈ। ਟਾਟਾ ਸਟੀਲ ਕਲਿੰਗਾਨਗਰ ਜ਼ਿਲ੍ਹੇ ਵਿੱਚ ਆਦਿਵਾਸੀ ਲੋਕਾਂ ਕੋਲੋਂ ਆਪਣੇ ਪ੍ਰਾਜੈਕਟ ਲਈ 3200 ਏਕੜ ਜ਼ਮੀਨ ਖੋਹਕੇ, ਉਹਨਾਂ ਅਤੇ ਉਹਨਾਂ ਦੇ ਬੱਚਿਆਂ ਦੇ ਮੂੰਹ 'ਚੋਂ ਬੁਰਕੀ ਖੋਹ ਰਿਹਾ ਹੈ ਅਤੇ ਆਪ ਉੱਥੋਂ 6 ਮਿਲੀਅਨ ਟਨ ਸਟੀਲ ਪ੍ਰਾਪਤ ਕਰਕੇ ਕਰੋੜਾਂ ਦੇ ਮੁਨਾਫੇ ਹਾਸਲ ਕਰਨ ਦੀ ਸੋਚ ਰੱਖਦਾ ਹੈ।

ਵੇਦਾਂਤਾਂ ਐਲੂਮੀਨੀਅਮ ਲਿਮਿਟੇਡ ਨੇ ਪ੍ਰਸ਼ਾਸਨ ਦੀ ਮੱਦਦ ਨਾਲ਼ ਲਾਂਜੀਗੜ ਦੀਆਂ ਨੀਲ ਗਿਰੀ ਦੀਆਂ ਪਹਾੜੀਆਂ ਦੇ ਖੇਤਰ ਵਿੱਚ ਬਾਕਸਾਈਟ ਕੱਢਣ ਲਈ ਵੱਡੇ ਪੱਧਰ 'ਤੇ ਲੋਕਾਂ ਨੂੰ ਉਜਾੜਨਾ ਸ਼ੁਰੂ ਕੀਤਾ ਹੋਇਆ ਹੈ। ਇਹ ਕੰਪਨੀਆਂ (ਟਾਟਾ, ਪਾਸਕੋ, ਵੇਦਾਂਤਾਂ) ਰਾਜ ਤੇ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ਼ ਲੋਕਾਂ ਦੀ ਰੋਜ਼ੀ-ਰੋਟੀ ਖੋਹਣ ਲਈ ਲੱਗੇ ਹੋਏ ਹਨ। ਰਾਜ ਸਰਕਾਰ ਵੀ ਪੁਲਿਸ ਦੀ ਮੱਦਦ ਨਾਲ਼ ਇਸ ਵਿਰੁੱਧ ਲੋਕਾਂ ਦੇ ਪ੍ਰਤੀਕਰਮਾਂ ਨੂੰ ਦਬਾਕੇ ਖੂਬ ਸ਼ਾਬਾਸ਼ ਬਟੋਰ ਰਹੀ ਹੈ, ਪਰ ਨਾਲ਼ ਨਾਲ਼ ਕੰਪਨੀਆਂ ਦੇ ਨੁਮਾਇੰਦੇ ਸਰਕਾਰ ਦੇ ਮੰਤਰੀਆਂ ਦੀਆਂ ਜੇਬ੍ਹਾਂ ਦਾ ਵੀ ਖੂਬ ਖਿਆਲ ਰੱਖਦੇ ਹਨ।

2 ਜਨਵਰੀ, 2006 ਨੂੰ, 14 ਆਦਿਵਾਸੀ ਪੁਲਿਸ ਦੀ ਗੋਲ਼ੀ ਦਾ ਸ਼ਿਕਾਰ ਹੋ ਗਏ, ਜਿਹੜੇ ਕਲਿੰਗਾਨਗਰ ਵਿੱਚ ਸਰਕਾਰ ਵੱਲੋਂ ਟਾਟਾ ਸਟੀਲ ਨੂੰ ਦਿੱਤੀ ਜ਼ਮੀਨ ਅਤੇ ਆਪਣੀ ਰੋਜ਼ੀ-ਰੋਟੀ ਖੋਹੇ ਜਾਣ 'ਤੇ ਸੰਘਰਸ਼ ਕਰ ਰਹੇ ਸਨ। ਇਸ ਸੰਘਰਸ਼ ਵਿੱਚ ਸ਼ਾਮਲ ਲੋਕਾਂ 'ਤੇ ਪੁਲਿਸ ਨੇ ਫੜਕੇ ਕਰਿਮਨਲ ਕੇਸ ਦਰਜ ਕੀਤੇ ਅਤੇ ਕਈਆਂ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ।

ਮਾਰਚ, 2010 ਨੂੰ ਕਲਿੰਗਾਨਗਰ ਵਿੱਚ "ਵਿਸਥਾਪਨ ਵਿਰੋਧੀ ਜਨਮਾਰਚ" ਚਲਾਇਆ ਗਿਆ, ਜਿਸ ਨੂੰ ਇਕ ਵਾਰ ਫਿਰ ਤੋਂ ਪੁਲਿਸ ਤੇ ਪ੍ਰਸ਼ਾਸਨ ਦੀ ਵਹਿਸ਼ੀਆਨਾ ਤਾਕਤ ਦਾ ਸਾਹਮਣਾ ਕਰਨਾ ਪਿਆ। 30 ਮਾਰਚ, 2010 ਨੂੰ ਸੈਂਕੜੇ ਪੁਲਸੀਏ ਭੁੱਖੇ ਬਘਿਆੜਾਂ ਵਾਂਗ ਲੋਕਾਂ 'ਤੇ ਉਹਨਾਂ ਦੇ ਨਿਵਾਸ-ਸਥਾਨਾਂ 'ਤੇ ਹੀ ਟੁੱਟ ਪਏ ਅਤੇ ਉਹਨਾਂ 'ਤੇ ਰਬੜ ਦੀਆਂ ਗੋਲ਼ੀਆਂ ਚਲਾਈਆਂ ਅਤੇ ਲਾਠੀਚਾਰਜ ਕੀਤਾ। ਉਹਨਾਂ ਨੂੰ ਪੁਲਿਸ ਦੁਆਰਾ ਜਗ੍ਹਾ ਖਾਲੀ ਕਰਨ ਲਈ ਡਰਾਇਆ-ਧਮਕਾਇਆ ਗਿਆ।

ਪੁਲਿਸ ਤੇ ਪ੍ਰਸ਼ਾਸਨ ਦੀ ਇਸ ਮੁਜਰਮਾਨਾ ਹਰਕਤ ਤੋਂ ਕਾਫ਼ੀ ਲੋਕ ਫੱਟੜ ਹੋ ਗਏ, ਜੋ ਬਾਅਦ ਵਿੱਚ ਆਪਣੇ ਇਲਾਜ ਲਈ, ਪੁਲਿਸ ਦੁਆਰਾ ਮਾਰੇ ਜਾਣ ਜਾਂ ਫੜੇ ਜਾਣ ਦੇ ਡਰ ਤੋਂ, ਹਸਪਤਾਲ ਨਹੀਂ ਗਏ। ਜਿਸ ਕਾਰਨ ਕਈਆਂ ਦੀਆਂ ਛੋਟੀਆਂ ਛੋਟੀਆਂ ਸੱਟਾਂ ਨੇ ਉਹਨਾਂ ਦੀ ਜਾਨ ਲੈ ਕੇ ਹੀ ਖਹਿੜਾ ਛੱਡਿਆ।

ਪੁਲਿਸ ਦਾ ਕਹਿਰ ਇੱਕ ਵਾਰ ਫਿਰ ਤੋਂ ਉਹਨਾਂ ਲੋਕਾਂ 'ਤੇ ਵਰ੍ਹਿਆ, ਜਿਨ੍ਹਾਂ ਨੇ ਟਾਟਾ ਪ੍ਰਾਜੈਕਟ ਵਾਸਤੇ ਆਪਣੇ ਮਕਾਨ ਖਾਲੀ ਕਰਨ ਤੋਂ ਇਨਕਾਰ ਕੀਤਾ ਸੀ। 12 ਮਈ ਨੂੰ ਚਾਂਦੀਆ ਪਿੰਡ ਵਿੱਚ ਹੋਈ ਕਾਰਵਾਈ ਨਾਲ਼ ਲਕਸ਼ਮਨ ਜਾਮੂਦਾ ਨਾਂ ਦਾ ਸਥਾਨੀ ਨਿਵਾਸੀ ਮੌਕੇ 'ਤੇ ਹੀ ਦਮ ਤੋੜ ਗਿਆ।

ਬਾਲੀਥੁਥਾ ਪਿੰਡ ਦੀ ਘਟਨਾ

ਪ੍ਰਸ਼ਾਸਨ ਦੁਆਰਾ ਕਲਿੰਗਾਨਗਰ ਵਿੱਚ ਲੋਕਾਂ ਨੂੰ ਜ਼ਮੀਨ ਛੱਡਣ ਲਈ ਮਜਬੂਰ ਕਰਨ ਦੀਆਂ ਪੂਰੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। 15 ਮਈ 2010 ਨੂੰ ਸੈਂਕੜੇ ਪੁਲਸੀਆਂ ਨੇ ਬਾਲੀਥੁਥਾ ਦੇ ਲੋਕਾਂ ਦੇ ਉਸ ਵੇਲੇ ਘਰ ਜਲਾ ਦਿੱਤੇ, ਜਦੋਂ ਉਹ ਪਾਸਕੋ ਸਟੀਲ ਕੰਪਨੀ ਅੱਗੇ ਆਪਣੀਆਂ ਜ਼ਮੀਨਾਂ ਨਾ ਛੱਡਣ ਲਈ ਧਰਨੇ 'ਤੇ ਬੈਠੇ ਸਨ। ਮਾਲ ਦਾ ਭਾਰੀ ਨੁਕਸਾਨ ਹੋਇਆ। ਪੁਲਿਸ ਨੇ ਕਿਹਾ ਕਿ ਉਸਨੇ ਸਿਰਫ਼ ਪ੍ਰਸ਼ਾਸਨ ਦੇ ਹੁਕਮਾਂ ਦਾ ਪਾਲਣ ਕੀਤਾ ਹੈ, ਜੋ ਕਿ ਕਿਸੇ ਵੀ ਕੀਮਤ 'ਤੇ ਪਾਸਕੋ ਸਟੀਲ ਪ੍ਰਾਜੈਕਟ ਨੂੰ ਲਾਗੂ ਕਰਨਾ ਹੈ, ਚਾਹੇ ਇਸ ਲਈ ਉਹਨਾਂ ਨੂੰ ਕਿੰਨੀਆਂ ਵੀ ਲਾਸ਼ਾ ਦੇ ਢੇਰ ਤੋਂ ਲੰਘਣਾ ਪਵੇ।

ਇਸ ਘਟਨਾ ਨੇ ਲੋਕਾਂ ਅੰਦਰ ਸੰਘਰਸ਼ ਦੀ ਭਾਵਨਾ ਨੂੰ ਹੋਰ ਤਿੱਖਾ ਕਰ ਦਿੱਤਾ। ਲੋਕਾਂ ਨੇ ਧਰਨਾ ਦਿੱਤਾ ਅਤੇ ਪਿੰਡ ਦੇ ਬਾਹਰ ਲੀਕ ਖਿੱਚ ਦਿੱਤੀ, ਜਿਸ ਤੋਂ ਅੱਗੇ ਕਿਸੇ ਵੀ ਅਫ਼ਸਰ ਜਾਂ ਪੁਲਿਸਕਰਮੀ ਨੂੰ ਨਹੀਂ ਆਉਣ ਦਿੱਤਾ ਜਾਵੇਗਾ। ਸਰਕਾਰੀ

(ਬਾਕੀ ਪੰਨਾ 25 'ਤੇ)

ਲੋਕਾਂ ਦਾ ਕਵੀ ਪਾਬਲੋ ਨੇਰੂਦਾ

ਪਾਬਲੋ ਨੇਰੂਦਾ 20ਵੀਂ ਸਦੀ ਦੇ ਸਭ ਤੋਂ ਮਹਾਨ ਕਵੀਆਂ ਵਿੱਚੋਂ ਇੱਕ ਹੈ। 12 ਜੁਲਾਈ, 1904 ਨੂੰ ਚਿੱਲੀ ਵਿੱਚ ਜਨਮੇ ਇਸ ਕਵੀ ਦੀ ਕਲਮ ਰਾਹੀਂ ਆਪਣੇ ਲੋਕਾਂ ਦੇ ਦਰਦ ਅਤੇ ਬੇਇਨਸਾਫੀ, ਹਕੂਮਤੀ ਜਬਰ, ਲੁੱਟ-ਖਸੁੱਟ ਖਿਲਾਫ਼ ਰੋਹ ਤੇ ਮੁਖਾਲਫ਼ਤ ਉਸ ਦੇ ਮਰਨ ਤੱਕ ਕਾਗਜ਼ਾਂ 'ਤੇ ਉੱਘੜਦੇ ਰਹੇ। ਉਹ ਛੋਟੀ ਉਮਰੇ ਹੀ ਕਵਿਤਾਵਾਂ ਲਿਖਣ ਲੱਗ ਪਿਆ ਤੇ 1923 ਵਿੱਚ ਉਸ ਦੀ ਪਹਿਲੀ ਕਿਤਾਬ 'ਸੰਧਿਆ ਦੀ ਲੋਅ' ਛਪੀ। 1936 ਵਿੱਚ ਉਹ ਆਪਣੇ ਸਾਹਿਤਕ ਸਾਥੀਆਂ ਨਾਲ਼ ਜਨਰਲ ਫਰਾਂਕੋਂ ਦੀ ਫਾਸ਼ੀਵਾਦੀ ਸਰਕਾਰ ਖਿਲਾਫ਼ ਚੱਲ ਰਹੀ ਸਪੇਨੀ ਘਰੇਲੂ-ਜੰਗ ਵਿੱਚ ਲੜਨ ਚਲਾ ਗਿਆ। ਇਸੇ ਜੰਗ ਦੌਰਾਨ ਨੇਰੂਦਾ ਦੇ ਦੋਸਤ ਤੇ ਸਪੇਨੀ ਲੋਕ ਕਵੀ ਫੈਦਰੀਕੋ ਗਾਰਸ਼ੀਆ ਲੋਰਕਾ ਦਾ ਫਾਸ਼ੀਵਾਦੀਆਂ ਨੇ ਗੋਲੀਆਂ ਮਾਰਕੇ ਕੇ ਕਤਲ ਕਰ ਦਿੱਤਾ। ਦੂਜੀ ਸੰਸਾਰ ਜੰਗ ਦੌਰਾਨ ਨੇਰੂਦਾ ਨੇ ਨਾਜ਼ੀ ਹਿਟਲਰ ਖਿਲਾਫ਼ ਲੜ ਰਹੇ ਸੋਵੀਅਤ ਲੋਕਾਂ ਤੇ ਲਾਲ ਫੌਜ ਦੀ ਡਟ ਕੇ ਹਮਾਇਤ ਕੀਤੀ ਤੇ ਉਸ ਦੀ ਲਿਖੀ ਕਵਿਤਾ 'ਸਤਾਲਿਨਗਰਾਦ ਦੇ ਨਾਂ ਇੱਕ ਪਿਆਰ ਗੀਤ' ਦੁਨੀਆਂ ਭਰ ਵਿੱਚ ਮਕਬੂਲ ਹੋਈ। ਉਹ ਚਿੱਲੀ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਤੇ ਆਖਰੀ ਸਾਹਾਂ ਤੱਕ ਇਸ ਦਾ ਮੈਂਬਰ ਰਿਹਾ। 1948 ਵਿੱਚ ਸਰਕਾਰੀ ਦਮਨ ਚੱਕਰ 'ਤੇ ਕਮਿਊਨਿਸਟ ਪਾਰਟੀ 'ਤੇ ਲੱਗੀ ਪਾਬੰਦੀ ਕਾਰਨ ਉਸ ਨੂੰ ਦੇਸ਼ ਛੱਡਣਾ ਪਿਆ। ਉਹ ਪਹਿਲਾ ਅਰਜਨਟਾਈਨਾ ਤੇ ਫਿਰ ਮੈਕਸੀਕੋ ਰਿਹਾ। ਮੈਕਸੀਕੋ ਵਿੱਚ ਉਸ ਨੇ ਆਪਣੀ ਮਸ਼ਹੂਰ ਕਵਿਤਾ-ਪੁਸਤਕ 'ਕਾਂਟੋਂ ਜਨਰਲ' ਲਿਖੀ। 1953 ਵਿੱਚ ਉਸਨੂੰ 'ਸਤਾਲਿਨ ਸ਼ਾਂਤੀ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਗਿਆ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਹਜ਼ਾਰਾਂ-ਲੱਖਾਂ ਲੋਕਾਂ ਦੇ ਇਕੱਠ ਸਾਹਮਣੇ ਆਪਣੀਆਂ ਕਵਿਤਾਵਾਂ ਸੁਣਾਈਆਂ। ਆਪਣੇ ਦੇਸ਼ ਵਿੱਚ ਉਸ ਨੇ ਮਜ਼ਦੂਰਾਂ ਕਿਸਾਨਾਂ ਦੇ ਸੱਦੇ 'ਤੇ ਅਨੇਕਾਂ ਥਾਵਾਂ 'ਤੇ ਕਵਿਤਾ ਪਾਠ ਕੀਤਾ। 1970 ਵਿੱਚ ਉਸ ਨੂੰ ਚਿਲੀ ਦੀ ਕਮਿਊਨਿਸਟ ਪਾਰਟੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਚੁਣਿਆ ਪਰ ਉਸ ਨੇ ਆਪਣੇ ਦੋਸਤ ਤੇ ਪਾਰਟੀ ਨੇਤਾ ਸਲਵੇਡੋਰ ਆਲੈਂਡੇ ਦੇ ਹੱਕ ਵਿੱਚ ਇਹ ਉਮੀਦਵਾਰੀ ਛੱਡ ਦਿੱਤੀ। ਆਲੈਂਡੇ ਭਾਰੀ ਬਹੁਮਤ ਨਾਲ਼ ਜਿੱਤਿਆ। ਸੱਤਾ ਸੰਭਾਲਦੇ ਹੀ ਆਲੈਂਡੇ ਸਰਕਾਰ ਨੇ ਚਿੱਲੀ ਦੀਆਂ ਤਾਂਬੇ ਦੀਆਂ ਖਾਨਾਂ ਦਾ ਕੌਮੀਕਰਨ ਕਰ ਦਿੱਤਾ। ਇਸੇ ਦੌਰਾਨ ਨੇਰੂਦਾ ਦੀ ਨਿਯੁਕਤੀ ਫਰਾਂਸ ਵਿੱਚ ਰਾਜਦੂਤ ਵਜੋਂ ਹੋ ਗਈ। 1971 ਵਿੱਚ ਉਸ ਨੂੰ ਬੁੱਧੀਜੀਵੀਆਂ ਦੇ ਬਹੁਤ ਜ਼ਿਆਦਾ ਵਿਰੋਧ ਦੇ ਬਾਵਜੂਦ ਸਾਹਿਤ ਦਾ ਨੋਬਲ ਇਨਾਮ ਦਿੱਤਾ ਗਿਆ। ਉੱਥੇ ਰਹਿੰਦੇ ਕੈਂਸਰ ਦੀ ਬੀਮਾਰੀ ਨਾਲ਼ ਉਸ ਦੀ ਸਿਹਤ ਖਰਾਬ ਹੋ ਗਈ ਤੇ ਢਾਈ ਸਾਲਾਂ ਬਾਅਦ ਹੀ ਉਸ ਨੂੰ ਦੇਸ਼ ਵਾਪਸ ਪਰਤਣਾ ਪਿਆ। ਸਤੰਬਰ, 1973 ਵਿੱਚ ਅਮਰੀਕਾ ਪੱਖੀ ਫੌਜੀ ਜਨਰਲ ਅਗਸਤੋ ਪਿਨੋਸ਼ੇ ਨੇ ਰਾਜ ਪਲਟਾ ਕਰ ਦਿੱਤਾ ਅਤੇ ਰਾਸ਼ਟਰਪਤੀ ਆਲੈਂਡੇ ਦਾ ਉਸ ਦੇ ਦਫ਼ਤਰ ਵਿੱਚ ਮਸ਼ੀਨਗੰਨਾਂ ਦੀ ਫਾਇਰਿੰਗ ਨਾਲ਼ ਕਤਲ ਕਰ ਦਿੱਤਾ ਗਿਆ। ਨੇਰੂਦਾ ਉਸ ਸਮੇਂ ਹਸਪਤਾਲ ਵਿੱਚ ਦਾਖਲ ਸੀ। ਉਸ ਕੋਲ਼ ਫੌਜੀ ਆਏ ਤਾਂ ਉਸ ਨੇ ਕਿਹਾ "ਤੁਹਾਨੂੰ ਮੇਰੇ ਤੋਂ ਇੱਕੋ ਖਤਰਾ ਹੈ, ਮੇਰੀ ਕਵਿਤਾ।" 23 ਸਤੰਬਰ, 1973 ਨੂੰ ਮਿਹਨਤਕਸ਼ ਲੋਕਾਂ ਦਾ ਇਹ ਮਹਾਨ ਕਲਮੀ ਯੋਧਾ ਸਦਾ ਲਈ ਚੁੱਪ ਹੋ ਗਿਆ। 69 ਸਾਲ ਚਾਨਣ ਵੰਡਦੇ ਰਹੇ ਇਸ ਸਰੀਰ ਨੂੰ ਅੰਤਮ ਵਿਦਾਇਗੀ ਦੇਣ ਲਈ ਸੈਂਟੀਆਗੋ ਸ਼ਹਿਰ ਵਿੱਚ ਕਰਫਿਊ ਅਤੇ ਇਕੱਠੇ ਨਾ ਹੋਣ ਦੇ ਕਰੜੇ ਫਾਸ਼ੀਵਾਦੀ ਹੁਕਮਾਂ ਦੇ ਬਾਵਜੂਦ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ। ਨੇਰੂਦਾ ਦੀ ਕਵਿਤਾ ਬੇਇਨਸਾਫ਼ੀ ਤੇ ਲੁੱਟ-ਖਸੁੱਟ ਦੇ ਖਿਲਾਫ਼ ਲੜਨ ਵਾਲ਼ਿਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ। ਪੇਸ਼ ਹੈ ਇਸ ਮਹਾਨ ਕਵੀ ਦੀ ਕਲਮ 'ਚੋਂ ਨਿਕਲੀ ਇੱਕ ਕਵਿਤਾ —

ਹੌਲ਼ੀ ਹੌਲ਼ੀ ਮਰਨਾ...

ਉਹ ਜੋ
ਆਦਤ ਦਾ ਗੁਲਾਮ ਬਣ ਜਾਂਦਾ ਹੈ
ਇੱਕੋ ਰਸਤੇ ਚਲਦਾ ਹੈ
ਕਦੇ ਰਫ਼ਤਾਰ ਨਹੀਂ ਬਦਲਦਾ
ਜੋ ਕੱਪੜਿਆਂ ਦਾ ਰੰਗ ਬਦਲਣ ਲਈ ਵੀ
ਜੋਖ਼ਮ ਨਹੀਂ ਉਠਾਉਂਦਾ।
ਜੋ ਬੋਲਦਾ ਨਹੀਂ ਤੇ ਮਹਿਸੂਸ ਨਹੀਂ ਕਰਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਜਨੂੰਨ ਤੋਂ ਬਚਦਾ ਹੈ
ਚਿੱਟੇ ਦੀ ਥਾਂ ਕਾਲ਼ੇ ਨੂੰ ਤਰਜੀਹ ਦਿੰਦਾ ਹੈ
ਜੋ ਭਾਵਨਾਵਾਂ ਦੀ ਪੰਡ ਹੋਣ ਦੀ ਥਾਂ
ਇੱਕੋ ਜਿਹਾ ਚਿਹਰਾ ਬਣਾਈ ਰੱਖਦਾ ਹੈ
ਪਿਆਰ ਵਿੱਚ ਵੀ,
ਜਿਸ ਨੂੰ ਦੇਖ ਮੱਧਮ ਹੋ ਜਾਂਦੀ ਹੈ
ਤੁਹਾਡੀਆਂ ਅੱਖਾਂ ਦੀ ਰੋਸ਼ਨੀ
ਜੋ ਉਬਾਸੀ ਨੂੰ ਮੁਸਕਰਾਹਟ 'ਚ ਬਦਲ ਲੈਂਦਾ ਹੈ
ਜਿਸ ਨੂੰ ਹੌਲ ਪੈਣ ਲੱਗਦੇ ਹਨ
ਗਲਤੀਆਂ ਤੇ ਜਜ਼ਬਾਤਾਂ ਦਾ ਸਾਹਮਣਾ ਕਰਨ ਲੱਗੇ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਚੀਜ਼ਾਂ ਨੂੰ ਉਲਟਾ-ਪੁਲਟਾ ਨਹੀਂ ਕਰਦਾ
ਜੋ ਕੰਮ ਕਰਦਾ ਖੁਸ਼ ਨਹੀਂ
ਜੋ ਇੱਕ ਸੁਪਨੇ ਦਾ ਪਿੱਛਾ ਕਰਦੇ ਹੋਏ
ਅਸਥਿਰਤਾ ਲਈ ਸਥਿਰਤਾ ਛੱਡਣ ਦਾ
ਖਤਰਾ ਨਹੀਂ ਉਠਾਉਂਦਾ
ਜੋ ਜ਼ਿੰਦਗੀ 'ਚ ਇੱਕ ਵਾਰ ਵੀ 'ਨਰੋਈ' ਸਲਾਹ ਨਹੀਂ
ਠੁਕਰਾਂਉਂਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਯਾਤਰਾਵਾਂ ਨਹੀਂ ਕਰਦਾ
ਜੋ ਪੜ੍ਹਦਾ ਨਹੀਂ
ਸੰਗੀਤ ਨਹੀਂ ਮਾਣਦਾ
ਖੁਦ ਵਿੱਚ ਕੋਈ ਸੁਹੱਪਣ ਨਹੀਂ ਦੇਖਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਹੌਲ਼ੀ ਹੌਲ਼ੀ ਆਪਣਾ ਸਵੈਮਾਣ ਖਤਮ ਕਰ
ਲੈਂਦਾ ਹੈ
ਖ਼ੁਦ ਦੀ ਮੱਦਦ ਪ੍ਰਵਾਨ ਨਹੀਂ ਕਰਦਾ
ਜੋ ਮਾੜੀ ਕਿਸਮਤ ਦੀਆਂ
ਕਦੇ ਨਾ ਰੁਕਣ ਵਾਲ਼ੀ ਬਾਰਿਸ਼ ਦੀਆਂ
ਸ਼ਿਕਾਇਤਾਂ ਕਰਦੇ ਹੋਏ ਦਿਨ ਕੱਟਦਾ ਹੈ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਕੋਈ ਯੋਜਨਾ ਤਿਆਗ ਦਿੰਦਾ ਹੈ
ਸ਼ੁਰੂ ਕਰਨ ਤੋਂ ਪਹਿਲਾਂ ਹੀ
ਨਹੀਂ ਪੁੱਛਦਾ ਸਵਾਲ ਉਹਨਾਂ ਮਸਲਿਆਂ ਬਾਰੇ
ਜਿਹਨਾਂ ਬਾਰੇ ਉਸ ਨੂੰ ਪਤਾ ਨਹੀਂ
ਤੇ ਉਸ ਦਾ ਉੱਤਰ ਨਹੀਂ ਦਿੰਦਾ
ਜਿਸ ਬਾਰੇ ਉਹ ਜਾਣਦਾ ਹੁੰਦਾ ਹੈ
ਹੌਲ਼ੀ ਹੌਲ਼ੀ ਮਰਦਾ ਹੈ...

ਆਉ ਕੋਸ਼ਿਸ਼ ਕਰੀਏ
ਕਿਸ਼ਤਾਂ 'ਚ ਆਉਂਦੀ ਮੌਤ ਤੋਂ ਬਚੀਏ
ਖ਼ੁਦ ਨੂੰ ਯਾਦ ਦਵਾਉਂਦੇ ਹੋਏ
ਕਿ ਜ਼ਿੰਦਾ ਰਹਿਣ ਲਈ
ਸਾਹ ਲੈਣ ਤੋਂ ਵੱਧ ਕੋਸ਼ਿਸ਼ ਕਰਨੀ ਪੈਂਦੀ ਹੈ
ਤੇ ਸਿਰਫ਼ ਮੱਚਦਾ ਸਬਰ ਹੀ ਲੈ ਕੇ ਜਾਵੇਗਾ ਸਾਨੂੰ
ਸ਼ਾਨਾਮੱਤੀ ਖੁਸ਼ੀ ਤੱਕ...

✲ ✲ ✲ ✲ ✲

ਸਾਹਿਤ ਦਾ ਸੱਚ ਕੀ ਹੈ ?

—ਨਿਕੋਲਾਈ ਅਲੇਗਜ਼ਾਂਦਰੋਵਿਚ ਦੋਬਰੋਲਿਊਬੋਵ

ਲੇਖਕ ਜਾਂ ਕਲਾਕਾਰ ਦੀ ਸਫਲਤਾ ਉਸ ਦੁਆਰਾ ਚਿਤਰੀਆਂ ਤਸਵੀਰਾਂ ਵਿੱਚ ਵਿਦਮਾਨ ਹੁੰਦੀ ਹੈ। ਜੇਕਰ ਉਨ੍ਹਾਂ ਵਿੱਚ ਸੱਚਾਈ ਨਹੀਂ ਹੈ, ਤਾਂ ਉਨ੍ਹਾਂ ਤੋਂ ਗਲਤ ਸਿੱਟੇ ਕੱਢੇ ਜਾਣਗੇ ਅਤੇ ਝੂਠੇ ਵਿਚਾਰਾਂ ਦਾ ਜਨਮ ਹੋਵੇਗਾ. ਪਰ ਕਲਾਤਮਕ ਤਸਵੀਰਾਂ ਦਾ ਸੱਚ ਕੀ ਹੈ ? ਸੱਚ ਪੁੱਛੋ ਤਾਂ, ਲੇਖਕ ਪਰਮ ਪੂਰਨ ਝੂਠ ਦੀ ਕਦੇ ਖ਼ੋਜ ਨਹੀਂ ਕਰਦੇ। ਬੇਹੱਦ ਬੇਹੂਦਾ ਨਾਵਲਾਂ ਅਤੇ ਬੇਲੋੜੀਆਂ ਨਾਟਕੀ ਰਚਨਾਵਾਂ ਬਾਰੇ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਵਾਸਨਾ ਜਾਂ ਤੁੱਛਤਾ ਦੇ ਜਿਨ੍ਹਾਂ ਬਵੰਡਰਾਂ ਦਾ ਚਿੱਤਰ ਖਿੱਚਦੇ ਹਨ, ਉਹ ਪੂਰੀ ਤਰ੍ਹਾਂ ਝੂਠੇ ਹੁੰਦੇ ਹਨ, ਕਿ ਅਸੀਂ ਉਨ੍ਹਾਂ ਨੂੰ ਭਿਅੰਕਰ ਇਤਫਾਕੀਆ ਘਟਨਾਵਾਂ ਦੀ ਸੂਚੀ ਵਿੱਚ ਨਹੀਂ ਰੱਖ ਸਕਦੇ। ਪਰ ਅਜਿਹੀ ਕਿਸਮ ਦੇ ਨਾਵਲਾਂ ਅਤੇ ਅਤਿ ਨਾਟਕੀ ਨਾਟਕਾਂ ਦਾ ਝੂਠ, ਠੀਕ ਇਸੇ ਗੱਲ ਵਿੱਚ ਵਿਦਮਾਨ ਹੈ ਕਿ ਉਹ ਅਸਲੀ ਜੀਵਨ ਦੇ ਇਤਫਾਕੀਆ ਅਤੇ ਬਣਾਉਟੀ ਰੂਪਾਂ ਨੂੰ ਇਵੇਂ ਪੇਸ਼ ਕਰਦੇ ਹਨ ਮੰਨੋ ਉਹ ਹੀ ਅਸਲੀਅਤ ਦੇ ਲੱਛਣ ਪ੍ਰਗਟ ਕਰਦੇ ਹੋਣ, ਭਾਵੇਂ ਉਹ ਸ੍ਰੇਸ਼ਟ ਲੱਛਣਾਂ ਨੂੰ ਪ੍ਰਗਟ ਨਹੀਂ ਕਰਦੇ। ਉਹ ਇਸ ਲਈ ਵੀ ਝੂਠ ਹੁੰਦੇ ਹਨ ਕਿ ਜੇਕਰ ਅਸੀਂ ਉਨ੍ਹਾਂ ਦੇ ਅਧਾਰ 'ਤੇ ਸਿਧਾਂਤਕ ਵਿਚਾਰਾਂ ਦੀ ਪੇਸ਼ਕਾਰੀ ਕਰੀਏ ਤਾਂ ਪੂਰੀ ਤਰ੍ਹਾਂ ਝੂਠੇ ਵਿਚਾਰ ਜਨਮ ਲੈਣਗੇ। ਉਦਾਹਰਣ ਲਈ ਕੁੱਝ ਲੇਖਕ ਹਨ ਜੋ ਆਪਣੀ ਪ੍ਰਤਿਭਾ ਦਾ ਉਪਯੋਗ ਕਾਮੁਕਤਾ ਭਰੇ ਦ੍ਰਿਸ਼ਾਂ ਦਾ ਚਿਤਰਨ ਕਰਨ ਲਈ ਕਰਦੇ ਹਨ ਅਤੇ ਇਹ ਸਭ ਉਹ ਇਵੇਂ ਕਰਦੇ ਹਨ ਜਿਵੇਂ ਸੱਚਾ ਮਨੁੱਖੀ ਸੁੱਖ ਇਸੇ 'ਚ ਚੁੱਭੀਆਂ ਲਗਾਉਣ ਵਿੱਚ ਪਿਆ ਹੋਵੇ। ਕਹਿਣ ਦੀ ਲੋੜ ਨਹੀਂ ਕਿ ਇਹੋ ਜਿਹੇ ਨਤੀਜੇ ਨੂੰ ਬੇਹੂਦਾ ਤੋਂ ਬਿਨਾਂ ਹੋਰ ਕੁੱਝ ਨਹੀਂ ਕਿਹਾ ਜਾ ਸਕਦਾ, ਭਾਵੇਂ ਅਜਿਹੇ ਲੋਕਾਂ ਦੀ ਹੋਂਦ ਅਸਲੀ ਜੀਵਨ ਵਿੱਚ ਦੇਖੀ ਜਾ ਸਕਦੀ ਹੈ ਜੋ (ਉਨ੍ਹਾਂ ਦਾ ਵਿਕਾਸ ਹੀ ਉਸ ਪੱਧਰ ਤੋਂ ਅੱਗੇ ਨਹੀਂ ਵੱਧ ਸਕਿਆ) ਇਸ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਦੇ ਸੁੱਖ ਜਾਂ ਆਨੰਦ ਦੀ ਕਲਪਨਾ ਕਰਨ 'ਚ ਅਸਮਰਥ ਹੁੰਦੇ ਹਨ... ਇਸ ਤਰ੍ਹਾਂ ਕਹਿਣਾ ਚਾਹੀਦਾ ਹੈ ਕਿ ਹਰ ਤਰ੍ਹਾਂ ਦਾ ਇਕਲਾਪਾ ਅਤੇ ਆਤਮ ਨਿਰੰਤਰਤਾ ਕਲਾਕਾਰ ਨੂੰ ਸੱਚ ਦੀ ਪੂਰਨ ਛਾਣਬੀਣ ਨਹੀਂ ਕਰਨ ਦਿੰਦੀ। ਸਿੱਟੇ ਵਜੋਂ ਜਾਂ ਤਾਂ ਸਮੁੱਚੀ ਦੁਨੀਆਂ ਦੇ ਬਾਰੇ ਆਪਣੇ ਸਰਲ, ਬੱਚਿਆਂ ਜਿਹੇ ਪ੍ਰਤੱਖ ਨਜ਼ਰੀਏ ਨੂੰ ਸਾਬਤ ਰੱਖਣ, ਜਾਂ ਫਿਰ (ਕਿਉਂਕਿ ਜ਼ਿੰਦਗੀ ਵਿੱਚ ਇਹ ਪੂਰੀ ਤਰਾਂ ਅਸੰਭਵ ਹੈ) ਸਿਆਣਪ ਤੋਂ ਕੰਮ ਲੈਣ ਵਾਲ਼ੇ ਲੋਕਾਂ ਦੁਆਰਾ ਵਿਕਸਿਤ ਸਧਾਰਨ ਵਿਚਾਰਾਂ ਨੂੰ ਆਤਮਸਾਤ ਕਰਕੇ ਜਿੰਨਾਂ ਵੀ ਸੰਭਵ ਹੋਵੇ ਆਪਣਾ ਨਜ਼ਰੀਆ ਵਿਆਪਕ ਬਣਾਉਣ। ਇੰਞ ਉਹ ਖ਼ੁਦ ਨੂੰ ਇਕਲਾਪੇ ਤੋਂ ਬਚਾ ਸਕਦਾ ਹੈ। ਇੰਨਾ ਹੀ ਨਹੀਂ। ਇਸ ਤਰ੍ਹਾਂ ਕਲਾ ਅਤੇ ਵਿਗਿਆਨ ਦਰਮਿਆਨ ਜੋ ਰਿਸ਼ਤਾ ਹੈ, ਉਹ ਵੀ ਪ੍ਰਗਟ ਹੋਵੇਗਾ। ਉੱਚਤਮ ਚਿੰਤਨ ਦਾ ਜ਼ਿੰਦਾ ਤਸਵੀਰਾਂ ਵਿੱਚ ਖੁੱਲ੍ਹਾ ਰੁਪਾਂਤਰ ਅਤੇ ਇਸੇ ਦੇ ਨਾਲ਼-ਨਾਲ਼, ਜੀਵਨ ਦੇ ਹਰੇਕ (ਇੱਥੋਂ ਤੱਕ ਕਿ ਬੇਹੱਦ ਵਿਅਕਤੀਗਤ ਅਤੇ ਇਤਫਾਕੀਆ) ਤੱਥਾਂ ਦੇ ਸਾਧਾਰਨ, ਉੱਚੇ ਅਰਥ ਦੀ ਪੂਰੀ ਸਮਝ ਹੀ ਸਾਡਾ ਉਹ ਆਦਰਸ਼ ਹੈ ਜਿਸ ਵਿੱਚ ਵਿਗਿਆਨ ਅਤੇ ਕਵਿਤਾ ਇੱਕ-ਦੂਸਰੇ ਨਾਲ਼ ਮਿਲ ਕੇ ਪੂਰੀ ਤਰ੍ਹਾਂ ਇੱਕ ਮਿੱਕ ਹੋ ਜਾਂਦੇ ਹਨ, ਇੱਕ ਅਜਿਹਾ ਆਦਰਸ਼ ਜਿਸ ਤੱਕ ਅਜੇ ਕੋਈ ਨਹੀਂ ਪਹੁੰਚ ਸਕਿਆ। ਅਣ-ਵਿਕਸਿਤ ਜਾਂ ਬਣਾਉਟੀ ਢੰਗ ਨਾਲ਼ ਵਿਕਸਿਤ ਲੇਖਕ ਦੀ ਤੁਲਨਾ ਵਿੱਚ ਉਸ ਲੇਖਕ ਦੀ ਹਾਲਤ ਕਿਤੇ ਚੰਗੀ ਹੈ ਜਿਸ ਦੇ ਸਾਧਾਰਨ ਵਿਚਾਰਾਂ ਦਾ ਨਿਰਦੇਸ਼ਨ ਕਰਨ ਦੇ ਲਈ ਸਹੀ ਸਿਧਾਂਤ ਮੌਜੂਦ ਹੈ। ਉਹ ਵਧੇਰੇ ਮੁਕਤ ਹੋ ਕੇ ਆਪਣੇ ਕਲਾਤਮਕ ਸੁਭਾਅ ਦੀ ਪ੍ਰੇਰਨਾਵਾਂ ਮੁਤਾਬਕ ਚੱਲ ਸਕਦਾ ਹੈ। ਉਸਦੀਆਂ ਪ੍ਰਤੱਖ ਭਾਵਨਾਵਾਂ ਉਸਦੀ ਸਦਾ ਸੱਚੀ ਅਗਵਾਈ ਕਰਨਗੀਆਂ। ਆਪਣੇ ਟੀਚੇ ਤੱਕ ਪਹੁੰਚਣ 'ਚ ਉਸਨੂੰ ਔਖਿਆਈ ਨਹੀਂ ਹੋਵੇਗੀ। ਪਰ ਜੇਕਰ ਲੇਖਕ ਦੇ ਸਾਧਾਰਨ ਵਿਚਾਰ ਝੂਠੇ ਹਨ, ਤਾਂ ਉਸਦਾ ਅੰਦਰਲਾ ਜ਼ਰੂਰ ਹੀ ਦਵੰਦਾਂ ਦਾ ਸ਼ਿਕਾਰ ਹੋਵੇਗਾ, ਸ਼ੱਕ ਅਤੇ ਅਨਿਸ਼ਚਿਤਤਾ ਤੋਂ ਪ੍ਰੇਸ਼ਾਨ ਰਹੇਗਾ। ਇਸ ਸਭ ਦੇ ਸਿੱਟੇ ਵਜੋਂ, ਸੰਭਵ ਹੈ ਕਿ ਉਸਦੀਆਂ ਰਚਨਾਵਾਂ ਪੂਰੀ ਤਰ੍ਹਾਂ ਝੂਠੀਆਂ ਨਾ ਹੋਣ, ਫਿਰ ਵੀ ਇੰਨਾ ਤਾਂ ਹੈ ਹੀ ਕਿ ਉਹ ਕਮਜ਼ੋਰ, ਬੇਰੰਗ ਅਤੇ ਬੇਸੁਰੀਆਂ ਹੋਣਗੀਆਂ ਇਸਦੇ ਉਲਟ ਕਲਾਕਾਰ ਦੇ ਸਾਧਾਰਨ ਵਿਚਾਰ ਜਦ ਸਹੀ ਹੁੰਦੇ ਹਨ ਅਤੇ ਉਸਦੇ ਸੁਭਾਅ ਦੇ ਸੁਰ ਨਾਲ਼ ਜਦ ਉਸਦੇ ਸੁਰ ਦਾ ਸੰਪੂਰਨ ਮੇਲ ਹੁੰਦਾ ਹੈ, ਤਦ ਇਹ ਏਕਤਾ ਅਤੇ ਦਵੰਦਮਈਤਾ ਉਸਦੀਆਂ ਰਚਨਾਵਾਂ ਵਿੱਚ ਵੀ ਪ੍ਰਤੀਬਿੰਬਤ ਹੋਏ ਬਿਨਾ ਨਹੀਂ ਰਹਿ ਸਕਦੇ। ਤਦ ਯਥਾਰਥ ਵੱਧ ਨਿਖਾਰ ਨਾਲ਼ ਉਸਦੀਆਂ ਰਚਨਾਵਾਂ ਵਿੱਚ ਪ੍ਰਤੀਬਿੰਬਤ ਹੁੰਦਾ ਹੈ। ਉਸਦੇ ਅਧਾਰ 'ਤੇ ਸਮਝਦਾਰ ਲੋਕਾਂ ਲਈ ਸਹੀ ਨਤੀਜਿਆਂ 'ਤੇ ਪਹੁੰਚਣਾ ਵਧੇਰੇ ਅਸਾਨ ਹੋ ਜਾਂਦਾ ਹੈ। ਇਸ ਲਈ ਜੀਵਨ ਵਿੱਚ ਉਨ੍ਹਾਂ ਦਾ ਵੱਧ ਮਹੱਤਵ ਹੁੰਦਾ ਹੈ। ♦

ਸਰਗਰਮੀਆਂ

ਭੋਪਾਲ ਗੈਸ ਕਾਂਡ ਦੇ ਪੀੜਤਾਂ ਦੇ ਹੱਕ ਵਿੱਚ ਰੋਸ ਮੁਜਾਹਰਾ ਹੋਇਆ

ਭੋਪਾਲ ਗੈਸ ਕਾਂਡ ਦੇ ਸਬੰਧ ਵਿਚ ਆਏ ਘ੍ਰਿਣਤ ਅਦਾਲਤੀ ਫੈਸਲੇ ਖਿਲਾਫ ਲੁਧਿਆਣੇ ਦੀਆਂ ਇਨਸਾਫ਼ਪਸੰਦ-ਜਮਹੂਰੀ ਜਥੇਬੰਦੀਆਂ ਵੱਲੋਂ ਮਿਨੀ ਸੈਕਟਰੀਏਟ ਵਿਖੇ 15 ਜੂਨ ਨੂੰ ਸਾਂਝਾ ਰੋਸ ਮੁਜਾਹਰਾ ਕਰਕੇ ਰਾਸ਼ਟਰਪਤੀ ਦੇ ਨਾਂ ਡੀ. ਸੀ. ਲੁਧਿਆਣੇ ਨੂੰ ਮੰਗ ਪੱਤਰ ਸੌਂਪਿਆ ਗਿਆ ਅਤੇ ਮੰਗ ਕੀਤੀ ਗਈ ਕਿ ਭੋਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਮਾਮੂਲੀ ਜਿਹੀਆਂ ਸਜ਼ਾਵਾਂ ਸੁਣਾਉਣ ਵਾਲੇ 7 ਜੂਨ ਨੂੰ ਆਏ ਅਦਾਲਤੀ ਫੈਸਲੇ ਨੂੰ ਰੱਦ ਕੀਤਾ ਜਾਵੇ ਅਤੇ ਦੋਸ਼ੀਆਂ ਨੂੰ ਕਠੋਰ ਸਜ਼ਾਵਾਂ ਦਿੱਤੀਆਂ ਜਾਣ। ਮੰਗ ਕੀਤੀ ਗਈ ਕਿ ਉਸ ਸਮੇਂ ਕੇਂਦਰ ਦੀ ਰਾਜੀਵ ਗਾਂਧੀ ਸਰਕਾਰ ਅਤੇ ਮੱਧ ਪ੍ਰਦੇਸ਼ ਦੀ ਅਰਜੁਨ ਸਿੰਘ ਸਰਕਾਰ ਦੀ ਮਿਲੀਭੁਗਤ ਨਾਲ ਦੇਸ਼ ਤੋਂ ਭਜਾਏ ਗਏ ਯੂਨੀਅਨ ਕਾਰਬਾਈਡ ਕੰਪਨੀ ਦੇ ਸਾਬਕਾ ਮੁਖੀ ਵਾਰਨ ਐਂਡਰਸਨ ਨੂੰ ਅਮਰੀਕਾ ਤੋਂ ਮੁੜ ਭਾਰਤ ਲਿਆਂਦਾ ਜਾਵੇ ਅਤੇ ਉਸ ਸਮੇਤ ਹੋਰਨਾਂ ਮੁਖ ਦੋਸ਼ੀਆਂ ਨੂੰ ਫਾਹੇ ਲਾਇਆ ਜਾਵੇ। ਜਥੇਬੰਦੀਆਂ ਨੇ ਮੰਗ ਕੀਤੀ ਕਿ ਭੋਪਾਲ ਗੈਸ ਕਾਂਡ ਦੇ ਪੀੜਤਾਂ ਨੂੰ ਉਚਿਤ ਮੁਆਵਾਜ਼ਾ ਦਿੱਤਾ ਜਾਵੇ ਅਤੇ ਉਜੜੇ ਲੋਕਾਂ ਦੇ ਵਸੇਬੇ ਦਾ ਯੋਗ ਪ੍ਰਬੰਧ ਹੋਵੇ।

ਰੋਸ਼ ਮੁਜਾਹਰੇ ਦੌਰਾਨ ਸੰਬੋਧਨ ਕਰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਆਖਿਆ ਕਿ 20 ਹਜ਼ਾਰ ਤੋਂ ਵੱਧ ਲੋਕਾਂ ਦੇ ਹੱਤਿਆਰਿਆਂ ਨੂੰ ਮਾਮੂਲੀ ਜਿਹੀਆਂ ਸਜ਼ਾਵਾਂ ਸੁਣਾ ਕੇ ਭਾਰਤ ਦੇ ਨਿਆਂ ਪ੍ਰਬੰਧ ਨੇ ਭੋਪਾਲ ਗੈਸ ਕਾਂਡ ਦੇ ਪੀੜਤਾਂ ਨਾਲ਼ ਕੋਝਾ ਮਜਾਕ ਕੀਤਾ ਹੈ। ਉਹਨਾਂ ਆਖਿਆ ਕਿ ਇਹ ਫੈਸਲਾ ਸਿੱਧੇ ਰੂਪ 'ਚ ਇਹ ਐਲਾਨ ਕਰਦਾ ਹੈ ਕਿ ਲੋਕਾਂ ਨੂੰ ਭਾਰਤ ਦੇ ਨਿਆਂ ਪ੍ਰਬੰਧ ਤੋਂ ਨਿਆਂ ਦੀ ਉਮੀਦ ਪਾਲਣੀ ਬੰਦ ਕਰ ਦੇਣੀ ਚਾਹੀਦੀ ਹੈ। ਇਹ ਫੈਸਲਾ ਐਲਾਨ ਕਰਦਾ ਹੈ ਕਿ ਭਾਰਤ ਦਾ ਰਾਜ ਪ੍ਰਬੰਧ ਲੋਕਾਂ ਦੀ ਬੇਕਿਰਕ ਲੁੱਟ ਕਰਨ ਵਾਲੇ, ਉਹਨਾਂ ਦੀਆਂ ਜ਼ਿੰਦਗੀਆਂ ਨਾਲ਼ ਖਿਲਵਾੜ ਕਰਨ ਵਾਲੇ ਪੂੰਜੀਪਤੀਆਂ-ਸਾਮਰਾਜਵਾਦੀਆਂ ਖਿਲਾਫ਼ ਕਦੇ ਨਹੀਂ ਜਾਏਗਾ। ਆਗੂਆਂ ਨੇ ਲੋਕਾਂ ਨੂੰ ਇਸ ਅਨਿਆਂਪੂਰਨ ਪ੍ਰਬੰਧ ਖਿਲਾਫ਼ ਇਕਜੁਟ ਹੋ ਕੇ ਉੱਠ ਖਲੋਣ ਦਾ ਸੱਦਾ ਦਿੱਤਾ।

ਰੋਸ਼ ਮੁਜਾਹਰੇ ਦੌਰਾਨ ਕਾਰਖਾਨਾ ਮਜ਼ਦੂਰ ਯੂਨੀਅਨ, ਲੁਧਿਆਣਾ ਦੇ ਆਗੂ ਰਾਜਵਿੰਦਰ, ਨੌਜਵਾਨ ਭਾਰਤ ਸਭਾ ਦੇ ਆਗੂ ਡਾ. ਪਰਮਿੰਦਰ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ ਦੇ ਆਗੂ ਵਿਜੇ ਨਰਾਇਣ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਅਤੇ ਲੋਕ ਮੋਰਚਾ ਪੰਜਾਬ ਦੇ ਆਗੂ ਕਸਤੂਰੀ ਲਾਲ ਨੇ ਸੰਬੋਧਨ ਕੀਤਾ।

✡ ✡ ✡ ✡ ✡ ✡ ✡

ਮਾਲਕਾਂ ਦੀ ਮੁਨਾਫੇ ਦੀ ਹਵਸ ਦਾ ਸ਼ਿਕਾਰ ਹੋਇਆ ਇੱਕ ਹੋਰ ਮਜ਼ਦੂਰ
ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ 'ਚ ਸੰਘਰਸ਼

ਲੁਧਿਆਣਾ ਸ਼ਹਿਰ ਭਾਰਤ ਦੇ ਮੈਨਚੈਸਟਰ ਵਜੋਂ ਜਾਣਿਆ ਜਾਂਦਾ ਹੈ। ਪਰ ਉਹ ਕਿਰਤੀ ਲੋਕ ਜਿਨ੍ਹਾਂ ਦੀ ਬਦੌਲਤ ਇਸ ਸ਼ਹਿਰ ਨੂੰ ਇਹ ਦਰਜਾ ਪ੍ਰਾਪਤ ਹੋਇਆ ਹੈ ਉਹ ਨਾ ਸਿਰਫ਼ ਮੁਨਾਫ਼ਾਖੋਰੀ ਦੀ ਚੱਕੀ 'ਚ ਪਿਸਦੇ ਹੋਏ ਅਤਿਅੰਤ ਗਰੀਬੀ, ਕੰਗਾਲੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤੇ ਗਏ ਹਨ ਸਗੋਂ ਇਸ ਤੋਂ ਵੀ ਭਿਆਨਕ ਤੱਥ ਇਹ ਹੈ ਕਿ ਇਸ ਮਹਾਨ ਸਨਅਤੀ ਸ਼ਹਿਰ ਦੀ ਰੀੜ ਦੀ ਹੱਡੀ ਸਨਅਤੀ ਮਜ਼ਦੂਰਾਂ ਨੂੰ ਭਿਆਨਕ ਅਸੁੱਰਖਿਅਤ ਹਾਲਤਾਂ ਹੇਠ ਕੰਮ ਕਰਨਾ ਪੈ ਰਿਹਾ ਹੈ। ਕਾਰਖਾਨਿਆਂ ਦੇ ਮੁਨਾਫਾਖੋਰ ਮਾਲਕਾਂ ਦੀ ਦਰਿੰਦਗੀ ਏਨੀ ਵੱਧ ਚੁੱਕੀ ਹੈ ਕਿ ਜਟਿਲ ਮਸ਼ੀਨਰੀ 'ਤੇ ਕੰਮ ਕਰਦੇ ਹੋਏ ਰੋਜ਼ਾਨਾ ਅਨੇਕਾਂ ਮਜ਼ਦੂਰ ਅਪਾਹਿਜ ਹੋ ਰਹੇ ਹਨ, ਆਪਣੀਆਂ ਜਾਨਾਂ ਗਵਾ ਰਹੇ ਹਨ ਪਰ ਉਹ ਮਜ਼ਦੂਰਾਂ ਦੀ ਸੁਰੱਖਿਆ ਲਈ ਇਕ ਵੀ ਧੇਲਾ ਖਰਚ ਕਰਨ ਲਈ ਤਿਆਰ ਨਹੀਂ ਹਨ।

ਅਜਿਹੀਆਂ ਘਟਨਾਵਾਂ ਦੀ ਲਿਸਟ ਬਹੁਤ ਲੰਬੀ ਹੈ। ਪਰ ਅਸੀਂ ਇੱਕ ਤਾਜ਼ਾ ਘਟਨਾ ਦਾ ਜ਼ਿਕਰ ਕਰਾਂਗੇ। ਬੀਤੀ 4 ਜੂਨ ਦੀ ਸ਼ਾਮ ਨੂੰ ਪ੍ਰੇਮਚੰਦ ਨਾਂ ਦਾ ਇੱਕ ਟੈਕਸਟਾਈਲ ਸਨਅਤੀ ਮਜ਼ਦੂਰ ਪਾਵਰਲੂਮ ਮਸ਼ੀਨ 'ਤੇ ਕੰਮ ਕਰਦੇ ਹੋਏ ਕਰੰਟ ਲੱਗ ਕੇ ਮਰ ਗਿਆ। ਪ੍ਰੇਮਚੰਦ ਬਸ ਕੁਝ ਹੀ ਮਿੰਟਾਂ 'ਚ ਕੰਮ ਬੰਦ ਕਰਕੇ ਘਰ ਜਾਣ ਵਾਲਾ ਸੀ ਜਿੱਥੇ ਉਸ ਦੀ ਬੇਟੀ ਦਾ ਜਨਮਦਿਨ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਉਡੀਕ ਕਰ ਰਹੇ ਪਰਿਵਾਰ ਨੂੰ ਕੀ ਪਤਾ ਸੀ ਕਿ ਅੱਜ ਦਾ ਦਿਨ ਪ੍ਰੇਮਚੰਦ ਦੀ ਮੌਤ ਦਾ ਦਿਨ ਬਣਨ ਜਾ ਰਿਹਾ ਹੈ।

ਇਹ ਘਟਨਾ ਲੁਧਿਆਣੇ ਦੇ ਨਿਊ ਸ਼ਕਤੀ ਨਗਰ ਇਲਾਕੇ ਦੀ ਹੈ ਜਿੱਥੇ ਪ੍ਰੇਮਚੰਦ ਟੀ. ਐਸ ਟੈਕਸਟਾਈਲ ਵਿੱਚ ਪਿਛਲੇ ਲਗਭਗ 7-8 ਸਾਲਾਂ ਤੋਂ ਕੰਮ ਕਰ ਰਿਹਾ ਸੀ। ਪ੍ਰੇਮਚੰਦ ਦੀ ਮੌਤ ਨਾਲ਼ ਸਬੰਧਤ ਇੱਕ ਹੋਰ ਭਿਆਨਕ ਤੱਥ ਇਹ ਹੈ ਕਿ ਮਸ਼ੀਨ 'ਚ ਕਦੇ-ਕਦਾਈਂ ਕਰੰਟ ਆਉਣ ਦੀ ਸ਼ਿਕਾਇਤ ਪਹਿਲਾਂ ਹੀ ਮਾਲਕ ਨੂੰ ਕਰ ਦਿੱਤੀ ਗਈ ਸੀ, ਪਰ ਮਾਲਕ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਪ੍ਰੇਮਚੰਦ ਦੀ ਮੌਤ ਨਾਲ਼ ਵੀ ਕਾਰਖਾਨਾ ਮਾਲਕ ਨੂੰ ਆਪਣੀ ਗਲਤੀ ਦਾ ਅਹਿਸਾਸ ਨਹੀਂ ਹੋਇਆ।

ਇਸ ਘਟਨਾ ਨੇ ਇਸ ਇਲਾਕੇ ਦੇ ਮਜ਼ਦੂਰਾਂ 'ਚ ਰੋਹ 'ਚ ਉਬਾਲਾ ਪੈਦਾ ਕਰ ਦਿੱਤਾ। 5 ਜੂਨ ਦੀ ਸਵੇਰੇ ਨੂੰ ਨਿਊ ਸ਼ਕਤੀ ਨਗਰ ਦੇ ਸਾਰੇ ਪਾਵਰਲੂਮ ਕਾਰਖਾਨਿਆਂ ਦੇ ਸੈਂਕੜੇ ਮਜ਼ਦੂਰ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਕੰਮ ਬੰਦ ਕਰਕੇ

(**ਬਾਕੀ ਪੰਨਾ 4 'ਤੇ**)

ਕਰੂਪ ਯਥਾਰਥ ਨੂੰ ਫੜ੍ਹਨ ਵਾਲਾ ਫੋਟੋਗ੍ਰਾਫ਼ਰ - ਕੈਵਿਨ ਕਾਰਟਰ

— ਕੁਲਵਿੰਦਰ



ਦੁਨੀਆਂ ਵਿਚ ਕਈ ਅਜਿਹੇ ਕਲਾਕਾਰ ਹੋਏ ਹਨ, ਜੋ ਸੁਚੇਤ ਤੌਰ 'ਤੇ ਲੋਕ ਪੱਖੀ ਵਿਚਾਰਧਾਰਾ ਨਾਲ ਤਾਂ ਨਹੀਂ ਜੁੜੇ ਹੁੰਦੇ ਪਰ ਸਮਾਜ ਵਿਚ ਮੌਜੂਦ ਵਿਰੋਧਤਾਈਆਂ ਕਾਰਨ ਉਹ ਅਜਿਹਾ ਕੰਮ ਕਰ ਜਾਂਦੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

ਅਜਿਹੇ ਹੀ ਇੱਕ ਫੋਟੋਗ੍ਰਾਫ਼ਰ ਦਾ ਨਾਂ **ਕੈਵਿਨ ਕਾਰਟਰ** ਸੀ। ਸਹਾਰਾ ਦੇ ਅਕਾਲ ਦੀ ਸ਼ਿਕਾਰ ਇੱਕ ਬੱਚੀ ਦੇ ਫੋਟੋ ਨੇ ਉਸ ਨੂੰ ਪੂਰੀ ਦੁਨੀਆਂ ਵਿਚ ਪ੍ਰਸਿੱਧ ਕਰ ਦਿੱਤਾ।

ਕੈਵਿਨ ਕਾਰਟਰ ਦਾ ਜਨਮ 13 ਸਤੰਬਰ, 1960 ਨੂੰ ਦੱਖਣੀ ਅਫ਼ਰੀਕਾ ਦੇ ਸ਼ਹਿਰ ਜੋਹਨਸਬਰਗ ਵਿਚ ਹੋਇਆ ਸੀ। ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਫਾਰਮੇਸੀ ਕੋਰਸ ਵਿਚ ਦਾਖਲਾ ਲਿਆ ਪਰ ਉਸ ਨੂੰ ਅਧੂਰਾ ਛੱਡ ਕੇ ਦੱਖਣੀ ਅਫ਼ਰੀਕਾ ਸੁਰੱਖਿਆ ਫੌਜ ਵਿਚ ਭਰਤੀ ਹੋ ਗਿਆ ਪਰ ਉਸ ਦੀ ਕੋਮਲ ਸ਼ਖਸੀਅਤ ਨਾਲ ਇਸ ਦਾ ਕੋਈ ਮੇਲ ਨਹੀਂ ਸੀ। ਇਸ ਲਈ ਉਹ ਉੱਥੋਂ ਭਗੌੜਾ ਹੋ ਗਿਆ, ਤਦ ਉਸ ਦੀ ਉਮਰ ਵੀਹਾਂ ਸਾਲਾਂ ਦੀ ਸੀ।

ਇਸ ਦੌਰ ਵਿਚ ਦੱਖਣੀ ਅਫ਼ਰੀਕਾ ਵਿਚ ਨਸਲਵਾਦੀ ਸਰਕਾਰ ਕਾਬਜ਼ ਸੀ। ਰੰਗਭੇਦ ਦੀ ਪਿਛਾਖੜੀ ਵਿਚਾਰਧਾਰਾ ਕਾਰਨ ਉੱਥੇ ਗੋਰੇ ਲੋਕਾਂ ਦੀ ਕਾਲਿਆਂ ਦੇ ਮੁਕਾਬਲੇ ਸਮਾਜਕ ਅਤੇ ਆਰਥਿਕ ਸਥਿਤੀ ਬਿਹਤਰ ਸੀ। ਵੱਖ ਵੱਖ ਕਾਨੂੰਨ ਰੰਗਭੇਦ ਨੂੰ 'ਜਿਉਣ ਦੇ ਇੱਕ ਢੰਗ' ਦਾ ਦਰਜਾ ਦਿੰਦੇ ਸਨ। ਇਸ ਪਿਛਾਖੜੀ ਸੋਚ ਦੇ ਖਿਲਾਫ਼ ਦੱਖਣੀ ਅਫ਼ਰੀਕਾ ਦੇ ਲੋਕਾਂ ਦਾ ਸੰਘਰਸ਼ ਜਾਰੀ ਸੀ। ਇਸ ਲੋਕ ਵਿਰੋਧੀ ਸੋਚ ਸੰਬੰਧੀ ਪੂਰੀ ਦੁਨੀਆਂ ਦੇ ਲੋਕਾਂ ਨੂੰ ਲਾਮਬੰਦ ਕਰਨ ਵਿਚ ਉਸ ਦੌਰ ਵਿਚ ਮੀਡੀਆ ਵਿਚ ਛਪੀਆਂ ਤਸਵੀਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ।

1980ਵਿਆਂ ਤੱਕ ਇਸ ਸੰਘਰਸ਼ ਨੇ ਤਿੱਖਾ ਰੂਪ ਅਖਤਿਆਰ ਕਰ ਲਿਆ ਸੀ। ਬੋਥਾ ਦੀ ਅਗਵਾਈ ਵਾਲੀ ਸਰਕਾਰ ਦੇ ਹੁਕਮਾਂ ਹੇਠ ਫੌਜ ਤੇ ਪੁਲਿਸ ਵਲੋਂ ਗਸ਼ਤ ਦੌਰਾਨ ਆਮ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣਾ ਆਮ ਗੱਲ ਸੀ। 1984 ਵਿਚ ਦੱਖਣੀ ਅਫ਼ਰੀਕਾ ਵਿਚ ਕਾਲੇ ਲੋਕਾਂ ਦੀਆਂ ਬਸਤੀਆਂ ਵਿਚ ਦੰਗੇ ਭੜਕ ਪਏ। ਪਹਿਲੀ ਵਾਰ, ਗੋਰੇ ਫੋਟੋਗ੍ਰਾਫ਼ਰਾਂ ਨੇ ਰੰਗਭੇਦ ਦੇ ਜਬਰ ਦਾ ਪਰਦਾਫਾਸ਼ ਕਰਨਾ ਸ਼ੁਰੂ ਕੀਤਾ। ਕਾਰਟਰ ਉਨ੍ਹਾਂ ਵਿਚ ਸ਼ਾਮਲ ਹੋਣ ਲਈ ਜੋਹਨਸਬਰਗ ਚਲਿਆ ਗਿਆ। ਕਾਰਟਰ ਦੀ ਪਹਿਲੀ ਪ੍ਰਸਿੱਧ ਤਸਵੀਰ ਵਿਚ ਭੀੜ ਦੁਆਰਾ ਇੱਕ ਵਿਅਕਤੀ ਨੂੰ ਸਾੜਨ ਦੀ ਸੀ।

ਕਾਰਟਰ ਨੇ ਆਪਣੇ ਸਹਿਕਰਮੀ **ਕੇਨ ਊਸਟਰਬਰੋਕ** ਨਾਲ ਯਾਰੀ ਗੰਢ ਲਈ ਅਤੇ ਕੁਝ ਚਿਰ ਬਾਅਦ **ਜੋਆਊ ਸਿਲਵਾ** ਤੇ **ਗਰੇਗ ਮਾਰੀਨੋਵਿਚ** ਨਾਮੀ ਦੋ ਫਰੀਲਾਂਸਰ ਫੋਟੋਗ੍ਰਾਫਰਾਂ ਨਾਲ ਮਿਲ ਕੇ ਦੱਖਣੀ ਅਫ਼ਰੀਕਾ ਦੀ ਇਸ ਘਰੇਲੂ ਜੰਗ ਨੂੰ ਪੇਸ਼ ਕਰਨ ਲਈ ਇੱਕ ਆਰਜ਼ੀ ਗਰੁੱਪ ਬਣਾਇਆ ਜੋ ਅੱਗੇ ਚਲ ਕੇ 'ਬਿੰਗ ਬੈਂਗ ਗਰੁੱਪ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਗਰੁੱਪ ਦਾ ਮੰਨਣਾ ਸੀ ਕਿ ਯਥਾਰਥ ਦੀ ਜਿਵੇਂ ਹੋਂਦ ਹੈ, ਉਸ ਨੂੰ ਉਸੇ ਤਰ੍ਹਾਂ ਹੀ ਲੋਕਾਂ ਅੱਗੇ ਪੇਸ਼ ਕੀਤਾ ਜਾਵੇ, ਭਾਵੇਂ ਉਹ ਕਿੰਨਾ ਵੀ ਕਰੂਪ ਕਿਉਂ ਨਾ ਹੋਵੇ। ਨਤੀਜੇ ਵਜੋਂ ਇਸ ਗਰੁੱਪ ਦੇ ਫੋਟੋਗ੍ਰਾਫ਼ਰ ਅਕਸਰ ਅਜਿਹੀਆਂ ਥਾਵਾਂ 'ਤੇ ਮੌਜੂਦ ਰਹਿੰਦੇ ਸਨ, ਜਿੱਥੇ ਝੜਪ ਦੀ ਸੰਭਾਵਨਾ ਜ਼ਿਆਦਾ ਹੋਵੇ। ਇਹ ਬਹੁਤ ਹੀ ਜੋਖ਼ਮ ਭਰਿਆ ਕੰਮ ਸੀ ਅਤੇ ਇਸ ਕੰਮ ਲਈ ਉਨ੍ਹਾਂ ਨੇ ਆਪਣੇ ਆਪ ਲਈ ਹਰ ਖਤਰੇ ਨੂੰ ਸਹੇੜਿਆ, ਅਨੇਕਾ ਵਾਰ ਗ੍ਰਿਫ਼ਤਾਰ ਕੀਤੇ ਗਏ, ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ। ਉਹ ਆਪਣੀ ਸੋਚ ਦੇ ਹਾਣ ਦੇ ਬਣਨਾ ਚਾਹੁੰਦੇ ਸਨ।

1990ਵਿਆਂ ਤੱਕ ਆਉਂਦਿਆਂ ਹਾਲਤ ਹੋਰ ਵੀ ਵਿਗੜ ਗਏ ਅਤੇ ਵਿਆਹ ਅਤੇ ਮਰਗ ਦੇ ਮੌਕੇ ਹਿੰਸਾ ਆਮ ਗੱਲ ਹੋ ਗਈ। ਇਸ ਦੌਰ ਵਿਚ ਬਿੰਗ ਬੈਂਗ ਗਰੁੱਪ ਦੇ ਮੈਂਬਰਾਂ ਨੇ ਅਜਿਹੀਆਂ ਕਈ ਫੋਟੋਆਂ ਪੇਸ਼ ਕੀਤੀਆਂ ਜੋ ਸੀ ਤਾਂ ਭਾਵੇਂ ਕਰੂਪ ਪਰ ਲੋਕਾਂ ਦੀ ਸੰਵੇਦਨਾ ਨੂੰ ਝਿੰਜੋੜਦੀਆਂ ਸਨ। ਇਨ੍ਹਾਂ ਹਾਲਤਾਂ ਦਾ ਅਸਰ ਉਨ੍ਹਾਂ ਦੇ ਜੀਵਨ 'ਤੇ ਪੈਣਾ ਲਾਜ਼ਮੀ ਸੀ। ਨਤੀਜੇ ਵਜੋਂ ਇਹ ਚਾਰੋਂ ਤਣਾਅ ਵਿਚ ਰਹਿਣ ਲੱਗੇ। ਉਨ੍ਹਾਂ ਨੇ ਕੁਝ ਦੇਰ ਅਰਾਮ ਕਰਨ ਦੀ ਸੋਚੀ। ਕਾਰਟਰ ਕੁਝ ਦੇਰ ਲਈ ਸੁਡਾਨ, ਜੋ ਉਸ ਵੇਲੇ ਘਰੇਲੂ ਜੰਗ ਅਤੇ ਅਕਾਲ ਨਾਲ ਗ੍ਰਸਤ ਸੀ, ਚਲੇ ਗਏ ਅਤੇ ਇੱਕ ਸਹਾਇਤਾ ਕੈਂਪ ਵਿਚ ਸ਼ਾਮਲ ਹੋ ਗਏ।

ਏਥੇ ਹੀ ਉਨ੍ਹਾਂ ਨੇ ਆਪਣੀ ਸ਼ਾਹਕਾਰ ਫੋਟੋ ਖਿੱਚੀ। ਫੋਟੋ ਵਿਚ ਇੱਕ ਗਿਰਝ ਭੁੱਖ ਨਾਲ ਮਰ ਰਹੀ ਲੜਕੀ ਦੀ ਮੌਤ ਦਾ ਇੰਤਜ਼ਾਰ ਕਰ ਰਹੀ ਹੈ (ਦੇਖੋ ਲਲਕਾਰ ਦਾ ਮੁੱਖ ਪੰਨਾ)। 23 ਮਾਰਚ, 1993 ਨੂੰ ਇਹ ਫੋਟੋ ਦੇ ਨਿਊਯਾਰਕ ਟਾਇਮਜ਼, ਦੀ ਮੇਲ ਅਤੇ ਗਾਰਡੀਅਨ ਵਿਚ ਛਪਣ ਨਾਲ ਪੂਰੀ ਦੁਨੀਆਂ ਦਾ ਧਿਆਨ ਇਸ ਅਕਾਲ ਵਲ ਖਿੱਚਿਆ ਗਿਆ ਤੇ ਰਾਤੋ ਰਾਤ ਕਾਰਟਰ ਇੱਕ ਚਰਚਿਤ ਨਾਂ ਬਣ ਗਿਆ। ਇਸੇ ਫੋਟੋ ਲਈ ਉਸ ਨੂੰ 1994 ਦਾ ਕੋਲੰਬੀਆ ਯੂਨੀਵਰਸਿਟੀ ਵੱਲੋਂ ਪੱਤਰਕਾਰੀ, ਸਾਹਿਤ ਅਤੇ ਸੰਗੀਤ ਲਈ ਦਿੱਤਾ ਜਾਂਦਾ ਪੁਲਿਟੀਜ਼ਰ ਇਨਾਮ ਮਿਲਿਆ। ਇਸ ਫੋਟੋ ਤੋਂ ਬਾਅਦ ਕਾਰਟਰ ਨੇ ਭਾਵੇਂ ਕਈ ਹੋਰ ਫੋਟੋ ਵੀ ਖਿੱਚੇ। ਪਰ ਨਾ ਤਾਂ ਕਾਰਟਰ ਇਸ ਤੋਂ ਵਧੀਆ ਕੋਈ ਫੋਟੋ ਖਿੱਚ ਸਕਿਆ ਅਤੇ ਨਾ ਹੀ ਇਸ ਫੋਟੋ ਦੇ ਯਥਾਰਥ ਨੇ ਕਦੇ ਉਸ ਦਾ ਪਿੱਛਾ ਛੱਡਿਆ। ਤੇ ਅੰਤ ਵਿਚ 27 ਜੁਲਾਈ, 1994 ਨੂੰ 33 ਸਾਲਾਂ ਦੀ ਉਮਰ ਵਿਚ ਉਸ ਨੇ ਆਪਣੀ ਜੀਵਨ ਲੀਲ੍ਹਾ ਨੂੰ ਸਮਾਪਤ ਕਰ ਲਿਆ। ਕਾਰਟਰ ਆਪਣੀ ਏਸ ਫੋਟੋ ਦੇ ਕਾਰਨ ਅੱਜ ਵੀ ਸੰਘਰਸ਼ ਕਰ ਰਹੇ ਲੋਕਾਂ ਦੇ ਮਨਾਂ ਵਿਚ ਵਸਦਾ ਹੈ ਅਤੇ ਦੁਨੀਆਂ ਨੂੰ ਬਦਲਣ ਦੀ ਪ੍ਰੇਰਣਾ ਦਿੰਦਾ ਹੈ।

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

ਜਨਚੇਤਨਾ

• ਇੱਕ ਸੱਭਿਆਚਾਰਕ ਮੁਹਿੰਮ • ਇੱਕ ਵਿਚਾਰਕ ਪ੍ਰੋਜੈਕਟ • ਬਦਲਵੇਂ ਮੀਡੀਆ ਦਾ ਇੱਕ ਮਾਡਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ) 10 ਰੁ
2. ਰਿਹਾਇਸ਼ੀ ਘਰਾਂ ਦਾ ਸਵਾਲ (ਫਰੇਡਰਿਕ ਏਂਗਲਜ਼) 35 ਰੁ
3. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
4. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰ
5. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
6. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
7. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
8. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) 30 ਰੁ
9. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
10. ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ) 35 ਰੁ
11. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
12. ਖੇਤੀ ਵਿੱਚ ਪੂੰਜੀਵਾਦ 15 ਰੁ
13. ਰਾਜ (ਲੈਨਿਨ) 10 ਰੁ
14. ਆਰਥਕ ਰੋਮਾਂਚਵਾਦ ਦਾ ਚਰਿਤਰ ਚਿਤਰਨ 50 ਰੁ
15. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ

ਮਾਰਕਸਵਾਦ ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁ
5. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75 ਰੁ

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੰਟਰ) 20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਾਕੰਮਾ) 15 ਰੁ
8. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦ੍ਰਿਪਾਯਨ ਬੋਸ) 10 ਰੁ
9. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ 20 ਰੁ
10. ਕਿਉਂ ਮਾਓਵਾਦ 10 ਰੁ
11. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20 ਰੁ
12. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁ
13. ਉਦਾਰਵਾਦੀ ਨੀਤੀਆਂ ਦੇ 18 ਸਾਲ 03 ਰੁ
14. ਚੋਰ ਭ੍ਰਸ਼ਟ ਅਯਾਸ਼ ਨੇਤਾਸ਼ਾਹੀ 03 ਰੁ
15. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60 ਰੁ
16. ਫਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ? 15 ਰੁ
17. ਆਈਨਸਟੀਨ ਦੇ ਸਮਾਜਿਕ ਸਰੋਕਾਰ 10 ਰੁ

ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10 ਰੁ
3. ਭਗਤ ਸਿੰਘ ਨੇ ਕਿਹਾ... 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁ
6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10 ਰੁ
7. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਾਹੌਰ) 10 ਰੁ
8. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10 ਰੁ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ 05 ਰੁ

ਨੌਜਵਾਨਾਂ ਲਈ ਵਿਸ਼ੇਸ਼

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10 ਰੁ

FOR DELIVERY OF BOOKS PLEASE CONTACT
H.O.- D-68, NIRALA NAGAR, LUCKNOW-226020
TEL. PH. - 0522-2786782
E-MAIL: janchetna@rediffmail.com

ਕਿਤਾਬਾਂ ਮੰਗਵਾਉਣ ਲਈ ਪਤਾ
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲ੍ਹਾ — ਲੁਧਿਆਣਾ। ਫੋਨ : 98155-87807